@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 9 April 2026

Punjabi National Daily
Qaumi Patrika NO.1

VISIT: www.qaumipatrika.org
Email: qpatrika@gmail.com


ਨਵੀਂ ਦਿੱਲੀ: ਵੀਰਵਾਰ 9 ਅਪ੍ਰੈਲ 2026, 24 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 154, qpatrika@gmail.com ਫੋਨ : 9971359517 www.qaumipatrika.org

## ਬੰਗਾਲ ਵੱਲ ਅੱਖ ਚੁੱਕੀ ਤਾਂ ਪਾਕਿ ਕਿੰਨੇ ਹਿੱਸਿਆਂ 'ਚ ਵੰਡਿਆ ਜਾਵੇਗਾ, ਰੱਬ ਹੀ ਜਾਣੇ : ਰਾਜਨਾਥ ਸਿੰਘ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਕੋਲਕਾਤਾ 8 ਅਪ੍ਰੈਲ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਵੱਲੋਂ ਕੋਲਕਾਤਾ 'ਤੇ ਹਮਲੇ ਦੀ ਧਮਕੀ ਸਬੰਧੀ ਹਾਲੀਆ ਟਿੱਪਣੀਆਂ 'ਤੇ ਮੰਗਲਵਾਰ ਨੂੰ ਕਰਾਰਾ ਜਵਾਬ ਦਿੰਦੇ ਹੋਏ ਕਿਹਾ ਕਿ ਜੇਕਰ ਪੱਛਮੀ ਬੰਗਾਲ ਵੱਲ ਅੱਖ ਵੀ ਚੁੱਕੀ ਤਾਂ ਪਾਕਿਸਤਾਨ ਕਿੰਨੇ ਹਿੱਸਿਆਂ 'ਚ ਵੰਡਿਆ ਜਾਵੇਗਾ, ਇਹ ਤਾਂ ਸਿਰਫ਼ ਰੱਬ ਹੀ ਜਾਣਦਾ ਹੈ। ਪਾਕਿਸਤਾਨ ਨੂੰ ਸਖਤ ਚਿਤਾਵਨੀ ਦਿੰਦੇ ਹੋਏ ਰਾਜਨਾਥ ਨੇ ਕਿਹਾ ਕਿ ਉਸ ਨੂੰ ਇਤਿਹਾਸ ਤੋਂ ਸਬਕ ਲੈਣਾ ਚਾਹੀਦਾ ਹੈ ਅਤੇ ਭਾਰਤ ਦੀ ਪ੍ਰਭੂਸੱਤਾ ਨੂੰ ਚੁਣੌਤੀ ਦੇਣ ਦੀ ਭੁੱਲ ਨਹੀਂ ਕਰਨੀ ਚਾਹੀਦੀ। ਕੋਲਕਾਤਾ ਨਾਲ ਲੱਗਦੇ ਉੱਤਰ 24 ਪਰਗਨਾ ਜ਼ਿਲੇ ਦੇ ਬੈਰਕਪੁਰ 'ਚ ਭਾਜਪਾ ਉਮੀਦਵਾਰਾਂ ਦੇ ਨਾਮਜ਼ਦਗੀ ਤੋਂ ਬਾਅਦ ਇਕ ਰੋਡ ਸ਼ੋਅ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ 'ਚ ਰਾਜਨਾਥ ਸਿੰਘ ਨੇ ਕਿਹਾ ਕਿ ਪਾਕਿਸਤਾਨ ਦੇ ਰੱਖਿਆ ਮੰਤਰੀ ਨੂੰ ਅਜਿਹਾ ਭੜਕਾਊ ਬਿਆਨ ਨਹੀਂ ਦੇਣਾ ਚਾਹੀਦਾ ਸੀ। ਰਾਜਨਾਥ ਨੇ ਕਿਹਾ, "ਖਵਾਜਾ ਆਸਿਫ ਦੇ ਬਿਆਨ 'ਤੇ ਮੈਂ ਇੰਨਾ ਹੀ ਕਹਾਂਗਾ ਕਿ ਉਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ 55 ਸਾਲ ਪਹਿਲਾਂ 1971 'ਚ ਪਾਕਿਸਤਾਨ ਨੇ ਇਕ ਵਾਰ ਬੰਗਾਲ ਵੱਲ ਅੱਖ ਚੁੱਕਣ ਦੀ ਕੋਸ਼ਿਸ਼ ਕੀਤੀ ਸੀ ਤਾਂ ਉਸ ਦੇ ਦੋ ਟੋਟੇ ਹੋ ਗਏ- ਇਕ ਪਾਕਿਸਤਾਨ ਅਤੇ ਦੂਜਾ ਬੰਗਲਾਦੇਸ਼ ਬਣ ਗਿਆ। ਇਸ ਵਾਰ ਜੇਕਰ ਅਜਿਹੀ ਹਿਮਾਕਤ ਕੀਤੀ ਤਾਂ ਉਸ ਦਾ ਕੀ ਨਤੀਜਾ ਹੋਵੇਗਾ, ਇਹ ਭਵਿੱਖ 'ਚ ਪਤਾ ਲੱਗ ਜਾਵੇਗਾ।"ਰਾਜਨਾਥ ਦਾ ਇਹ ਬਿਆਨ ਪਾਕਿ ਰੱਖਿਆ ਮੰਤਰੀ ਦੀ ਗਿੱਦੜ-ਭਬਕੀ ਤੋਂ ਕੁਝ ਦਿਨਾਂ ਬਾਅਦ ਆਇਆ ਹੈ। ਪਾਕਿ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਸ਼ਨੀਵਾਰ ਨੂੰ ਭਾਰਤ ਨੂੰ ਚਿਤਾਵਨੀ ਦਿੱਤੀ ਸੀ ਕਿ ਭਵਿੱਖ 'ਚ ਕਿਸੇ ਵੀ ਪ੍ਰਕਾਰ ਦੀ ਹਿਮਾਕਤ ਦੀ ਕੋਸ਼ਿਸ਼ ਦਾ ਜਵਾਬ ਕੋਲਕਾਤਾ ਤੱਕ ਹਮਲੇ ਨਾਲ ਦਿੱਤਾ ਜਾਵੇਗਾ।



## 'ਮਾਨਸਿਕ ਤੌਰ 'ਤੇ ਬੀਮਾਰ ਹੈ ਮੁਲਜ਼ਮ', ਦਿੱਲੀ ਵਿਧਾਨ ਸਭਾ ਸੁਰੱਖਿਆ ਸੰਨ੍ਹ ਮਾਮਲੇ ਦੀ ਜਾਂਚ 'ਚ ਵੱਡਾ ਖੁਲਾਸਾ

ਨਵੀਂ ਦਿੱਲੀ 8 ਅਪ੍ਰੈਲ। ਦਿੱਲੀ ਵਿਧਾਨ ਸਭਾ ਸੁਰੱਖਿਆ ਉਲੰਘਣਾ ਦੇ ਮਾਮਲੇ ਦੀ ਜਾਂਚ ਦੌਰਾਨ ਨਵੇਂ ਵੇਰਵੇ ਸਾਹਮਣੇ ਆਏ ਹਨ। ਦਿੱਲੀ ਪੁਲਸ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਦੋਸ਼ੀ ਸਰਬਜੀਤ ਸਿੰਘ ਮਾਨਸਿਕ ਤੌਰ 'ਤੇ ਅਸਥਿਰ ਹੈ ਅਤੇ ਦਸੰਬਰ 2025 ਤੋਂ ਉਸ ਦਾ ਇਲਾਜ ਜਾਰੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਸਰਬਜੀਤ ਨੇ ਫੁੱਲਾਂ ਦਾ ਗੁਲਦਸਤਾ ਲੈ ਕੇ ਬੰਗਲਾ ਸਾਹਿਬ ਗੁਰਦੁਆਰਾ ਵਿਖੇ ਜਾਣ ਦੀ ਯੋਜਨਾ ਬਣਾਈ ਸੀ। ਹਾਲਾਂਕਿ ਉਹ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ ਦੀ ਥਾਂ ਦਿਲੀ ਵਿਧਾਨ ਸਭਾ ਕੰਪਲੈਕਸ ਵਿਖੇ ਪਹੁੰਚ ਗਿਆ। ਪੀਲੀਭੀਤ ਦੇ ਰਹਿਣ ਵਾਲੇ ਸਿੰਘ ਨੂੰ ਸੋਮਵਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਦੇ 2 ਹੋਰ ਸਾਥੀਆਂ ਨੂੰ ਵੀ ਹਿਰਾਸਤ ਵਿਚ ਲੈ ਕੇ ਲਿਆ ਹੈ, ਜਿਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਸਰਬਜੀਤ ਦਾ ਭਤੀਜਾ ਹਰਮਨ ਸਿੰਘ ਇਕ ਅਪ੍ਰੈਲ ਤੋਂ ਲਾਪਤਾ ਹੈ ਅਤੇ ਹਰੀ ਨਗਰ ਪੁਲਸ ਸਟੇਸ਼ਨ ਵਿਚ ਉਸ ਦੇ ਗੁਮਸ਼ੁਦਗੀ ਦੀ ਇਕ ਰਿਪੋਰਟ ਵੀ ਦਰਜ ਕਰਵਾਈ ਗਈ ਹੈ। ਇਸ ਘਟਨਾਕ੍ਰਮ ਤੋਂ ਉਹ ਬਹੁਤ ਪਰੇਸ਼ਾਨ ਹੈ। ਆਪਣੇ ਭਤੀਜੇ ਨੂੰ ਲੱਭਣ ਦੀ ਕੋਸ਼ਿਸ਼ ਵਿੱਚ ਸਰਬਜੀਤ ਪੰਜਾਬ ਦੇ ਨੰਗਲ ਤੱਕ ਗਿਆ ਪਰ ਉਸਨੂੰ ਉਹ ਉਥੇ ਵੀ ਨਹੀਂ ਮਿਲਿਆ। ਇਸ ਤੋਂ ਬਾਅਦ ਮਿਲੀਆਂ ਖ਼ਬਰਾਂ ਮੁਤਾਬਕ ਉਸਦਾ ਆਪਣੇ ਪਰਿਵਾਰ ਨਾਲ ਝਗੜਾ ਹੋਇਆ ਅਤੇ ਬਾਅਦ ਵਿੱਚ ਦਿੱਲੀ ਆ ਗਿਆ। ਸੂਤਰਾਂ ਨੇ ਅੱਗੇ ਦੱਸਿਆ ਕਿ ਹਰਮਨ ਦੇ ਲਾਪਤਾ ਹੋਣ ਦੇ ਤਣਾਅ ਕਾਰਨ ਉਸਦੀ ਹਾਲਤ ਵਿਗੜਨ ਦੇ ਡਰੋਂ ਪਰਿਵਾਰ ਨੇ ਉਸਨੂੰ ਝੂਠੀ ਜਾਣਕਾਰੀ ਦਿੱਤੀ ਕਿ ਮੁੰਡਾ ਮਿਲ ਗਿਆ ਹੈ। ਇੱਕ ਸੂਤਰ ਨੇ ਕਿਹਾ, ਇਸ ਤੋਂ ਬਾਅਦ, ਸਰਬਜੀਤ ਨੇ ਫੁੱਲਾਂ ਦਾ ਗੁਲਦਸਤਾ ਲੈ ਕੇ ਬੰਗਲਾ ਸਾਹਿਬ ਗੁਰਦੁਆਰੇ ਜਾਣ ਦੀ ਯੋਜਨਾ ਬਣਾਈ। ਹਾਲਾਂਕਿ, ਗੁਰਦੁਆਰੇ ਜਾਣ ਦੀ ਬਜਾਏ, ਉਹ ਦਿੱਲੀ ਵਿਧਾਨ ਸਭਾ ਕੰਪਲੈਕਸ ਪਹੁੰਚ ਗਿਆ। ਪੁਲਸ ਉੱਚ ਸੁਰੱਖਿਆ ਵਿਚ ਹੋਈ ਉਲੰਘਣਾ ਦੀ ਜਾਂਚ ਕਰ ਰਹੀ ਹੈ।

## ਐੱਲਜੀ ਸੰਧੂ ਤੇ ਸੀਐੱਮ ਰੇਖਾ ਗੁਪਤਾ ਨੇ ਵਾਸੁਦੇਵ ਘਾਟ ਦਾ ਕੀਤਾ ਦੌਰਾ

ਨਵੀਂ ਦਿੱਲੀ 8 ਅਪ੍ਰੈਲ। ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਅਤੇ ਮੁੱਖ ਮੰਤਰੀ ਰੇਖਾ ਗੁਪਤਾ ਨੇ ਬੁੱਧਵਾਰ ਨੂੰ ਯਮੁਨਾ ਤਟ 'ਤੇ ਸਥਿਤ ਵਾਸੁਦੇਵ ਘਾਟ ਦਾ ਦੌਰਾ ਕੀਤਾ। ਇਸ ਦੌਰੇ ਦਾ ਮੁੱਖ ਉਦੇਸ਼ ਆਉਣ ਵਾਲੇ ਗਰਮੀ ਦੇ ਸੀਜ਼ਨ ਅਤੇ ਮਾਨਸੂਨ ਲਈ ਸਰਕਾਰ ਵੱਲੋਂ ਕੀਤੀਆਂ ਗਈਆਂ ਤਿਆਰੀਆਂ ਦੀ ਸਮੀਖਿਆ ਕਰਨਾ ਸੀ। ਇਸ ਮੌਕੇ ਉਪ ਰਾਜਪਾਲ ਸੰਧੂ ਨੇ ਦੱਸਿਆ ਕਿ ਉਨ੍ਹਾਂ ਨੇ ਮੁੱਖ ਮੰਤਰੀ ਨਾਲ ਇਸ ਮੁੱਦੇ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਹੈ ਅਤੇ ਫੈਸਲਾ ਲਿਆ ਗਿਆ ਹੈ ਕਿ ਇਸ ਵਿੱਚ ਸਮੁੱਚੀ ਕੈਬਨਿਟ ਅਤੇ ਪੂਰਾ ਪ੍ਰਸ਼ਾਸਨ ਸਰਗਰਮ ਰੂਪ ਵਿੱਚ ਸ਼ਾਮਲ ਹੋਵੇਗਾ। ਉਨ੍ਹਾਂ ਕਿਹਾ ਕਿ ਦਿੱਲੀ ਵਾਸੀਆਂ ਨੂੰ ਦਰਪੇਸ਼ ਚੁਣੌਤੀਆਂ ਤੋਂ ਸਭ ਜਾਣੂ ਹਨ। ਗਰਮੀ ਦਾ ਮੌਸਮ: ਉਪ ਰਾਜਪਾਲ ਅਨੁਸਾਰ ਗਰਮੀਆਂ ਦੌਰਾਨ ਪਾਣੀ ਨਾਲ ਜੁੜੀਆਂ ਵੱਡੀਆਂ ਚੁਣੌਤੀਆਂ ਸਾਹਮਣੇ ਆਉਣ ਦੀ ਸੰਭਾਵਨਾ ਹੈ। ਮਾਨਸੂਨ: ਮਾਨਸੂਨ ਦੇ ਆਉਣ ਨਾਲ ਸ਼ਹਿਰ ਵਿੱਚ ਸਵੱਛਤਾ ਅਤੇ ਸਫਾਈ ਵਰਗੀਆਂ ਗੰਭੀਰ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਸੰਧੂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਦੌਰਾ ਪ੍ਰਸ਼ਾਸਨ ਦੇ ਇੱਕ ਸਮੁੱਚੇ ਅਤੇ ਵਿਆਪਕ ਦ੍ਰਿਸ਼ਟੀਕੋਣ ਦੀ ਇੱਕ ਮਿਸਾਲ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪੂਰਾ ਪ੍ਰਸ਼ਾਸਨਿਕ ਢਾਂਚਾ ਮਿਲ ਕੇ ਇਨ੍ਹਾਂ ਚੁਣੌਤੀਆਂ ਦਾ ਹੱਲ ਕੱਢਣ ਲਈ ਵਚਨਬੱਧ ਹੈ।

## ਜੰਮੂ-ਸ਼ਰੀਨਗਰ ਨੈਸ਼ਨਲ ਹਾਈਵੇਅ ਮੁੜ ਹੋਇਆ ਬੰਦ; ਜ਼ਮੀਨ ਖਿਸਕਣ ਕਾਰਨ ਸੈਂਕੜੇ ਵਾਹਨ ਫਸੇ

ਰਾਮਬਨ 8 ਅਪ੍ਰੈਲ। ਜੰਮੂ-ਕਸ਼ਮੀਰ ਦੇ ਰਾਮਬਨ ਜ਼ਿਲ੍ਹੇ 'ਚ ਕਈ ਥਾਵਾਂ 'ਤੇ ਜ਼ਮੀਨ ਖਿਸਕਣ (ਲੈਂਡਸਲਾਈਡ) ਕਾਰਨ ਜੰਮੂ-ਸ਼?ਰੀਨਗਰ ਰਾਸ਼ਟਰੀ ਰਾਜਮਾਰਗ ਇਕ ਵਾਰ ਫਿਰ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਸੋਮਵਾਰ ਨੂੰ ਹੋਈ ਰੁਕਾਵਟ ਤੋਂ ਬਾਅਦ ਮੰਗਲਵਾਰ ਸਵੇਰੇ ਹੀ ਹਾਈਵੇਅ ਨੂੰ ਖੋਲ੍ਹਿਆ ਗਿਆ ਸੀ, ਪਰ ਕੁਝ ਘੰਟਿਆਂ ਬਾਅਦ ਹੀ ਮੁੜ ਪਏ ਲੈਂਡਸਲਾਈਡ ਕਾਰਨ ਰਸਤਾ ਪੂਰੀ ਤਰ੍ਹਾਂ ਬੰਦ ਹੋ ਗਿਆ। ਅਧਿਕਾਰੀਆਂ ਮੁਤਾਬਕ, 270 ਕਿਲੋਮੀਟਰ ਲੰਬੇ ਇਸ ਅਹਿਮ ਰਾਜਮਾਰਗ 'ਤੇ ਵੱਖ-ਵੱਖ ਥਾਵਾਂ 'ਤੇ 200 ਦੇ ਕਰੀਬ ਵਾਹਨ ਫਸੇ ਹੋਏ ਹਨ। ਟ?ਰੈਫਿਕ ਪੁਲਸ ਦੇ ਬੁਲਾਰੇ ਨੇ ਜਾਣਕਾਰੀ ਦਿੱਤੀ ਕਿ ਡਿਗਡੋਲ ਅਤੇ ਖੂਨੀ ਨਾਲਾ ਦੇ ਵਿਚਕਾਰ ਭਾਰੀ ਜ਼ਮੀਨ ਖਿਸਕਣ ਕਾਰਨ ਸੜਕ ਪੂਰੀ ਤਰ੍ਹਾਂ ਬਲਾਕ ਹੋ ਗਈ ਹੈ, ਜਿਸ ਕਾਰਨ ਜੰਮੂ ਤੋਂ ਸ਼?ਰੀਨਗਰ ਅਤੇ ਸ਼?ਰੀਨਗਰ ਤੋਂ ਜੰਮੂ, ਦੋਵਾਂ ਪਾਸਿਆਂ ਦੀ ਆਵਾਜਾਈ ਰੋਕ ਦਿੱਤੀ ਗਈ ਹੈ। ਰਾਮਬਨ-ਬਨਿਹਾਲ ਸੈਕਟਰ 'ਚ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਮਲਬਾ ਹਟਾਉਣ ਅਤੇ ਸੜਕ ਨੂੰ ਮੁੜ ਖੋਲ੍ਹਣ ਦੇ ਕੰਮ 'ਚ ਕਾਫੀ ਮੁਸ਼ਕਲਾਂ ਆ ਰਹੀਆਂ ਹਨ। ਪ੍ਰਸ਼ਾਸਨ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਜਦੋਂ ਤੱਕ ਸੜਕ ਪੂਰੀ ਤਰ੍ਹਾਂ ਸਾਫ਼ ਨਹੀਂ ਹੋ ਜਾਂਦੀ, ਉਦੋਂ ਤੱਕ ਹਾਈਵੇਅ 'ਤੇ ਸਫਰ ਕਰਨ ਤੋਂ ਗੁਰੇਜ਼ ਕਰਨ। ਅਧਿਕਾਰੀਆਂ ਨੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਅਫਵਾਹ 'ਤੇ ਵਿਸ਼ਵਾਸ ਨਾ ਕਰਨ। ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਟ?ਰੈਫਿਕ ਪੁਲਸ ਦੇ ਟਵਿੱਟਰ ਹੈਂਡਲ, ਫੇਸਬੁੱਕ ਪੇਜ ਜਾਂ ਟ?ਰੈਫਿਕ ਕੰਟਰੋਲ ਯੂਨਿਟਾਂ ਤੋਂ ਸੜਕ ਦੀ ਤਾਜ਼ਾ ਸਥਿਤੀ ਬਾਰੇ ਜਾਣਕਾਰੀ ਜ਼ਰੂਰ ਲੈ ਲੈਣ।

## ਭਵਾਨੀਪੁਰ ਵਿਧਾਨ ਸਭਾ ਸੀਟ ਤੋਂ ਚੋਣ ਲਈ ਮਮਤਾ ਬੈਨਰਜੀ ਨੇ ਦਾਖਲ ਕੀਤਾ ਨਾਮਜ਼ਦਗੀ ਪੱਤਰ

ਕੋਲਕਾਤਾ 8 ਅਪ੍ਰੈਲ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਭਵਾਨੀਪੁਰ ਵਿਧਾਨ ਸਭਾ ਸੀਟ ਲਈ ਆਪਣਾ ਨਾਮਜ਼ਦਗੀ ਪੱਤਰ ਦਾਖਲ ਕਰਵਾ ਦਿੱਤਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸਮਰਥਕਾਂ ਦੀ ਇੱਕ ਵੱਡੀ ਭੀੜ ਇਕੱਠੀ ਹੋਈ ਦਿਖਾਈ ਸੀ, ਜਿਨ੍ਹਾਂ ਨੇ ਉਨ੍ਹਾਂ ਦੇ ਸਮਰਥਨ ਵਿੱਚ ਨਾਅਰੇ ਲਗਾਏ। ਇਸ ਦੌਰਾਨ ਆਪਣੀ ਟ?ਰੇਡਮਾਰਕ ਮੁਸਕਰਾਹਟ ਅਤੇ ਹੱਥ ਜੋੜ ਕੇ ਬੈਨਰਜੀ ਨੇ ਸੜਕ ਦੇ ਦੋਵੇਂ ਪਾਸੇ ਲਾਈਨਾਂ ਵਿੱਚ ਖੜ੍ਹੇ ਪਾਰਟੀ ਵਰਕਰਾਂ ਅਤੇ ਸਮਰਥਕਾਂ ਦਾ ਸਵਾਗਤ ਕੀਤਾ। ਮਮਤਾ ਬੈਨਰਜੀ ਨੇ ਅਲੀਪੁਰ ਸਰਵੇਖਣ ਭਵਨ ਵਿਖੇ ਆਪਣਾ ਨਾਮਜ਼ਦਗੀ ਪੱਤਰ ਦਾਖਲ ਕਰਵਾਇਆ। ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਪਹਿਲਾਂ ਕੱਢੇ ਗਏ ਰੋਡ ਸ਼ੋਅ ਦੌਰਾਨ ਤ੍ਰਿਣਮੂਲ ਕਾਂਗਰਸ ਦੇ ਵਰਕਰਾਂ ਨੇ ਮਮਤਾ ਬੈਨਰਜੀ ਜ਼ਿੰਦਾਬਾਦ ਅਤੇ ਤ੍ਰਿਣਮੂਲ ਜ਼ਿੰਦਾਬਾਦ ਦੇ ਨਾਅਰੇ ਲਗਾਏ। ਦੱਸ ਦੇਈਏ ਕਿ ਭਵਾਨੀਪੁਰ ਤੋਂ ਤਿੰਨ ਵਾਰ ਵਿਧਾਇਕ ਰਹੀ ਮਮਤਾ ਬੈਨਰਜੀ ਦਾ ਸਾਹਮਣਾ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਸੁਵੇਂਦੂ ਅਧਿਕਾਰੀ ਨਾਲ ਹੋਵੇਗਾ।

## 'ਨਾ ਖਾਵਾਂਗਾ, ਨਾ ਖਾਣ ਦਿਆਂਗਾ' ਇਕ ਧੋਖਾ ਹੈ : ਜੈਰਾਮ ਰਮੇਸ਼

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 8 ਅਪ੍ਰੈਲ। ਕਾਂਗਰਸ ਨੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਦੇ ਪਰਿਵਾਰਕ ਮੈਂਬਰਾਂ ਦੀਆਂ ਮਲਕੀਅਤ ਵਾਲੀਆਂ ਕੰਪਨੀਆਂ ਨੂੰ ਕਥਿਤ ਤੌਰ 'ਤੇ ਸਰਕਾਰੀ ਠੇਕੇ ਦਿੱਤੇ ਜਾਣ ਦੇ ਮਾਮਲੇ 'ਚ ਸੁਪਰੀਮ ਕੋਰਟ ਵੱਲੋਂ ਜਾਂਚ ਦਾ ਹੁਕਮ ਦਿੱਤੇ ਜਾਣ ਤੋਂ ਬਾਅਦ ਸੋਮਵਾਰ ਨੂੰ ਕਿਹਾ ਕਿ ਇਹ ਗੱਲ ਉਜਾਗਰ ਹੋ ਚੁੱਕੀ ਹੈ ਕਿ 'ਨਾ ਖਾਵਾਂਗਾ, ਨਾ ਖਾਣ ਦਿਆਂਗਾ' ਪੂਰੀ ਤਰ੍ਹਾਂ ਧੋਖਾ ਹੈ। ਪਾਰਟੀ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਹ ਦਾਅਵਾ ਵੀ ਕੀਤਾ ਕਿ ਕਈ ਭਾਜਪਾ ਸ਼ਾਸਿਤ ਸੂਬਿਆਂ ਦੇ ਮੁੱਖ ਮੰਤਰੀ ਵੀ ਇਸ ਕਤਾਰ 'ਚ ਹਨ, ਜਿਨ੍ਹਾਂ 'ਚ 'ਪੂਰਬ-ਉੱਤਰ ਤੋਂ ਜਲਦ ਹੀ ਸਾਬਕਾ ਬਣਨ ਵਾਲੇ' ਇਕ ਮੁੱਖ ਮੰਤਰੀ ਵੀ ਸ਼ਾਮਲ ਹਨ। ਉਨ੍ਹਾਂ ਦਾ ਇਸ਼ਾਰਾ ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਵੱਲ ਸੀ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਸੀ. ਬੀ. ਆਈ. ਨੂੰ ਹੁਕਮ ਦਿੱਤਾ ਕਿ ਅਰੁਣਾਚਲ ਪ੍ਰਦੇਸ਼ 'ਚ ਜਨਤਕ ਕੰਮਾਂ ਦੇ ਠੇਕੇ ਮੁੱਖ ਮੰਤਰੀ ਪੇਮਾ ਖਾਂਡੂ ਦੇ ਪਰਿਵਾਰਕ ਮੈਂਬਰਾਂ ਦੀ ਮਲਕੀਅਤ ਵਾਲੀਆਂ ਕਥਿਤ ਕੰਪਨੀਆਂ ਨੂੰ ਦਿੱਤੇ ਜਾਣ ਦੇ ਮਾਮਲੇ 'ਚ ਉਹ ਦੋ ਹਫਤਿਆਂ 'ਚ ਸ਼ੁਰੂਆਤੀ ਜਾਂਚ ਕਰੇ। ਰਮੇਸ਼ ਨੇ 'ਐਕਸ' 'ਤੇ ਪੋਸਟ ਕੀਤਾ ਕਿ ਸੁਪਰੀਮ ਕੋਰਟ ਨੇ ਅਜੇ ਹਾਲ ਹੀ 'ਚ ਸੀ. ਬੀ. ਆਈ. ਨੂੰ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਪਰਿਵਾਰ ਦੇ ਮੈਂਬਰਾਂ ਨੂੰ ਕਥਿਤ ਤੌਰ 'ਤੇ ਦਿੱਤੇ ਗਏ ਠੇਕਿਆਂ ਦੀ ਸ਼ੁਰੂਆਤੀ ਜਾਂਚ ਸ਼ੁਰੂ ਕਰਨ ਦਾ ਹੁਕਮ ਦਿੱਤਾ ਹੈ। ਇਹ ਤਾਂ ਇਕ ਸ਼ੁਰੂਆਤ ਹੈ। ਉਨ੍ਹਾਂ ਨੇ ਕਿਹਾ ਕਿ 'ਨਾ ਖਾਵਾਂਗਾ, ਨਾ ਖਾਣ ਦਿਆਂਗਾ' ਪੂਰੀ ਤਰ੍ਹਾਂ ਧੋਖਾ ਹੈ, ਇਹ ਹੁਣ ਉਜਾਗਰ ਹੋ ਰਿਹਾ ਹੈ। ਦਰਅਸਲ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਉਸ ਸਮੇਂ 'ਨਾ ਖਾਵਾਂਗਾ, ਨਾ ਖਾਣ ਦਿਆਂਗਾ' ਦਾ ਨਾਅਰਾ ਦਿੱਤਾ ਸੀ ਜਦੋਂ ਉਹ ਭਾਰਤੀ ਜਨਤਾ ਪਾਰਟੀ (ਭਾਜਪਾ) ਵਲੋਂ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਸਨ।



## ਕੱਪੜੇ ਪ੍ਰੈੱਸ ਕਰਨ ਵਾਲੇ ਨੂੰ ਮਿਲਿਆ 598 ਕਰੋੜ ਰੁਪਏ ਦਾ ਇਨਕਮ ਟੈਕਸ ਨੋਟਿਸ

ਅਜਮੇਰ 8 ਅਪ੍ਰੈਲ। ਰਾਜਸਥਾਨ 'ਚ ਅਜਮੇਰ ਦੇ ਇਕ ਵਿਅਕਤੀ ਨੇ ਗੁਆਚੇ ਪੈਨ ਕਾਰਡ ਦੇ ਮਾਧਿਅਮ ਨਾਲ ਖੋਲ੍ਹੇ ਗਏ ਬੈਂਕ 'ਚ ਕਰੋੜਾਂ ਰੁਪਏ ਦੇ ਲੈਣ-ਦੇਣ ਦੇ ਮਾਮਲੇ 'ਚ ਇਨਕਮ ਟੈਕਸ ਵਿਭਾਗ ਦਾ 598 ਕਰੋੜ ਰੁਪਏ ਦਾ ਨੋਟਿਸ ਪ੍ਰਾਪਤ ਹੋਇਆ ਹੈ, ਜਿਸ ਨਾਲ ਸੰਬੰਧਤ ਵਿਅਕਤੀ ਅਤੇ ਉਸ ਦਾ ਪਰਿਵਾਰ ਸਦਮੇ 'ਚ ਹੈ। ਕੱਪੜੇ ਪ੍ਰੈੱਸ ਕਰਨ ਵਾਲੇ ਜਿਤੇਂਦਰ ਦਾ ਪੈਨ ਕਾਰਡ ਗੁਆਚ ਗਿਆ ਸੀ, ਇਸ ਪੈਨ ਕਾਰਡ ਦੀ ਗਲਤ ਵਰਤੋਂ ਕਰਦੇ ਹੋਏ ਸ਼ਤਰੁਘਨ ਸਿੰਘ ਨਾਮੀ ਨੌਜਵਾਨ ਨੇ ਸੂਰਤ 'ਚ ਕਿਊਰਾ ਵਿਆਸਾ ਬੈਂਕ 'ਚ ਖਾਤਾ ਖੋਲ੍ਹਿਆ ਅਤੇ ਤਿੰਨ ਮਹੀਨਿਆਂ 'ਚ 400 ਕਰੋੜ ਰੁਪਏ ਨਾਲ ਵੱਧ ਦਾ ਲੈਣ-ਦੇਣ ਕੀਤਾ। ਸੂਰਤ 'ਚ ਹੀਰੇ-ਜਵਾਹਰਰਾਤ ਦਾ ਵਪਾਰੀ ਦੱਸਿਆ ਹੈ। ਇਨਕਮ ਟੈਕਸ ਵਿਭਾਗ ਦਾ 598 ਕਰੋੜ ਰੁਪਏ ਦਾ ਨੋਟਿਸ ਮਿਲਣ 'ਤੇ ਉਸ ਨੂੰ ਪਤਾ ਲੱਗਾ ਕਿ ਉਸ ਦੇ ਪੈਨ ਕਾਰਡ ਦੀ ਗਲਤ ਵਰਤੋਂ ਕੀਤੀ ਗਈ ਹੈ।


## ਬੰਗਾਲ 'ਚ ਭਾਜਪਾ ਦਾ ਸੱਤਾ 'ਚ ਆਉਣਾ ਤੈਅ, ਘੁਸਪੈਠੀਆਂ ਨੂੰ ਵਾਪਸ ਭੇਜਿਆ ਜਾਵੇਗਾ: ਅਮਿਤ ਸ਼ਾਹ

ਪਥਰਕੰਡੀ (ਅਸਾਮ) 8 ਅਪ੍ਰੈਲ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਬਦਲਾਅ ਨਿਸ਼ਚਿਤ ਹੈ ਅਤੇ ਜਿਵੇਂ ਹੀ ਭਾਰਤੀ ਜਨਤਾ ਪਾਰਟੀ (ਭਾਜਪਾ) ਰਾਜ ਵਿੱਚ ਸੱਤਾ ਵਿੱਚ ਆਵੇਗੀ, ਸਾਰੇ ਘੁਸਪੈਠੀਆਂ ਨੂੰ ਉਨ੍ਹਾਂ ਦੇ ਦੇਸ਼ਾਂ ਵਿੱਚ ਵਾਪਸ ਭੇਜ ਦਿੱਤਾ ਜਾਵੇਗਾ। ਇੱਥੇ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਨੇ ਅਸਾਮ ਦੀ ਬਰਾਕ ਘਾਟੀ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪਨਾਹ ਦਿੱਤੀ, ਜਿਸ ਨਾਲ ਉਹ ਸ਼੍ਰੀਭੂਮੀ, ਸਿਲਚਰ ਅਤੇ ਕਛਰ ਜ਼ਿਲ੍ਹਿਆਂ ਵਿੱਚ ਆਪਣਾ ਦਬਦਬਾ ਸਥਾਪਤ ਕਰ ਸਕੇ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਨਾਗਰਿਕਤਾ ਸੋਧ ਕਾਨੂੰਨ (CAA) ਦਾ ਵਿਰੋਧ ਕਰਦੀ ਹੈ, ਕਿਉਂਕਿ ਉਹ ਜਾਣਦੀ ਹੈ ਕਿ ਇਹ ਕਾਨੂੰਨ ਇਹ ਯਕੀਨੀ ਬਣਾਏਗਾ ਕਿ ਕੋਈ ਵੀ ਘੁਸਪੈਠੀਆ ਰਾਜ ਵਿੱਚ ਨਾ ਰਹੇ। ਸ਼ਾਹ ਨੇ ਕਿਹਾ, ਪੱਛਮੀ ਬੰਗਾਲ ਵਿੱਚ ਬਦਲਾਅ ਯਕੀਨੀ ਹੈ। ਜਿਵੇਂ ਹੀ ਭਾਜਪਾ ਰਾਜ ਵਿੱਚ ਸੱਤਾ ਵਿੱਚ ਆਵੇਗੀ, ਅਸਾਮ, ਤ੍ਰਿਪੁਰਾ ਅਤੇ ਬੰਗਾਲ ਦੇ ਸਾਰੇ ਘੁਸਪੈਠੀਆਂ ਨੂੰ ਉਨ੍ਹਾਂ ਦੇ ਦੇਸ਼ਾਂ ਵਿੱਚ ਵਾਪਸ ਭੇਜ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਅਸਾਮ ਵਿੱਚ ਜਾਤੀ, ਮਤੀ (ਜ਼ਮੀਨ), ਅਤੇ ਭੇਤੀ (ਅਧਾਰ) ਦੀ ਰੱਖਿਆ ਲਈ ਵਚਨਬੱਧ ਹੈ।

## ਭਗਵੰਤ ਮਾਨ ਸਰਕਾਰ ਵੱਲੋਂ ਮੋਹਾਲੀ ਵਿੱਚ ਅਤਿ-ਆਧੁਨਿਕ ਬਹੁ-ਮੰਤਵੀ ਪ੍ਰਦਰਸ਼ਨੀ ਅਤੇ ਕਨਵੈਨਸ਼ਨ ਸੈਂਟਰ ਕੀਤਾ ਜਾਵੇਗਾ ਵਿਕਸਤ : ਸੰਜੀਵ ਅਰੋੜਾ

ਕੌਮੀ ਪਤ੍ਰਿਕਾ

ਚੰਡੀਗੜ੍ਹ, 8 ਅਪ੍ਰੈਲ : ਪੰਜਾਬ ਦੇ ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ, ਸਥਾਨਕ ਸਰਕਾਰਾਂ ਅਤੇ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਅੱਜ ਮੋਹਾਲੀ ਵਿਖੇ ਪਲਕਸ਼ਾ ਯੂਨੀਵਰਸਿਟੀ ਅਤੇ ਸੈਕਟਰ 83 ਦੇ ਇਨਫੋਸਿਸ ਕੈਂਪਸ ਨੇੜੇ ਇੱਕ ਅਤਿ-ਆਧੁਨਿਕ ਬਹੁ-ਮੰਤਵੀ ਪ੍ਰਦਰਸ਼ਨੀ ਅਤੇ ਕਨਵੈਨਸ਼ਨ ਸੈਂਟਰ (ਈ.ਸੀ.ਸੀ.) ਵਿਕਸਿਤ ਕਰਨ ਦਾ ਐਲਾਨ ਕੀਤਾ, ਜੋ ਨਿਵੇਸ਼, ਬੁਨਿਆਦੀ ਢਾਂਚੇ ਅਤੇ ਵਿਸ਼ਵਵਿਆਪੀ ਵਪਾਰਕ ਮੌਕਿਆਂ ਦੇ ਕੇਂਦਰ ਵਜੋਂ ਤੇਜ਼ੀ ਨਾਲ ਉਭਰ ਰਹੇ ਪੰਜਾਬ ਦਾ ਪ੍ਰਤੱਖ ਪ੍ਰਮਾਣ ਹੈ। ਮੰਤਰੀ ਸੰਜੀਵ ਅਰੋੜਾ ਨੇ ਕਿਹਾ, " ਅਰਵਿੰਦ ਕੇਜਰੀਵਾਲ, ਕੌਮੀ ਕਨਵੀਨਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਕੀਤੀ ਜਾ ਰਹੀ ਇਹ ਇਤਿਹਾਸਕ ਪਹਿਲਕਦਮੀ ਪੰਜਾਬ ਨੂੰ ਨਿਵੇਸ਼ਾਂ ਅਤੇ ਆਲਮੀ ਸਮਾਗਮਾਂ ਲਈ ਪਸੰਦੀਦਾ ਸਥਾਨ ਵਜੋਂ ਸਥਾਪਿਤ ਕਰਨ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਪ੍ਰਾਜੈਕਟ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਕਿ ਕਨਵੈਨਸ਼ਨ ਸੈਂਟਰ ਮੋਹਾਲੀ ਆਈਟੀ ਸਿਟੀ ਦੇ ਬਿਲਕੁਲ ਵਿਚੋ-ਵਿਚ ਲਗਭਗ 14 ਏਕੜ ਵਿੱਚ ਫੈਲਿਆ ਜਨਤਕ-ਨਿੱਜੀ ਭਾਈਵਾਲੀ ਮਾਡਲ ਤਹਿਤ ਵਿਕਸਤ ਕੀਤਾ ਜਾਵੇਗਾ ਲਗਭਗ 250 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਵਾਲਾ ਇਹ ਪ੍ਰਾਜੈਕਟ ਐਗਜ਼ੀਕਨ ਈਵੈਂਟਸ ਮੀਡੀਆ ਸਲਿਊਸ਼ਨਜ਼ ਲਿਮਟਿਡ ਵੱਲੋਂ ਵਿਕਸਿਤ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਪ੍ਰਾਜੈਕਟ ਲਈ ਰਿਆਇਤ ਦੀ ਮਿਆਦ 15 ਸਾਲ ਹੋਵੇਗੀ। ਮੰਤਰੀ ਨੇ ਕਿਹਾ, "ਇਸ ਪ੍ਰਾਜੈਕਟ ਤਹਿਤ ਵੱਡੇ ਪੱਧਰ 'ਤੇ ਕੌਮੀ ਅਤੇ ਕੌਮਾਂਤਰੀ ਸਮਾਗਮਾਂ ਦੀ ਮੇਜ਼ਬਾਨੀ ਕਰਨ ਲਈ ਇੱਕ ਅਤਿ-ਆਧੁਨਿਕ ਕਨਵੈਨਸ਼ਨ ਸੈਂਟਰ ਬਣਾਇਆ ਜਾਵੇਗਾ, ਜੋ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਅਤੇ ਸਹੂਲਤਾਂ ਨਾਲ ਲੈਸ ਹੋਵੇਗਾ।" ਉਨ੍ਹਾਂ ਅੱਗੇ ਦੱਸਿਆ ਕਿ ਇਹ ਪ੍ਰਾਜੈਕਟ ਦੋ ਪੜਾਵਾਂ ਵਿੱਚ ਪੂਰਾ ਕੀਤਾ ਜਾਵੇਗਾ। ਪਹਿਲਾ ਪੜਾਅ 31 ਦਸੰਬਰ 2026 ਤੱਕ ਅਤੇ ਦੂਜਾ ਪੜਾਅ 31 ਦਸੰਬਰ 2027 ਤੱਕ ਪੂਰਾ ਕਰਨ ਦਾ ਟੀਚਾ ਹੈ। ਬੁਨਿਆਦੀ ਢਾਂਚੇ ਬਾਰੇ ਦੱਸਦਿਆਂ ਮੰਤਰੀ ਨੇ ਕਿਹਾ ਕਿ ਈ.ਸੀ.ਸੀ. ਵਿੱਚ ਲਾਰਜ-ਸਪੈਨ ਕਾਲਮ-ਫ?ਰੀ ਪ੍ਰਦਰਸ਼ਨੀ ਹਾਲ ਹੋਣਗੇ, ਜਿਸ ਵਿੱਚ ਲਗਭਗ 40,000 ਵਰਗ ਫੁੱਟ ਅਤੇ 15,000 ਵਰਗ ਫੁੱਟ ਦੇ ਦੋ ਵੱਡੇ ਹਾਲ ਸਮੇਤ ਲਗਭਗ 15,000 ਵਰਗ ਫੁੱਟ ਵਿੱਚ ਫੈਲੇ ਰਿਟੇਲ, ਫੂਡ ਅਤੇ ਬੈਵਰਿਜ ਜ਼ੋਨ ਅਤੇ ਲਗਭਗ 1000 ਵਾਹਨਾਂ ਲਈ ਪਾਰਕਿੰਗ ਬੁਨਿਆਦੀ ਢਾਂਚਾ ਵੀ ਸ਼ਾਮਲ ਹੋਵੇਗਾ। Contd.............page-3



## ਜੰਗ ਕਾਰਨ ਕੰਮ-ਕਾਜ ਠੱਪ ! ਪ੍ਰਵਾਸੀਆਂ ਦੇ ਘਰਾਂ ਨੂੰ ਜਾਣ ਦੀਆਂ ਖ਼ਬਰਾਂ ਨੂੰ ਸਰਕਾਰ ਨੇ ਕੀਤਾ ਖਾਰਜ

ਨਵੀਂ ਦਿੱਲੀ 8 ਅਪ੍ਰੈਲ। ਸਰਕਾਰ ਨੇ ਉਨ੍ਹਾਂ ਰਿਪੋਰਟਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ ਜਿਨ੍ਹਾਂ 'ਚ ਦਾਅਵਾ ਕੀਤਾ ਗਿਆ ਸੀ ਕਿ ਪੱਛਮੀ ਏਸ਼ੀਆ ਦੇ ਸੰਘਰਸ਼ ਕਾਰਨ ਪੈਦਾ ਹੋਏ ਐਲ.ਪੀ.ਜੀ. ਸੰਕਟ ਕਾਰਨ ਪ੍ਰਵਾਸੀ ਮਜ਼ਦੂਰ ਵੱਡੀ ਗਿਣਤੀ 'ਚ ਆਪਣੇ ਜੱਦੀ ਸੂਬਿਆਂ ਨੂੰ ਪਰਤ ਰਹੇ ਹਨ। ਸਰਕਾਰੀ ਸੂਤਰਾਂ ਅਨੁਸਾਰ, ਮੁੱਖ ਰੇਲਵੇ ਸਟੇਸ਼ਨਾਂ 'ਤੇ ਇਕ ਹਫ਼ਤੇ ਤੱਕ ਚੱਲੇ ਜ਼ਮੀਨੀ ਮੁਲਾਂਕਣ ਤੋਂ ਬਾਅਦ ਪਾਇਆ ਗਿਆ ਕਿ ਯਾਤਰੀਆਂ ਦੀ ਗਿਣਤੀ 'ਚ ਅਜਿਹਾ ਕੋਈ ਵਾਧਾ ਨਹੀਂ ਹੋਇਆ ਜੋ ਪਲਾਇਨ ਵੱਲ ਇਸ਼ਾਰਾ ਕਰਦਾ ਹੋਵੇ। ਇਸ ਸਬੰਧੀ ਇਕ ਤੱਥ-ਜਾਂਚ ਰਿਪੋਰਟ ਪ੍ਰਧਾਨ ਮੰਤਰੀ ਦਫ਼ਤਰ ਨੂੰ ਵੀ ਸੌਂਪ ਦਿੱਤੀ ਗਈ ਹੈ। ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੇ ਸਕੱਤਰ ਨੇ ਰਾਜਾਂ ਦੇ ਅਧਿਕਾਰੀਆਂ ਨਾਲ ਇਕ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ, ਜਿਸ 'ਚ ਐਲ.ਪੀ.ਜੀ. ਦੀ ਲੋੜੀਂਦੀ ਸਪਲਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਰਾਜਾਂ ਨੂੰ ਕਿਹਾ ਗਿਆ ਹੈ ਕਿ ਉਹ ਘਰੇਲੂ ਅਤੇ ਜ਼ਰੂਰੀ ਲੋੜਾਂ ਲਈ ਗੈਸ ਦੀ ਵੰਡ ਨੂੰ ਪਹਿਲ ਦੇਣ ਅਤੇ ਜਮ?ਹਾਂਖੋਰੀ ਜਾਂ ਅਫਵਾਹਾਂ ਫੈਲਾਉਣ ਵਾਲਿਆਂ ਖ਼?ਲਾਫ਼ ਸਖ਼ਤ ਨਿਗਰਾਨੀ ਰੱਖਣ> ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਪਰਵਾਸੀ ਮਜ਼ਦੂਰਾਂ ਲਈ ਵਰਤੇ ਜਾਣ ਵਾਲੇ 5 ਕਿਲੋ ਦੇ 'ਫਰੀ ਟਰੇਡ ਐਲ.ਪੀ.ਜੀ.' ਸਿਲੰਡਰਾਂ ਦੀ ਸਪਲਾਈ 'ਚ ਕੋਈ ਵਿਘਨ ਨਹੀਂ ਹੈ। 23 ਮਾਰਚ, 2026 ਤੋਂ ਹੁਣ ਤੱਕ ਦੇਸ਼ ਭਰ 'ਚ ਲਗਭਗ 6.75 ਲੱਖ ਅਜਿਹੇ ਸਿਲੰਡਰ ਵੇਚੇ ਜਾ ਚੁੱਕੇ ਹਨ। ਇਸ ਤੋਂ ਇਲਾਵਾ, ਜਨਤਕ ਖੇਤਰ ਦੀਆਂ ਤੇਲ ਕੰਪਨੀਆਂ ਨੇ 550 ਜਾਗਰੂਕਤਾ ਕੈਂਪ ਲਗਾ ਕੇ 6,700 ਤੋਂ ਵੱਧ ਸਿਲੰਡਰ ਵੰਡੇ ਹਨ। ਘਰੇਲੂ ਐੱਲਪੀਜੀ ਸਿਲੰਡਰਾਂ ਦੀ ਡਿਲੀਵਰੀ ਆਮ ਬਣੀ ਹੋਈ ਹੈ; 1 ਮਾਰਚ, 2026 ਤੋਂ ਹੁਣ ਤੱਕ ਘਰਾਂ 'ਚ 18 ਕਰੋੜ ਚੋਂ ਵੱਧ ਸਿਲੰਡਰ ਸਪਲਾਈ ਕੀਤੇ ਗਏ। ਦੇਸ਼ 'ਚ ਐਲ.ਪੀ.ਜੀ. ਦੀ ਆਨਲਾਈਨ ਬੁਕਿੰਗ ਵੱਧ ਕੇ ਲਗਭਗ 97 ਫੀਸਦੀ ਹੋ ਗਈ ਹੈ। ਸਿਲੰਡਰਾਂ ਦੀ ਹੇਰਾਫੇਰੀ ਰੋਕਣ ਦੇ ਮਕਸਦ ਨਾਲ ਡਿਲੀਵਰੀ ਪ੍ਰਮਾਣਿਕਤਾ ਕੋਡ (DAC) 'ਤੇ ਆਧਾਰਤ ਡਿਲੀਵਰੀ ਵਧ ਕੇ ਲਗਭਗ 90 ਫੀਸਦੀ ਹੋ ਗਈ ਹੈ।ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਕਿਸੇ ਵੀ ਗੈਸ ਏਜੰਸੀ ਕੋਲ ਸਟਾਕ ਦੀ ਕਮੀ ਨਹੀਂ ਹੈ ਅਤੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸੋਸ਼ਲ ਮੀਡੀਆ 'ਤੇ ਫੈਲ ਰਹੀਆਂ ਗਲਤ ਅਫਵਾਹਾਂ ਵੱਲ ਧਿਆਨ ਨਾ ਦੇਣ।

## 'ਪੰਜਾਬ ਦੇ ਲੋਕਾਂ ਨੇ ਕਦੇ ਵੀ ਸਾਡੀ ਪਿੱਠ ਨਹੀਂ ਲੱਗਣ ਦਿੱਤੀ': ਹਰਸਿਮਰਤ ਬਾਦਲ

ਕੌਮੀ ਪਤ੍ਰਿਕਾ

ਬੁਢਲਾਡਾ 8 ਅਪ੍ਰੈਲ। ਬੁਢਲਾਡਾ 'ਚ 'ਪੰਜਾਬ ਬਚਾਓ ਰੈਲੀ' ਨੂੰ ਸੰਬੋਧਨ ਕਰਦਿਆਂ ਸੀਨੀਅਰ ਅਕਾਲੀ ਆਗੂ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ ਦੀ ਨਜ਼ਰ ਬਠਿੰਡਾ ਹਲਕੇ 'ਤੇ ਹੀ ਹੁੰਦੀ ਹੈ ਅਤੇ ਬਠਿੰਡਾ 'ਚ ਸਾਨੂੰ ਹਰਾਉਣ ਲਈ ਸਾਰੀਆਂ ਪਾਰਟੀਆਂ ਇਕੱਠੀਆਂ ਹੋ ਜਾਂਦੀਆਂ ਹਨ ਪਰ ਇਸ ਹਲਕੇ ਦੇ ਲੋਕਾਂ ਨੇ ਇਕ ਵਾਰੀ ਵੀ ਸਾਡੀ ਪਿੱਠ ਨਹੀਂ ਲੱਗਣ ਦਿੱਤੀ। ਹਰਸਿਮਰਤ ਬਾਦਲ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਝੂਠੇ ਅਤੇ ਬੇ-ਬੁਨਿਆਦ ਇਲਜ਼ਾਮ ਅਕਾਲੀ ਦਲ 'ਤੇ ਲਾਏ ਹਨ ਪਰ ਪੰਜਾਬ ਦਾ ਜਿੰਨਾ ਵੀ ਵਿਕਾਸ ਹੋਇਆ ਹੈ, ਅਕਾਲੀ ਦਲ ਦੇ ਸਮੇਂ 'ਚ ਸ. ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਹੋਇਆ ਹੈ। ਅਕਾਲੀ ਦਲ 'ਤੇ ਲੱਗੇ ਝੂਠੇ ਇਲਜ਼ਾਮਾਂ ਕਾਰਨ ਲੋਕਾਂ ਦੇ ਮਨਾਂ 'ਚ ਸ਼ੰਕੇ ਪੈਦਾ ਹੋ ਗਏ ਅਤੇ ਉਨ੍ਹਾਂ ਨੇ ਪੰਜਾਬ ਦੀ ਸੱਤਾ ਬਦਲ ਦਿੱਤੀ ਪਰ ਲੋਕਾਂ ਨੇ ਉਸ ਵੇਲੇ ਵੀ ਅਕਾਲੀ ਦਲ ਦਾ ਝੰਡਾ ਬੁਲੰਦ ਰੱਖਿਆ ਅਤੇ ਅੱਜ ਵੀ ਅਕਾਲੀ ਦਲ ਨਾਲ ਖੜ੍ਹੇ ਹਨ। ਅਜਿਹੇ ਲੋਕਾਂ ਦੀ ਦੇਣ ਪਾਰਟੀ ਕਦੇ ਵੀ ਨਹੀਂ ਦੇ ਸਕਦੀ। ਉਨ੍ਹਾਂ ਕਿਹਾ ਕਿ 100 ਸਾਲ ਪੁਰਾਣੀ ਪਾਰਟੀ ਅਕਾਲੀ ਦਲ ਹੈ। ਦਿੱਲੀ ਵਾਲੇ ਜਿੰਨਾ ਮਰਜ਼ੀ ਜ਼ੋਰ ਲਾ ਲੈਣ, ਇਹ ਪਾਰਟੀ ਕਦੇ ਖ਼ਤਮ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਅਕਾਲੀ ਦਲ 'ਤੇ ਬੇਅਦਬੀਆਂ ਦੇ ਇਲਜ਼ਾਮ ਲੱਗੇ ਅਤੇ ਜਦੋਂ 'ਆਪ' ਪਾਰਟੀ ਪੰਜਾਬ 'ਚ ਆਈ ਤਾਂ ਇਸ ਤੋਂ ਬਾਅਦ ਹੀ ਅਜਿਹੀਆਂ ਘਟਨਾਵਾਂ ਸ਼ੁਰੂ ਹੋਈਆਂ ਸਨ। ਹਰਸਿਮਰਤ ਬਾਦਲ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਪੰਜਾਬ 'ਤੇ 5 ਲੱਖ ਕਰੋੜ ਦਾ ਕਰਜ਼ਾ ਚਾੜ੍ਹ ਦਿੱਤਾ ਹੈ ਅਤੇ ਸਾਡੀ ਸਰਕਾਰ ਵੇਲੇ ਤਾਂ ਅਸੀਂ 5 ਸਾਲਾਂ 'ਚ ਵਿਕਾਸ ਲਈ 50 ਹਜ਼ਾਰ ਕਰੋੜ ਦਾ ਕਰਜ਼ਾ ਲੈਂਦੇ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸੇ ਕੋਨੇ 'ਚ ਅੱਜ ਵਿਕਾਸ ਦੀ ਇੱਟ ਲੱਗੀ ਨਹੀਂ ਦਿਖਦੀ। ਇਸ ਲਈ ਸਾਨੂੰ ਆਪਣੇ ਪੰਜਾਬ ਨੂੰ ਬਚਾਉਣਾ ਪਵੇਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਇੱਕੋ-ਇੱਕ ਅਜਿਹੀ ਪਾਰਟੀ ਹੈ, ਜਿਸ ਨੇ ਜੋ ਕਿਹਾ, ਉਹ ਕਰ ਕੇ ਦਿਖਾਇਆ ਅਤੇ ਕਦੇ ਵੀ ਲੋਕਾਂ ਨੂੰ ਝਾਂਸੇ 'ਚ ਲੈ ਕੇ ਜਾਂ ਝੂਠ ਬੋਲ ਕੇ ਸਰਕਾਰਾਂ ਨਹੀਂ ਬਣਾਈਆਂ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਇਕ-ਇਕ ਵਰਗ ਦੀ ਸੁਣਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਸਿਰਫ ਖੇਤਰੀ ਪਾਰਟੀ ਅਕਾਲੀ ਦਲ ਹੀ ਬਚਾ ਸਕਦੀ ਹੈ।




## ਹਾਈਵੇਅ 'ਤੇ ਘੁੰਮਦੇ ਪਸ਼ੂਆਂ ਦਾ ਮਾਮਲਾ: ਸੁਪਰੀਮ ਕੋਰਟ ਨੇ ਕੇਂਦਰ ਅਤੇ ਸੂਬਿਆਂ ਤੋਂ ਮੰਗਿਆ ਜਵਾਬ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ 8 ਅਪ੍ਰੈਲ। ਸੁਪਰੀਮ ਕੋਰਟ ਨੇ ਉਸ ਪਟੀਸ਼ਨ 'ਤੇ ਕੇਂਦਰ ਸਰਕਾਰ ਅਤੇ ਹੋਰ ਪੱਖਾਂ ਤੋਂ ਜਵਾਬ ਮੰਗਿਆ, ਜਿਸ 'ਚ ਦੇਸ਼ ਭਰ 'ਚ ਰਾਸ਼ਟਰੀ ਅਤੇ ਰਾਜ ਮਾਰਗਾਂ ਤੋਂ ਅਵਾਰਾ ਪਸ਼ੂਆਂ ਨੂੰ ਦੂਰ ਰੱਖਣ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦੇਣ ਦੀ ਅਪੀਲ ਕੀਤੀ ਗਈ ਹੈ। ਜੱਜ ਵਿਕਰਮ ਨਾਥ ਅਤੇ ਜੱਜ ਸੰਦੀਪ ਮੇਹਤਾ ਦੀ ਬੈਂਚ ਨੇ ਕੇਂਦਰ ਅਤੇ ਸੂਬਿਆਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਭਾਰਤੀ ਪਸ਼ੂ ਭਲਾਈ ਬੋਰਡ ਸਮੇਤ ਹੋਰ ਪੱਖਾਂ ਨੂੰ ਨੋਟਿਸ ਜਾਰੀ ਕਰ ਕੇ ਚਾਰ ਹਫ਼ਤਿਆਂ ਅੰਦਰ ਜਵਾਬ ਦੇਣ ਲਈ ਕਿਹਾ ਹੈ। ਬੈਂਚ ਨੇ ਪਾਇਆ ਕਿ ਕਈ ਰਾਜ 10 ਫੀਸਦੀ ਗਊ ਸੈੱਸ ਇਕੱਠਾ ਕਰ ਰਹੇ ਹਨ ਪਰ ਇਸ ਸੰਬੰਧ 'ਚ ਕੋਈ ਕਾਰਵਾਈ ਨਹੀਂ ਕਰ ਸਕਦੇ ਹਨ। ਭਾਰਤੀ ਨੈਸ਼ਨਲ ਹਾਈਵੇਅ ਅਥਾਰਟੀ (ਐੱਨਐੱਚਏਆਈ) ਵਲੋਂ ਪੇਸ਼ ਵਕੀਲ ਨੇ ਬੈਂਚ ਨੂੰ ਦੱਸਿਆ ਕਿ ਸੁਪਰੀਮ ਕੋਰਟ ਪਹਿਲਾਂ ਵੀ ਅਵਾਰਾ ਕੁੱਤਿਆਂ ਦੇ ਮਾਮਲਿਆਂ 'ਚ ਆਪਣਾ ਫੈਸਲਾ ਸੁਰੱਖਿਅਤ ਰੱਖ ਚੁੱਕਿਆ ਹੈ, ਜਿਸ 'ਚ ਹਾਈਵੇਅ 'ਤੇ ਅਵਾਰਾ ਪਸ਼ੂਆਂ ਦੇ ਪ੍ਰਵੇਸ਼ ਦਾ ਮੁੱਦਾ ਵੀ ਸ਼ਾਮਲ ਹੈ। ਪਟੀਸ਼ਨਕਰਤਾ 'ਲਾਇਰਜ਼ ਫਾਰ ਹਿਊਮਨ ਇੰਟਰਨੈਸ਼ਨਲ' ਵਲੋਂ ਪੇਸ਼ ਵਕੀਲ ਨੇ ਕਿਹਾ ਕਿ ਜ਼ਿਆਦਾਤਰ ਮੁੱਦੇ ਅਵਾਰਾ ਕੁੱਤਿਆਂ ਨਾਲ ਜੁੜੇ ਮਾਮਲੇ ਦੇ ਫੈਸਲੇ 'ਚ ਸ਼ਾਮਲ ਹੋ ਜਾਣਗੇ ਪਰ ਇਸ ਪਟੀਸ਼ਨ 'ਚ ਕੁਝ ਹੋਰ ਪਹਿਲੂ ਵੀ ਚੁੱਕੇ ਗਏ ਹਨ। ਬੈਂਚ ਨੇ ਪਟੀਸ਼ਨ 'ਤੇ ਨੋਟਿਸ ਜਾਰੀ ਕਰਦ ਹੋਏ ਮਾਮਲੇ ਦੀ ਅਗਲੀ ਸੁਣਵਾਈ ਚਾਰ ਹਫਤਿਆਂ ਬਾਅਦ ਤੈਅ ਕੀਤੀ ਹੈ। ਪਟੀਸ਼ਨ 'ਚ ਅਧਿਕਾਰੀਆਂ ਨੂੰ ਹਾਈਵੇਅ 'ਤੇ ਪਸ਼ੂਆਂ ਦੇ ਪ੍ਰਵੇਸ਼ ਨੂੰ ਰੋਕਣ ਲਈ ਇਕ ਸਮਾਨ ਰਾਸ਼ਟਰੀ ਦਿਸ਼ਾ-ਨਿਰਦੇਸ਼ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਦਾ ਨਿਰਦੇਸ਼ ਦੇਣ ਦੀ ਅਪੀਲ ਕੀਤੀ ਗਈ ਹੈ। ਇਸ ਪਟੀਸ਼ਨ 'ਚ ਵਿਸ਼ੇਸ਼ ਰੂਪ ਨਾਲ ਹਾਦਸੇ ਦੇ ਲਿਹਾਜ ਨਾਲ ਸੰਵੇਦਨਸ਼ੀਲ ਖੇਤਰਾਂ 'ਚ ਨੈਸ਼ਨਲ ਹਾਈਵੇਅ ਅਤੇ ਐਕਸਪ੍ਰੈੱਸਵੇਅ 'ਤੇ ਜ਼ਰੂਰੀ ਰੂਪ ਨਾਲ ਵਾੜ ਲਗਾਉਣ ਦੀ ਅਪੀਲ ਕੀਤੀ ਗਈ ਹੈ। ਇਸ ਤੋਂ ਇਲਾਵਾ ਵਿਗਿਆਨੀ ਤਰੀਕੇ ਨਾਲ ਸੰਚਾਲਿਤ ਗਊਸ਼ਾਲਾਵਾਂ/ਪਸ਼ੂ ਆਸ਼ਰਮ ਦੀ ਸਥਾਪਨਾ ਲਈ ਤੈਅ ਵਿੱਤ ਪੋਸ਼ਣ ਯਕੀਨੀ ਕਰਨ ਦਾ ਅਤੇ ਪਸ਼ੂਆਂ ਨੂੰ ਗੈਰ-ਕਾਨੂੰਨੀ ਰੂਪ ਨਾਲ ਛੱਡਣ 'ਤੇ ਸਖ਼ਤ ਸਜ਼ਾ ਦੇਣ ਵਾਲੀ ਕਾਰਵਾਈ ਲਾਗੂ ਕੀਤੀ ਗਈ ਹੈ। ਪਟੀਸ਼ਨ 'ਚ ਅਵਾਰਾ ਪਸ਼ੂਆਂ ਕਾਰਨ ਹੋਣ ਵਾਲੇ ਸੜਕ ਹਾਦਸਿਆਂ ਦੇ ਪੀੜਤਾਂ ਲਈ 'ਦੋਸ਼ ਰਹਿਤ ਮੁਆਵਜ਼ਾ' (ਅਜਿਹਾ ਮੁਆਵਜ਼ਾ ਜਿਸ 'ਚ ਇਹ ਸਾਬਿਤ ਕਰਨ ਦੀ ਲੋੜ ਨਹੀਂ ਹੁੰਦੀ ਹੈ ਕਿ ਗਲਤੀ ਕਿਸ ਦੀ ਸੀ) ਢਾਂਚਾ ਤਿਆਰ ਕਰਨ ਵੀ ਅਪੀਲ ਕੀਤੀ ਗਈ ਹੈ। ਸੁਪਰੀਮ ਕੋਰਟ ਨੇ ਅਵਾਰਾ ਕੁੱਤਿਆਂ ਦੀ ਨਸਬੰਦੀ ਨਾਲ ਜੁੜੇ ਪਿਛਲੇ ਸਾਲ 7 ਨਵੰਬਰ ਦੇ ਉਸ ਦੇ ਆਦੇਸ਼ 'ਚ ਸੋਧ ਦੀ ਅਪੀਲ ਕਰਨ ਵਾਲੀਆਂ ਪਟੀਸ਼ਨਾਂ ਦੇ ਇਕ ਸਮੂਹ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ।



# ਡਾਕਟਰਾਂ ਨੇ ਰਚਿਆ ਇਤਿਹਾਸ, ਜਨਮ ਤੋਂ ਗੂੰਗੇ-ਬੋਲੇ 8 ਬੱਚਿਆਂ ਨੂੰ ਬਖ਼ਸ਼ੀ ਨਵੀਂ ਜ਼ਿੰਦਗੀ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 8 ਅਪ੍ਰੈਲ। ਜਨਮ ਤੋਂ ਗੂੰਗੇ ਅਤੇ ਬੋਲੇ ਬੱਚੇ ਵੀ ਹੁਣ ਬੋਲ ਅਤੇ ਸੁਣ ਸਕਣਗੇ। 'ਡਾਕਟਰ ਧਰਤੀ ਦੇ ਭਗਵਾਨ ਹੁੰਦੇ ਹਨ', ਇਹ ਕਹਾਵਤ ਅੰਮ੍ਰਿਤਸਰ ਦੇ ਸਰਕਾਰੀ ਮੈਡੀਕਲ ਕਾਲਜ ਅਤੇ ਇਸ ਨਾਲ ਸਬੰਧਤ ਈ.ਐਨ.ਟੀ. ਹਸਪਤਾਲ ਦੇ ਡਾਕਟਰਾਂ ਦੀ ਟੀਮ ਨੇ ਹਕੀਕਤ ਵਿਚ ਸਾਬਤ ਕਰ ਦਿੱਤੀ ਹੈ। ਜਿੱਥੇ ਇਕ ਪਾਸੇ ਮਹਿੰਗੇ ਇਲਾਜ ਕਾਰਨ ਗਰੀਬ ਪਰਿਵਾਰ ਆਪਣੇ ਮੂਕ-ਬਧਿਰ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਨਿਰਾਸ਼ ਰਹਿੰਦੇ ਹਨ, ਉੱਥੇ ਹੀ ਸਰਕਾਰੀ ਹਸਪਤਾਲ ਦੇ ਡਾਕਟਰਾਂ ਨੇ ਜਨਮ ਤੋਂ ਹੀ ਸੁਣਨ ਅਤੇ ਬੋਲਣ ਤੋਂ ਵੰਚਿਤ 8 ਬੱਚਿਆਂ ਨੂੰ ਨਵੀਂ ਜ਼ਿੰਦਗੀ ਬਖ਼ਸ਼ ਕੇ ਇਕ ਨਵਾਂ ਇਤਿਹਾਸ ਰਚ ਦਿੱਤਾ ਹੈ। ਇਹ ਕਾਮਯਾਬੀ ਸਿਰਫ਼ ਇਲਾਜ ਤੱਕ ਸੀਮਤ ਨਹੀਂ, ਸਗੋਂ ਉਨ੍ਹਾਂ ਪਰਿਵਾਰਾਂ ਲਈ ਉਮੀਦ ਦੀ ਕਿਰਨ ਬਣੀ ਹੈ ਜੋ ਲੱਖਾਂ ਰੁਪਏ ਦੇ ਖ਼ਰਚੇ ਕਾਰਨ ਆਪਣੇ ਬੱਚਿਆਂ ਦਾ ਇਲਾਜ ਨਹੀਂ ਕਰਵਾ ਸਕਦੇ ਸਨ। ਜਾਣਕਾਰੀ ਅਨੁਸਾਰ ਦੇਸ਼ ਵਿਚ 1 ਲੱਖ ਬੱਚਿਆਂ ਪਿੱਛੇ ਤਿੰਨ ਬੱਚੇ ਅਜਿਹੇ ਪੈਦਾ ਹੁੰਦੇ ਹਨ ਜੋ ਜਨਮ ਤੋਂ ਹੀ ਗੂੰਗੇ-ਬੋਲੇ ਹੁੰਦੇ ਹਨ। ਇਹ ਇਲਾਜ 15 ਲੱਖ ਰੁਪਏ ਤੋਂ ਵਧੇਰੇ ਦਾ ਹੋਣ ਕਾਰਨ ਆਮ ਪਰਿਵਾਰਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਪਰ ਇਸ ਪ੍ਰੋਜੈਕਟ ਦੇ ਤਹਿਤ, ਜੋ ਇਲਾਜ ਪ੍ਰਾਈਵੇਟ ਹਸਪਤਾਲਾਂ ਵਿਚ ਲਗਭਗ 10 ਲੱਖ ਰੁਪਏ ਤੱਕ ਪਹੁੰਚਦਾ ਹੈ, ਹੁਣ ਮੈਡੀਕਲ ਕਾਲਜ ਦੀ ਪਹਿਲ ਨਾਲ ਪੂਰੀ ਤਰ੍ਹਾਂ ਮੁਫ਼ਤ ਕੀਤਾ ਗਿਆ ਹੈ। ਈ. ਐੱਨ. ਟੀ. ਵਿਭਾਗ ਦੇ ਮੁਖੀ ਡਾ. ਗੁਰਬਖ਼ਸ਼ ਸਿੰਘ ਨੇ ਦੱਸਿਆ ਕਿ ਇਹ ਇਲਾਜ ਇਕ ਆਧੁਨਿਕ ਤਕਨੀਕ 'ਕੋਕਲੀਅਰ ਇੰਪਲਾਂਟ' ਰਾਹੀਂ ਕੀਤਾ ਗਿਆ ਹੈ। ਇਸ ਵਿਚ ਦੋ ਡਿਵਾਈਸ ਵਰਤੇ ਜਾਂਦੇ ਹਨ; ਇਕ ਸਰਜਰੀ ਰਾਹੀਂ ਬੱਚੇ ਦੇ ਕੰਨ ਦੇ ਅੰਦਰ ਲਗਾਇਆ ਜਾਂਦਾ ਹੈ ਅਤੇ ਦੂਜਾ ਬਾਹਰ ਲਗਾਇਆ ਜਾਂਦਾ ਹੈ ਜੋ ਆਵਾਜ਼ ਨੂੰ ਪ੍ਰੋਸੈਸ ਕਰਦਾ ਹੈ। ਇਹ ਇਲਾਜ ਖ਼ਾਸ ਤੌਰ 'ਤੇ 5 ਸਾਲ ਤੱਕ ਦੇ ਬੱਚਿਆਂ ਲਈ ਬਹੁਤ



ਪ੍ਰਭਾਵਸ਼ਾਲੀ ਹੈ। ਗੱਲਬਾਤ ਕਰਦਿਆਂ ਮੈਡੀਕਲ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਡਾ. ਰਾਜੀਵ ਦੇਵਗਨ ਨੇ ਕਿਹਾ ਕਿ ਇਹ ਸਿਰਫ਼ ਇਕ ਮੈਡੀਕਲ ਅਚੀਵਮੈਂਟ ਨਹੀਂ, ਸਗੋਂ ਮਨੁੱਖਤਾ ਦੀ ਸੇਵਾ ਦਾ ਸਭ ਤੋਂ ਵੱਡਾ ਉਦਾਹਰਨ ਹੈ। ਸਾਡੀ ਟੀਮ ਨੇ ਸਾਬਤ ਕਰ ਦਿੱਤਾ ਕਿ ਜੇ ਇਰਾਦੇ ਮਜ਼ਬੂਤ ਹੋਣ ਤਾਂ ਸਰਕਾਰੀ ਸਿਸਟਮ ਵਿਚ ਵੀ ਚਮਤਕਾਰ ਹੋ ਸਕਦੇ ਹਨ। ਪਿਮਸ ਦੇ ਡਾਇਰੈਕਟਰ ਡਾ. ਕੇ.ਡੀ. ਸਿੰਘ ਅਤੇ ਸੀਨੀਅਰ ਪ੍ਰੋਫੈਸਰ ਡਾ. ਪਰਮਮੀਤ ਕੌਰ ਬੱਗਾ ਨੇ ਕਿਹਾ ਕਿ ਇਹ ਸਫਲਤਾ ਇਕ ਟੀਮ ਵਰਕ ਦਾ ਨਤੀਜਾ ਹੈ। ਸਰਕਾਰ ਦੀ ਸਹਾਇਤਾ, ਮੈਡੀਕਲ ਸਟਾਫ਼ ਦੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਨਾਲ ਹੀ ਇਹ ਸੰਭਵ ਹੋ ਸਕਿਆ ਹੈ। ਹੁਣ ਇਹ ਬੱਚੇ 5-6 ਮਹੀਨਿਆਂ ਦੀ ਨਿਯਮਿਤ ਪ੍ਰੈਕਟਿਸ ਅਤੇ ਥੈਰੇਪੀ ਨਾਲ ਆਮ ਬੋਲਚਾਲ ਸਿੱਖ ਸਕਣਗੇ।

## ਬੇਕਾਬੂ ਟਿੱਪਰ ਨੇ ਪਿਓ-ਪੁੱਤਰ ਨੂੰ ਦਰੜਿਆ, ਸਿਰ ਉੱਪਰੋਂ ਟਾਇਰ ਲੰਘਣ ਨਾਲ ਪਿਓ ਦੀ ਦਰਦਨਾਕ ਮੌਤ

ਲੁਧਿਆਣਾ 8 ਅਪ੍ਰੈਲ। ਮਹਾਨਗਰ ਦੀਆਂ ਸੜਕਾਂ 'ਤੇ ਬੇਲਗਾਮ ਦੌੜ ਰਹੇ ਮੌਤ ਦੇ ਸੌਦਾਗਰਾਂ ਨੇ ਇਕ ਹੋਰ ਹਸਦਾ-ਖੇਡਦਾ ਪਰਿਵਾਰ ਉਜਾੜ ਦਿੱਤਾ ਹੈ। ਤਾਜ਼ਾ ਰੂਹ-ਕੰਬਾਊ ਕਰ ਦੇਣ ਵਾਲਾ ਮਾਮਲਾ ਰਾਮਗੜ੍ਹ ਚੌਕ ਨੇੜਿਓਂ ਸਾਹਮਣੇ ਆਇਆ ਹੈ, ਜਿੱਥੇ ਇਕ ਟਿੱਪਰ ਚਾਲਕ ਨੇ ਲਾਪਰਵਾਹੀ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਇਕ ਮੋਟਰਸਾਈਕਲ ਨੂੰ ਜ਼ਬਰਦਸਤ ਟੱਕਰ ਮਾਰ ਦਿੱਤੀ। ਇਸ ਭਿਆਨਕ ਹਾਦਸੇ ਵਿਚ ਇਕ ਪੁੱਤਰ ਨੇ ਆਪਣੀਆਂ ਅੱਖਾਂ ਮੂਹਰੇ ਪਿਤਾ ਨੂੰ ਤੜਫਦੇ ਹੋਏ ਦਮ ਤੋੜਦੇ ਵੇਖਿਆ। ਮ੍ਰਿਤਕ ਦੀ ਪਛਾਣ ਜਿੰਦਰ ਸਿੰਘ ਵਜੋਂ ਹੋਈ ਹੈ। ਇਸ ਮਾਮਲੇ ਵਿਚ ਥਾਣਾ ਸਾਹਨੇਵਾਲ ਦੀ ਪੁਲਸ ਨੇ ਅਣਪਛਾਤੇ ਡਰਾਈਵਰ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਸ਼ਿਕਾਇਤਕਰਤਾ ਗੁਰਮੀਤ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਆਪਣੇ 55 ਸਾਲਾ ਪਿਤਾ ਜਿੰਦਰ ਸਿੰਘ ਦੇ ਨਾਲ ਮੋਟਰਸਾਈਕਲ ਦੇ ਸਵਾਰ ਹੋ ਕੇ ਜਾ ਰਿਹਾ ਸੀ। ਜਿਉਂ ਹੀ ਉਹ ਰਾਮਗੜ੍ਹ ਚੌਕ ਨੇੜੇ ਪਹੁੰਚੇ, ਮਗਰੋਂ ਆ ਰਹੇ ਟਿੱਪਰ ਨੰਬਰ ਦੇ ਚਾਲਕ ਨੇ ਬੇਹੱਦ ਤੇਜ਼ ਰਫ਼ਤਾਰ ਤੇ ਲਾਪਰਵਾਹੀ ਨਾਲ ਉਨ੍ਹਾਂ ਦੇ ਮੋਟਰਸਾਈਕਲ ਨੂੰ ਆਪਣੀ ਲਪੇਟ ਵਿਚ ਲੈ ਲਿਆ। ਟੱਕਰ ਇੰਨੀ ਜ਼ਬਰਦਸਤ ਸੀ ਕਿ ਮੋਟਰਸਾਈਕਲ ਬੇਕਾਬੂ ਹੋ ਕੇ ਡਿੱਗਿਆ। ਡਿੱਗਦੇ ਹੀ ਪਿੱਛੇ ਬੈਠੇ ਉਸ ਦੇ ਪਿਤਾ ਸੜਕ 'ਤੇ ਡਿੱਗ ਗਏ ਤੇ ਮਗਰੋਂ ਆ ਰਹੇ ਟਿੱਪਰ ਦਾ ਅਗਲਾ ਟਾਇਰ ਉਨ੍ਹਾਂ ਦੇ ਸਿਰ ਦੇ ਉੱਪਰੋਂ ਗੁਜ਼ਰ ਗਿਆ।

# ਗੋਲਗੱਪੇ ਖਾ ਰਹੀ ਔਰਤ ਦੇ ਗਲੇ 'ਚੋਂ ਸੋਨੇ ਦੀ ਚੇਨ ਖਿੱਚ ਕੇ ਲੈ ਗਏ ਲੁਟੇਰੇ

**ਕੌਮੀ ਪਤ੍ਰਿਕਾ**

ਲੁਧਿਆਣਾ 8 ਅਪ੍ਰੈਲ। ਸ਼ਹਿਰ ਵਿਚ ਲੁੱਟਾਂ-ਖੋਹਾਂ ਕਰਨ ਵਾਲਿਆਂ ਦਾ ਕਹਿਰ ਰੁਕਣ ਦਾ ਨਾਂ ਨਹੀਂ ਲੈ ਰਿਹਾ। ਤਾਜ਼ਾ ਮਾਮਲਾ ਸ਼ਹਿਰ ਦੇ ਪਾਸ਼ ਇਲਾਕੇ 200 ਫੁੱਟਾ ਰੋਡ ਦਾ ਹੈ, ਜਿੱਥੇ ਬੇਖੌਫ਼ ਲੁਟੇਰਿਆਂ ਨੇ ਦਿਨ-ਦਿਹਾੜੇ ਇਕ ਔਰਤ ਨੂੰ ਆਪਣਾ ਨਿਸ਼ਾਨਾ ਬਣਾਇਆ। ਵਾਰਦਾਤ ਉਸ ਸਮੇਂ ਹੋਈ ਜਦੋਂ ਔਰਤ ਸੜਕ ਕਿਨਾਰੇ ਗੋਲਗੱਪੇ ਖਾ ਰਹੀ ਸੀ, ਉਦੋਂ ਹੀ ਬਾਈਕ ਸਵਾਰ ਦੋ ਨੌਜਵਾਨਾਂ ਨੇ ਝਪਟਾ ਮਾਰ ਕੇ ਉਨ੍ਹਾਂ ਦੇ ਗਲੇ ਵਿਚੋਂ ਸੋਨੇ ਦੀ ਚੇਨ ਖੋਹ ਲਈ ਅਤੇ ਫਰਾਰ ਹੋ ਗਏ। ਥਾਣਾ ਦੁੱਗਰੀ ਦੀ ਪੁਲਸ ਨੇ ਔਰਤ ਦੀ ਸ਼ਿਕਾਇਤ ਦੇ ਆਧਾਰ 'ਤੇ ਅਣਪਛਾਤੇ ਬਾਈਕ ਸਵਾਰਾਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ। ਇਲਾਕੇ ਵਿਚ ਲੱਗੇ 33"੭ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਲੁਟੇਰਿਆਂ ਦਾ ਸੁਰਾਗ ਲਗਾਇਆ ਜਾ ਸਕੇ। ਦੁੱਗਰੀ ਦੀ ਰਹਿਣ ਵਾਲੀ ਮਨਜੋਤ ਕੌਰ ਨੇ ਪੁਲਸ ਨੂੰ ਦਿੱਤੇ ਬਿਆਨ ਵਿਚ ਦੱਸਿਆ ਕਿ ਉਹ 'ਕੀਜ਼ ਹੋਟਲ' ਦੇ ਸਾਹਮਣੇ ਸਥਿਤ 200 ਫੁੱਟਾ ਰੋਡ 'ਤੇ ਗੋਲਗੱਪੇ ਖਾ ਰਹੀ ਸੀ। ਇਸੇ ਦੌਰਾਨ ਇਕ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨ ਉੱਥੇ ਪਹੁੰਚੇ। ਮੋਟਰਸਾਈਕਲ ਤੋਂ ਇਕ ਨੌਜਵਾਨ ਹੇਠਾਂ ਉਤਰਿਆ ਅਤੇ ਉਸ ਨੇ ਬਿਜਲੀ ਦੀ ਫੁਰਤੀ ਨਾਲ ਔਰਤ ਦੇ ਗਲੇ 'ਤੇ ਝਪਟਾ ਮਾਰਿਆ। ਝਪਟਮਾਰ ਨੇ ਜ਼ਬਰਦਸਤੀ ਔਰਤ ਦੇ ਗਲੇ ਵਿਚੋਂ ਸੋਨੇ ਦੀ ਚੇਨ ਖੋਹ ਲਈ ਅਤੇ ਕੋਲ ਹੀ ਖੜ੍ਹੇ ਆਪਣੇ ਸਾਥੀ ਨਾਲ



ਮੋਟਰਸਾਈਕਲ 'ਤੇ ਸਵਾਰ ਹੋ ਕੇ ਫੁੱਲਾਂਵਾਲ ਵੱਲ ਫਰਾਰ ਹੋ ਗਿਆ। ਅਚਾਨਕ ਹੋਈ ਇਸ ਵਾਰਦਾਤ ਨਾਲ ਔਰਤ ਸਹਿਮ ਗਈ ਅਤੇ ਸ਼ੋਰ ਮਚਾਇਆ, ਪਰ ਜਦੋਂ ਤੱਕ ਆਸ-ਪਾਸ ਦੇ ਲੋਕ ਇਕੱਠੇ ਹੁੰਦੇ, ਮੁਲਜ਼ਮ ਫ਼ਰਾਰ ਹੋ ਚੁੱਕੇ ਸਨ। ਇਸ ਵਾਰਦਾਤ ਨੇ ਇਕ ਵਾਰ ਫਿਰ ਸ਼ਹਿਰ ਦੀ ਕਾਨੂੰਨ ਵਿਵਸਥਾ ਅਤੇ ਔਰਤਾਂ ਦੀ ਸੁਰੱਖਿਆ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ।

## ਪਸ਼ੂ ਪਾਲਕਾਂ ਲਈ ਰਾਹਤ : ਸ਼ਹਿਰ 'ਚ ਮੁਫ਼ਤ ਟੈਲੀਮੈਡੀਸਨ ਸੇਵਾ ਦੀ ਸ਼ੁਰੂਆਤ

ਚੰਡੀਗੜ੍ਹ 8 ਅਪ੍ਰੈਲ। ਚੰਡੀਗੜ੍ਹ ਪ੍ਰਸ਼ਾਸਨ ਦੇ ਪਸ਼ੂ ਪਾਲਣ ਤੇ ਮੱਛੀ ਪਾਲਣ ਵਿਭਾਗ ਵੱਲੋਂ ਸ਼ਹਿਰ ਦੇ ਪਸ਼ੂ ਪਾਲਕਾਂ ਲਈ ਮੁਫ਼ਤ ਟੈਲੀਮੈਡੀਸਨ ਸਲਾਹਕਾਰ ਸੇਵਾ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਦਾ ਉਦਘਾਟਨ ਪਸ਼ੂ ਪਾਲਣ ਵਿਭਾਗ ਸਕੱਤਰ ਪ੍ਰਦੀਪ ਕੁਮਾਰ ਨੇ ਕੀਤਾ। ਇਸ ਨਵੀਂ ਪਹਿਲ ਕਦਮੀ ਨਾਲ ਪਸ਼ੂ ਪਾਲਕਾਂ ਨੂੰ ਪਸ਼ੂਆਂ ਦੀ ਸਿਹਤ ਸੰਬੰਧੀ ਮਾਹਰਾਂ ਦੀ ਸਲਾਹ ਘਰ ਬੈਠੇ ਹੀ ਮਿਲ ਸਕੇਗੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਨੀਤੀ ਆਯੋਗ ਦੀ ਅਗਵਾਈ ਹੇਠ 'ਵਨ ਨੇਸ਼ਨ ਵਨ



ਹੈਲਥ' ਮੁਹਿੰਮ ਤਹਿਤ ਪਸ਼ੂਆਂ ਦੀ ਸਿਹਤ ਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਦੇਸ਼ ਭਰ 'ਚ ਟੈਲੀਮੈਡੀਸਨ ਸੇਵਾਵਾਂ ਲਾਗੂ ਕੀਤੀਆਂ ਗਈਆਂ ਹਨ। ਵਿਭਾਗ ਦੇ ਡਾਇਰੈਕਟਰ ਨਵੀਨ ਨੇ ਦੱਸਿਆ ਕਿ ਹੁਣ ਪਸ਼ੂ ਪਾਲਕਾਂ ਨੂੰ ਸਰਜਰੀ ਤੋਂ ਬਾਅਦ ਦੀ ਦੇਖ਼ਭਾਲ, ਆਮ ਸਲਾਹ, ਨਿਗਰਾਨੀ ਤੇ ਹੈਲਥ ਕੈਲੰਡਰ ਵਰਗੀਆਂ ਲੋੜਾਂ ਲਈ ਪਸ਼ੂਆਂ ਨੂੰ ਹਸਪਤਾਲ ਲਿਆਉਣ ਦੀ ਲੋੜ ਨਹੀਂ ਪਵੇਗੀ। ਇਸ ਪਹਿਲਕਦਮੀ ਦਾ ਮੁੱਖ ਮਕਸਦ ਪਸ਼ੂਆਂ, ਉਨ੍ਹਾਂ ਦੇ ਮਾਲਕਾਂ ਤੇ ਵੈਟਰਨਰੀ ਕਾਮਿਆਂ ਨੂੰ ਜਾਨਵਰਾਂ ਤੋਂ ਇਨਸਾਨਾਂ 'ਚ ਫ਼ੈਲਣ ਵਾਲੀਆਂ ਛੂਤ ਦੀਆਂ (ਜ਼ੂਨੋਟਿਕ) ਬੀਮਾਰੀਆਂ ਤੋਂ ਬਚਾਉਣਾ ਹੈ। ਵਿਭਾਗ ਦੇ ਜੁਆਇੰਟ ਡਾਇਰੈਕਟਰ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਇਹ ਟੈਲੀਮੈਡੀਸਨ ਸੇਵਾ ਬਿਲਕੁਲ ਮੁਫ਼ਤ ਹੈ ਅਤੇ ਪਸ਼ੂ ਪਾਲਕ ਟੋਲ-ਫਰੀ ਨੰਬਰ 1800-180-2206 'ਤੇ ਕਾਲ ਕਰਕੇ ਇਸ ਦਾ ਲਾਭ ਉਠਾ ਸਕਦੇ ਹਨ। ਇਹ ਸਹੂਲਤ ਵੈਟਰਨਰੀ ਸੈਂਟਰਾਂ ਦੇ ਬੰਦ ਹੋਣ ਤੋਂ ਬਾਅਦ ਵਿਸ਼ੇਸ਼ ਤੌਰ 'ਤੇ ਦੁਪਹਿਰ 2 ਵਜੇ ਤੋਂ ਰਾਤ 8 ਵਜੇ ਤੱਕ ਉਪਲੱਬਧ ਰਹੇਗੀ ਤੇ ਐਤਵਾਰ ਨੂੰ ਇਹ ਸੇਵਾ ਬੰਦ ਰਹੇਗੀ।

## ਲੁਧਿਆਣਾ 'ਚ ਭੈਣ ਘਰ ਆਏ ਭਰਾ 'ਤੇ ਫ਼ਾਇਰਿੰਗ !

ਲੁਧਿਆਣਾ 8 ਅਪ੍ਰੈਲ। ਹੈਬੋਵਾਲ ਇਲਾਕੇ ਵਿਚ ਘਰ ਦੇ ਬਾਹਰ ਕਾਰ ਪਾਰਕਿੰਗ ਨੂੰ ਲੈ ਕੇ ਹੋਏ ਵਿਵਾਦ ਵਿਚ ਇਕ ਨੌਜਵਾਨ ਨੇ ਗੋਲ?ੀ ਚਲਾ ਦਿੱਤੀ, ਜਿਸ ਕਾਰਨ ਇਕ ਵਿਅਕਤੀ ਜ਼ਖ਼ਮੀ ਹੋ ਗਿਆ। ਇੰਨਾ ਹੀ ਨਹੀਂ, ਭੜਕੇ ਹੋਏ ਲੋਕਾਂ ਨੇ ਜ਼ਖ਼ਮੀ ਹੋਏ ਨੌਜਵਾਨ ਤੇ ਉਸ ਦੇ ਪਰਿਵਾਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਮਹਿਲਾ ਸਮੇਤ ਦੋ ਹੋਰ ਲੋਕ ਜ਼ਖ਼ਮੀ ਹੋ ਗਏ। ਜਦੋਂ ਆਲੇ-ਦੁਆਲੇ ਲੋਕ ਇਕੱਠੇ ਹੋ ਗਏ ਤੇ ਪੁਲਸ ਨੂੰ ਸੂਚਨਾ ਦਿੱਤੀ ਤਾਂ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ। ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਪਹੁੰਚਾਇਆ ਗਿਆ। ਇਲਾਜ ਲਈ ਸਿਵਲ ਹਸਪਤਾਲ ਪਹੁੰਚੇ ਕਮਲ ਪਵਾਰ ਨੇ ਦੱਸਿਆ ਕਿ



ਉਹ ਮੰਗਲਵਾਰ ਦੀ ਰਾਤ ਨੂੰ ਆਪਣੀ ਭੈਣ ਦੇ ਘਰ ਗਿਆ ਸੀ ਤੇ ਉਨ੍ਹਾਂ ਦੇ ਘਰ ਦੇ ਬਾਹਰ ਗੁਆਂਢੀ ਦੀ ਕਾਰ ਪਾਰਕ ਕੀਤੀ ਹੋਈ ਸੀ ਤਾਂ ਉਸ ਨੇ ਉਨ੍ਹਾਂ ਲੋਕਾਂ ਨੂੰ ਕਾਰ ਹਟਾਉਣ ਲਈ ਕਿਹਾ। ਇਸੇ ਗੱਲ ਨੂੰ ਲੈਕੇ ਗੁਆਂਢੀ ਨੇ ਗਾਲਾਂ ਕਢਣੀਆਂ ਸ਼ੁਰੂ ਕਰ ਦਿੱਤੀਆਂ। ਗੁਆਂਢੀ ਨੇ ਇਸੇ ਦੌਰਾਨ ਦਰਜਨ ਦੇ ਕਰੀਬ ਸਾਥੀਆਂ ਨੂੰ ਬੁਲਾ ਲਿਆ। ਉਨ੍ਹਾਂ ਨੌਜਵਾਨਾਂ ਵਿਚੋਂ ਇਕ ਨੌਜਵਾਨ ਨੇ ਆਉਂਦਿਆਂ ਹੀ ਉਸ 'ਤੇ ਫ਼ਾਇਰ ਕਰ ਦਿੱਤਾ, ਪਰ ਗੋਲ?ੀ ਉਸ ਦੀ ਬਾਂਹ ਨੂੰ ਛੂਹ ਕੇ ਨਿਕਲ ਗਈ। ਜਦੋਂ ਹੋਰ ਲੋਕਾਂ ਨੇ ਉਨ੍ਹਾਂ ਦੇ ਪਰਿਵਾਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਉਸ ਦੀ ਭੈਣ ਤੇ ਜੀਜੇ ਨੂੰ ਵੀ ਜ਼ਖ਼ਮੀ ਕਰ ਦਿੱਤਾ।

## ਵਿਦੇਸ਼ ਭੇਜਣ ਦੇ ਨਾਂ 'ਤੇ 7.50 ਲੱਖ ਦੀ ਠੱਗੀ

ਗੁਰਦਾਸਪੁਰ 8 ਅਪ੍ਰੈਲ। ਸਿਟੀ ਪੁਲਸ ਗੁਰਦਾਸਪੁਰ ਨੇ ਵਿਦੇਸ਼ ਭੇਜਣ ਅਤੇ ਉੱਥੇ ਕੰਮ ਦਿਵਾਉਣ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਮੁਕੇਸ਼ ਸ਼ਰਮਾ ਪੁੱਤਰ ਨਰੇਸ਼ ਕੁਮਾਰ ਵਾਸੀ ਗੁਰਦਾਸਪੁਰ ਨੇ ਦੱਸਿਆ ਕਿ ਉਹ ਜ਼ਿਲਾ ਕਚਹਿਰੀਆਂ ਵਿਚ ਬਤੌਰ ਵਕੀਲ ਕੰਮ ਕਰਦੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਦੋਸਤ ਅਮਿਤ ਕਾਂਤ ਨੂੰ ਮਾਰੀਸ਼ਸ ਭੇਜਣ ਅਤੇ ਉੱਥੇ ਰੁਜ਼ਗਾਰ ਦਿਵਾਉਣ ਦਾ ਲਾਲਚ ਦੇ ਕੇ ਗੁਰਜੋਤ ਸਿੰਘ, ਜਗਜੀਤ ਸਿੰਘ ਅਤੇ ਤਰਨਜੀਤ ਸਿੰਘ ਨੇ 7,50,000 ਰੁਪਏ ਦੀ ਠੱਗੀ ਮਾਰੀ ਗਈ ਹੈ।

## ਗੱਡੀ ਚਲਾਉਣਾ ਸਿੱਖ ਰਹੀ ਮਹਿਲਾ ਡਾਕਟਰ ਤੋਂ ਲੁੱਟ ਕੇ ਲੈ ਗਏ ਕਾਰ, ਚਾਕੂ ਦੀ ਨੋਕ 'ਤੇ ਦਿੱਤਾ ਵਾਰਦਾਤ ਨੂੰ ਅੰਜਾਮ

ਲੁਧਿਆਣਾ 8 ਅਪ੍ਰੈਲ। ਮਹਾਨਗਰ ਵਿਚ ਬੇਖੌਫ ਲੁਟੇਰਿਆਂ ਦਾ ਆਤੰਕ ਲਗਾਤਾਰ ਵਧਦਾ ਜਾ ਰਿਹਾ ਹੈ। ਤਾਜ਼ਾ ਮਾਮਲਾ ਭਾਮੀਆਂ ਰੋਡ ਦਾ ਹੈ, ਜਿੱਥੇ ਮੋਟਰਸਾਈਕਲ ਸਵਾਰ ਦੋ ਨਕਾਬਪੋਸ਼ ਨੌਜਵਾਨਾਂ ਨੇ ਚਾਕੂ ਦੀ ਨੋਕ 'ਤੇ ਇਕ ਮਹਿਲਾ ਤੋਂ ਉਸ ਦੀ ਕਰੇਟਾ ਗੱਡੀ ਲੁੱਟ ਲਈ ਅਤੇ ਮੌਕੇ ਤੋਂ ਫਰਾਰ ਹੋ ਗਏ। ਥਾਣਾ ਮੇਹਰਬਾਨ ਦੀ ਪੁਲਸ ਨੇ ਮਹਿਲਾ ਦੇ ਬਿਆਨਾਂ ਦੇ ਆਧਾਰ 'ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਡਾ. ਅਵਨੀਤ ਕੌਰ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨ ਵਿਚ ਦੱਸਿਆ ਕਿ 31 ਮਾਰਚ ਦੀ ਸ਼ਾਮ ਕਰੀਬ 7 ਤੋਂ 8 ਵਜੇ ਦੇ ਵਿਚਕਾਰ ਉਹ ਆਪਣੀ ਚਿੱਟੇ ਰੰਗ ਦੀ ਕਰੇਟਾ ਗੱਡੀ 'ਤੇ ਸਵਾਰ ਹੋ ਕੇ ਡਰਾਈਵਿੰਗ ਸਿੱਖ ਰਹੀ ਸੀ। ਜਦੋਂ ਉਹ ਭਾਮੀਆਂ ਰੋਡ ਸਥਿਤ ਸ਼ਮਸ਼ਾਨਘਾਟ ਕੋਲ ਪਹੁੰਚੀ ਅਤੇ ਗੱਡੀ ਨੂੰ ਬੈਕ ਕਰਕੇ ਵਾਪਸ ਮੋੜਨ ਲੱਗੀ, ਉਸੇ ਸਮੇਂ ਇਕ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਦੋ ਨੌਜਵਾਨ ਉੱਥੇ ਆਏ। ਮੁਲਜ਼ਮਾਂ ਨੇ ਉਸ ਨੂੰ ਰੋਕਿਆ ਅਤੇ ਚਾਕੂ ਵਰਗੀ ਕਿਸੇ ਨੁਕੀਲੀ ਅਤੇ ਤੇਜ਼ਧਾਰ ਚੀਜ਼ ਦਿਖਾ ਕੇ ਡਰਾਇਆ-ਧਮਕਾਇਆ। ਲੁਟੇਰਿਆਂ ਨੇ ਮਹਿਲਾ ਨੂੰ ਗੱਡੀ ਤੋਂ ਹੇਠਾਂ ਉਤਾਰਿਆ ਅਤੇ ਦੇਖਦੇ ਹੀ ਦੇਖਦੇ ਕਾਰ ਲੈ ਕੇ ਤਾਜਪੁਰ ਰੋਡ ਵੱਲ ਰਫੂਚੱਕਰ ਹੋ ਗਏ।

# ਲੁਧਿਆਣਾ ਵਿਚ ਫ਼ਾਇਰਿੰਗ, ਕਾਲੀ ਥਾਰ ਵਿਚ ਆਏ ਮੁੰਡੇ ਨੇ ਫ਼ਿਲਮੀ ਅੰਦਾਜ਼ 'ਚ ਵਰ੍ਹਾਈਆਂ ਗੋਲੀਆਂ

**ਕੌਮੀ ਪਤ੍ਰਿਕਾ**

ਲੁਧਿਆਣਾ 8 ਅਪ੍ਰੈਲ। ਲੁਧਿਆਣਾ ਦੀ EWS ਕਾਲੋਨੀ ਵਿਚ ਬੀਤੀ ਰਾਤ ਜੋ ਕੁਝ ਹੋਇਆ, ਉਸ ਨੇ ਪੁਲਸ ਦੀ ਸੁਰੱਖਿਆ ਵਿਵਸਥਾ ਦੇ ਦਾਅਵਿਆਂ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਹਨ। ਸ਼ੁੱਕਰਵਾਰ ਦੀ ਰਾਤ ਕਰੀਬ 11 ਵਜੇ ਗੁੰਡਿਆਂ ਨੇ ਸ਼ਰੇਆਮ ਗੋਲ?ਆਂ ਚਲਾ ਕੇ ਦਹਿਸ਼ਤ ਫੈਲਾ ਦਿੱਤੀ, ਜਿਸ ਵਿਚ ਇਕ ਨੌਜਵਾਨ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਵਾਰਦਾਤ ਤੋਂ ਬਾਅਦ ਮੁਲਜ਼ਮ ਸ਼ਾਨ ਨਾਲ ਫਰਾਰ ਹੋ ਗਏ। ਹਾਲਾਂਕਿ ਸੂਚਨਾ ਮਿਲਣ ਤੋਂ ਬਾਅਦ ਥਾਣਾ ਡਵੀਜ਼ਨ ਨੰਬਰ 7 ਦੀ ਪੁਲਸ ਮੌਕੇ 'ਤੇ ਪਹੁੰਚੀ, ਪਰ ਸਥਾਨਕ ਨਿਵਾਸੀਆਂ ਵਿਚ ਭਾਰੀ ਰੋਸ ਹੈ। ਲੋਕਾਂ ਦਾ ਕਹਿਣਾ ਹੈ ਕਿ ਪੁਲਸ ਦਾ ਖੌਫ਼ ਖ਼ਤਮ ਹੋ ਚੁੱਕਾ ਹੈ ਅਤੇ ਅਪਰਾਧੀ ਬੇਖੌਫ਼ ਹੋ ਕੇ ਸ਼ਰੇਆਮ ਗੋਲੀਆਂ ਚਲਾ ਰਹੇ ਹਨ। ਫਿਲਹਾਲ ਪੁਲਸ ਮਾਮਲੇ ਦੀ ਜਾਂਚ ਦੀ ਗੱਲ ਕਹਿ ਰਹੀ ਹੈ, ਪਰ ਮੁਲਜ਼ਮ ਅਜੇ ਵੀ ਕਾਨੂੰਨ ਦੀ ਪਹੁੰਚ ਤੋਂ ਬਾਹਰ ਹਨ। ਜਾਣਕਾਰੀ ਮੁਤਾਬਕ, ਸੁਦਾਮਾ ਨਾਂ ਦਾ ਨੌਜਵਾਨ ਆਪਣੇ ਘਰ ਦੇ ਬਾਹਰ ਖੜ੍ਹਾ ਸੀ। ਇਸੇ ਦੌਰਾਨ ਗਲੀ ਨੰਬਰ 2 ਦੇ ਕੁਝ ਨੌਜਵਾਨਾਂ ਨੇ ਜ਼ੋਮੈਟੋ ਤੋਂ ਖਾਣਾ ਮੰਗਵਾਇਆ ਸੀ। ਡਿਲੀਵਰੀ ਬੁਆਏ ਰਸਤਾ ਭਟਕ ਕੇ ਸੁਦਾਮਾ ਕੋਲ ਆ ਗਿਆ ਅਤੇ ਆਰਡਰ ਕਰਨ ਵਾਲੇ ਨੌਜਵਾਨਾਂ ਨੂੰ ਫ਼ੋਨ ਕਰਨ ਲੱਗਾ। ਜਦੋਂ ਇੱਕ ਨੌਜਵਾਨ ਉੱਥੇ ਖਾਣਾ ਲੈਣ



ਪਹੁੰਚਿਆ, ਤਾਂ ਉਹ ਬਿਨਾਂ ਕਿਸੇ ਗੱਲ ਦੇ ਡਿਲੀਵਰੀ ਬੁਆਏ 'ਤੇ ਭੜਕਣ ਲੱਗਾ। ਕੋਲ ਖੜ੍ਹੇ ਸੁਦਾਮਾ ਨੇ ਜਦੋਂ ਇਹ ਮੰਜ਼ਰ ਦੇਖਿਆ, ਤਾਂ ਮੁਲਜ਼ਮ ਨੌਜਵਾਨ ਉਸ 'ਤੇ ਵੀ ਉਬਲ ਪਿਆ ਅਤੇ ਬਹਿਸ ਕਰਨ ਲੱਗਾ ਕਿ ਤੂੰ ਮੈਨੂੰ ਦੇਖ ਕਿਉਂ ਰਿਹਾ ਹੈਂ? ਮਾਮਲਾ ਵਧਦਾ ਦੇਖ ਕੇ ਸੁਦਾਮਾ ਨੇ ਆਪਣੇ ਭਰਾ ਮੁਕੇਸ਼ ਨੂੰ ਮਦਦ ਲਈ ਬਾਹਰ ਬੁਲਾਇਆ। ਬੱਸ ਇੰਨੀ ਕੁ ਗੱਲ 'ਤੇ ਮੁਲਜ਼ਮ ਨੇ ਆਪਣੇ ਹੋਰ ਸਾਥੀਆਂ ਨੂੰ ਬੁਲਾ ਲਿਆ ਅਤੇ ਦੋਵਾਂ ਭਰਾਵਾਂ 'ਤੇ ਹਮਲਾ ਕਰ ਦਿੱਤਾ। ਹੱਦ ਤਾਂ ਉਦੋਂ ਹੋ ਗਈ ਜਦੋਂ ਮੁਲਜ਼ਮਾਂ ਦਾ ਇਕ ਹੋਰ ਸਾਥੀ 'ਕਾਲੀ ਥਾਰ' ਵਿਚ ਸਵਾਰ ਹੋ ਕੇ ਫਿਲਮੀ ਸਟਾਈਲ ਵਿਚ ਪਹੁੰਚਿਆ ਅਤੇ ਆਉਂਦੇ ਹੀ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਕਰ ਦਿੱਤੀ। ਇਕ ਗੋਲ?ੀ ਸਿੱਧੀ ਸੁਦਾਮਾ ਦੇ ਪੈਰ ਵਿਚ ਜਾ ਲੱਗੀ ਅਤੇ ਉਹ ਖ਼ੂਨ ਨਾਲ ਲਥਪਥ ਹੋ ਕੇ ਡਿੱਗ ਪਿਆ। ਗੋਲੀਆਂ ਦੀ ਗੂੰਜ ਸੁਣ ਕੇ ਜਦੋਂ ਆਸ-ਪਾਸ ਦੇ ਲੋਕ ਇਕੱਠੇ ਹੋਣ ਲੱਗੇ, ਤਾਂ ਮੁਲਜ਼ਮ ਸ਼ਰੇਆਮ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ।

# ਚੱਲਦੇ ਵਿਆਹ 'ਚ ਪਿਆ ਪੁਆੜਾ, ਬਰਾਤੀਆਂ ਨੇ ਪਾੜੇ ਇਕ-ਦੂਜੇ ਦੇ ਸਿਰ

**ਕੌਮੀ ਪਤ੍ਰਿਕਾ**

ਫਿਰੋਜ਼ਪੁਰ 8 ਅਪ੍ਰੈਲ। ਫਿਰੋਜ਼ਪੁਰ ਦੇ ਕਸਬਾ ਮਮਦੋਟ ਦੇ ਪਿੰਡ ਲੱਖਾ ਸਿੰਘ ਉਤਾੜ 'ਚ ਡੀ. ਜੇ. 'ਤੇ ਗਾਣੇ ਵਜਾਉਣ ਨੂੰ ਲੈ ਕੇ ਇੰਨਾ ਪੁਆੜਾ ਪੈ ਗਿਆ ਕਿ ਬਰਾਤੀਆਂ ਦਾ ਆਪਸ 'ਚ ਖ਼ੂਨੀ ਟਕਰਾਅ ਹੋ ਗਿਆ ਅਤੇ ਸ਼ਗਨਾਂ ਦੀ ਥਾਂ ਇਕ-ਦੂਜੇ 'ਤੇ ਬਰਾਤੀਆਂ ਵਲੋਂ ਇੱਟਾਂ-ਰੋੜੇ ਵਰ੍ਹਾਏ ਜਾਣ ਲੱਗੇ। ਇਸ ਦੌਰਾਨ ਕਈ ਲੋਕਾਂ ਦੇ ਸਿਰ ਫੱਟ ਗਏ ਅਤੇ ਗੱਡੀਆਂ ਦੀ ਵੀ ਤੋੜ-ਭੰਨ ਹੋਈ। ਫਿਲਹਾਲ ਪੁਲਸ ਵਲੋਂ ਮਾਮਲਾ ਦਰਜ ਕਰ ਲਿਆ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਬਰਾਤੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਭੂਆ ਦੇ ਮੁੰਡੇ ਦਾ ਵਿਆਹ ਸੀ ਅਤੇ ਉਹ ਬਰਾਤ 'ਚ ਗਏ ਸਨ। ਉੱਥੇ ਡੀ. ਜੇ. 'ਤੇ ਉਨ੍ਹਾਂ ਨੇ ਆਪਣੀ ਮਨਪਸੰਦ ਦਾ ਗਾਣਾ ਚਲਵਾਇਆ ਤਾਂ ਲਾੜੇ ਦੇ ਦੋਸਤਾਂ ਨੇ ਗਾਣਾ ਬਦਲਵਾ ਦਿੱਤਾ। ਜਦੋਂ ਫਿਰ ਉਨ੍ਹਾਂ ਨੇ ਗਾਣਾ ਲਗਵਾਇਆ ਤਾਂ ਫਿਰ ਲਾੜੇ ਦੇ ਦੋਸਤਾਂ ਨੇ ਗਾਣਾ ਬਦਲਵਾ ਦਿੱਤਾ ਅਤੇ ਆਪਣੀ ਮਰਜ਼ੀ ਦਾ ਗਾਣਾ ਲਗਵਾ ਲਿਆ। ਜਦੋਂ ਉਸ ਨੇ



ਅਜਿਹਾ ਕਰਨ ਤੋਂ ਰੋਕਿਆ ਤਾਂ ਲਾੜੇ ਦੇ ਦੋਸਤਾਂ ਨੇ ਉਸ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਦੇਖਦੇ ਹੀ ਦੇਖਦੇ ਵਿਆਹ ਵਾਲਾ ਪੰਡਾਲ ਜੰਗ ਦਾ ਮੈਦਾਨ ਬਣ ਗਿਆ ਅਤੇ ਇੱਟਾਂ-ਰੋੜੇ ਚੱਲਣ ਲੱਗ ਪਏ। ਬਰਾਤੀਆਂ ਵਲੋਂ ਜਿੱਥੇ ਇਕ-ਦੂਜੇ ਦੀ ਕੁੱਟਮਾਰ ਕੀਤੀ ਗਈ, ਉੱਥੇ ਹੀ ਵਿਆਹ 'ਚ ਆਈਆਂ ਗੱਡੀਆਂ ਵੀ ਭੰਨ ਦਿੱਤੀਆਂ ਗਈਆਂ। ਇਸ ਲੜਾਈ ਦੌਰਾਨ ਚਾਰ ਲੋਕ ਗੰਭੀਰ ਰੂਪ 'ਚ ਜ਼ਖਮੀ ਹੋ ਗਏ। ਪੁਲਸ ਵਲੋਂ ਸੂਚਨਾ ਮਿਲਣ 'ਤੇ ਕਾਰਵਾਈ ਕਰਦੇ ਹੋਏ ਅੱਧੀ ਦੇ ਕਰੀਬ ਬਰਾਤ 'ਤੇ ਹੀ ਮਾਮਲਾ ਦਰਜ ਕੀਤਾ ਗਿਆ ਹੈ। ਐੱਸ. ਪੀ. ਡੀ. ਫਿਰੋਜ਼ਪੁਰ ਮਨਦੀਪ ਸਿੰਘ ਦਾ ਕਹਿਣਾ ਹੈ ਕਿ 13 ਲੋਕਾਂ ਖ਼?ਲਾਫ਼ ਬਾਏਨੇਮ ਪਰਚਾ ਦਰਜ ਕੀਤਾ ਗਿਆ ਹੈ, ਜਦੋਂ ਕਿ 35 ਦੇ ਕਰੀਬ ਅਣਪਛਾਤੇ ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਦਾ ਕਹਿਣਾ ਹੈ ਕਿ ਇਸ ਮਾਮਲੇ ਦੇ ਦੋਸ਼ੀਆਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਨਸ਼ੇ ਨੇ ਲਈ 26 ਸਾਲਾ ਨੌਜਵਾਨ ਦੀ ਜਾਨ, ਖ਼ਾਲੀ ਪਲਾਟ 'ਚੋਂ ਮਿਲੀ ਲਾਸ਼

ਜਲਾਲਾਬਾਦ 8 ਅਪ੍ਰੈਲ। ਜਲਾਲਾਬਾਦ ਦੇ ਗੋਬਿੰਦ ਨਗਰੀ ਇਲਾਕੇ 'ਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇੱਕ 26 ਸਾਲਾ ਨੌਜਵਾਨ ਦੀ ਲਾਸ਼ ਇੱਕ ਖ਼ਾਲੀ ਪਲਾਟ ਵਿੱਚੋਂ ਮਿਲੀ। ਸਥਾਨਕ ਲੋਕਾਂ ਵੱਲੋਂ ਸੂਚਨਾ ਮਿਲਣ 'ਤੇ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ 'ਚ ਲੈ ਲਿਆ ਅਤੇ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਦੀ ਮੋਰਚਰੀ 'ਚ ਰਖਵਾ ਦਿੱਤਾ ਹੈ। ਮ੍ਰਿਤਕ ਦੀ ਪਛਾਣ ਗੁਰਜੰਟ ਸਿੰਘ ਵਾਸੀ ਪਿੰਡ ਮਹਿਮੂਦ ਖਾਨਾ ਵਜੋਂ ਹੋਈ ਹੈ। ਮ੍ਰਿਤਕ ਦੇ ਚਚੇਰੇ ਭਰਾ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਗੁਰਜੰਟ ਨਸ਼ੇ ਦਾ ਆਦੀ ਸੀ ਅਤੇ ਬੀਤੇ ਦਿਨ ਘਰੋਂ ਬਿਆਸ ਜਾਣ ਦਾ ਕਹਿ ਕੇ ਨਿਕਲਿਆ ਸੀ ਪਰ ਅੱਜ ਉਸਦੀ ਲਾਸ਼ ਮਿਲਣ ਦੀ ਖ਼ਬਰ ਪ੍ਰਾਪਤ ਹੋਈ। ਪਰਿਵਾਰ ਨੇ ਪੁਲਸ ਪ੍ਰਸ਼ਾਸਨ ਤੋਂ ਇਨਸਾਫ਼ ਦੀ ਮੰਗ ਕਰਦਿਆਂ ਨਸ਼ਾ ਵੇਚਣ ਵਾਲਿਆਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ । ਮੁਹੱਲਾ ਨਿਵਾਸੀ ਸਵਰਣ ਸਿੰਘ ਨੇ ਦੱਸਿਆ ਕਿ ਇਲਾਕੇ 'ਚ ਨਸ਼ਾ ਸ਼ਰੇਆਮ ਵਿਕ ਰਿਹਾ ਹੈ ਅਤੇ ਉਹ ਨਸ਼ਾ ਵੇਚਣ ਵਾਲਿਆਂ ਦੇ ਨਾਮ ਵੀ ਪੁਲਸ ਨੂੰ ਦੱਸਣ ਲਈ ਤਿਆਰ ਹਨ। ਪੁਲ ਸ ਅਧਿਕਾਰੀ ਅਮਰਜੀਤ ਕੌਰ ਨੇ



ਦੱਸਿਆ ਕਿ ਘਟਨਾ ਵਾਲੀ ਥਾਂ ਤੋਂ ਨਸ਼ੇ ਦੇ ਟੀਕੇ (ਸਰਿੰਜਾਂ) ਅਤੇ ਸਿਲਵਰ ਪੰਨੀਆਂ ਬਰਾਮਦ ਹੋਈਆਂ ਹਨ। ਉਨ੍ਹਾਂ ਕਿਹਾ ਕਿ ਪੋਸਟਮਾਰਟਮ ਦੀ ਰਿਪੋਰਟ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇਗਾ। ਪੁਲਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਸ਼ਾ ਤਸਕਰਾਂ ਨੂੰ ਫੜ੍ਹਾਉਣ 'ਚ ਪੁਲਸ ਦਾ ਸਾਥ ਦੇਣ।

## ਆਰਥਿਕ ਤੰਗੀ ਤੇ ਮਾਨਸਿਕ ਪਰੇਸ਼ਾਨੀ ਕਾਰਨ ਨੌਜਵਾਨ ਨੇ ਕੀਤੀ ਖ਼ੁਦਕੁਸ਼ੀ

ਅਬੋਹਰ 8 ਅਪ੍ਰੈਲ। ਇੱਥੇ ਪਿੰਡ ਕੁਲਾਰ ਦੇ ਇਕ ਨੌਜਵਾਨ ਵੱਲੋਂ ਆਰਥਿਕ ਤੰਗੀ ਅਤੇ ਮਾਨਸਿਕ ਪਰੇਸ਼ਾਨੀ ਕਾਰਨ ਘਰ 'ਚ ਖ਼ੁਦਕੁਸ਼ੀ ਕਰਨ ਦੀ ਖ਼ਬਰ ਪ੍ਰਾਪਤ ਹੋਈ ਹੈ। ਪੁਲਸ ਨੇ ਲਾਸ਼ ਨੂੰ ਹਸਪਤਾਲ ਦੇ ਮੁਰਦਾਘਰ 'ਚ ਰਖਵਾ ਦਿੱਤਾ ਹੈ। ਜਾਣਕਾਰੀ ਅਨੁਸਾਰ ਲਗਭਗ 24 ਸਾਲਾ ਵਿਕਾਸ ਪੁੱਤਰ ਰਾਮ ਸਿੰਘ ਦਾ ਵਿਆਹ 4 ਸਾਲ ਪਹਿਲਾਂ ਹੋਇਆ ਸੀ ਅਤੇ ਉਸ ਦੀ ਮਹਿਕ ਨਾਮ ਦੀ 2 ਸਾਲ ਦੀ ਇਕ ਧੀ ਹੈ। ਮ੍ਰਿਤਕ ਦੇ ਭਰਾ ਰਵੀ ਨੇ ਦੱਸਿਆ ਕਿ ਵਿਕਾਸ ਮਜ਼ਦੂਰੀ ਕਰਦਾ ਸੀ ਪਰ ਕੰਮ ਸਹੀ ਨਾ ਚੱਲਣ ਕਾਰਨ ਉਹ ਅਕਸਰ ਪਰੇਸ਼ਾਨ ਰਹਿੰਦਾ ਸੀ। ਘਟਨਾ ਵੇਲੇ ਉਸ ਦੀ ਪਤਨੀ ਧੀ ਸਮੇਤ ਆਪਣੇ ਮਾਪਿਆਂ ਦੇ ਘਰ ਗਈ ਹੋਈ ਸੀ ਅਤੇ ਵਿਕਾਸ ਘਰ 'ਚ ਇਕੱਲਾ ਸੀ। ਬੀਤੀ ਰਾਤ ਉਹ ਖਾਣਾ ਖਾ ਕੇ ਸੌਂ ਗਿਆ ਪਰ ਸਵੇਰੇ ਲਗਭਗ 6 ਵਜੇ ਜਦੋਂ ਰਵੀ ਉੱਠਿਆ ਤਾਂ ਉਸ ਨੇ ਵਿਕਾਸ ਨੂੰ ਕਮਰੇ 'ਚ ਫ਼ਾਹੇ ਨਾਲ ਲਟਕਦਾ ਪਾਇਆ। ਪਰਿਵਾਰਕ ਮੈਂਬਰਾਂ ਨੇ ਉਸ ਨੂੰ ਹੇਠਾਂ ਉਤਾਰਿਆ ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ ਅਤੇ 'ਨਰ ਸੇਵਾ ਨਾਰਾਇਣ ਸੇਵਾ ਸਮਿਤੀ' ਦੇ ਮੈਂਬਰ ਚਿਮਨ ਲਾਲ ਦੀ ਮਦਦ ਨਾਲ ਲਾਸ਼ ਨੂੰ ਹਸਪਤਾਲ ਪਹੁੰਚਾਇਆ। ਮ੍ਰਿਤਕ ਦੀ ਪਤਨੀ ਵੀ ਹਸਪਤਾਲ ਪਹੁੰਚ ਗਈ ਹੈ। ਪੁਲਸ ਨੇ ਪਰਿਵਾਰ ਦੇ ਬਿਆਨਾਂ ਦੇ ਆਧਾਰ 'ਤੇ ਬੀ. ਐੱਨ. ਐੱਸ. ਦੀ ਧਾਰਾ 194 ਤਹਿਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਦੋਵੇਂ ਪੈਰ ਵੱਢੇ ਜਾਣ ਦੇ ਬਾਵਜੂਦ ਕਾਂਸਟੇਬਲ ਨੇ ਚੋਰ ਨੂੰ ਕੀਤਾ ਕਾਬੂ

ਗੋਂਡਾ, 8 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਗੋਂਡਾ ਰੇਲਵੇ ਜੰਕਸ਼ਨ 'ਤੇ ਮੰਗਲਵਾਰ ਦੀ ਰਾਤ ਇਕ ਬਹਾਦਰ ਕਾਂਸਟੇਬਲ ਨੇ ਚੱਲਦੀ ਟ?ਰੇਨ ਦੀ ਲਪੇਟ 'ਚ ਆਉਣ ਪਿੱਛੋਂ ਦੋਹਾਂ ਪੈਰਾਂ ਦੇ ਵੱਢੇ ਜਾਣ ਦੇ ਬਾਵਜੂਦ ਇਕ ਚੋਰ ਨੂੰ ਫੜ ਕੇ ਇਤਿਹਾਸ ਰਚ ਦਿੱਤਾ। ਘਟਨਾ ਅਨੁਸਾਰ ਪਲੇਟਫਾਰਮ ਨੰਬਰ ਇਕ 'ਤੇ ਦੋ ਨੌਜਵਾਨ ਇਕ ਪਰਸ ਦੀ ਚੋਰੀ ਨੂੰ ਲੈ ਕੇ ਆਪਸ 'ਚ ਲੜ ਰਹੇ ਸਨ। ਮੁਲਜ਼ਮ ਸੁਨੀਲ ਕੁਮਾਰ (35) 'ਤੇ ਪੈਸੇ ਚੋਰੀ ਕਰਨ ਦਾ ਦੋਸ਼ ਸੀ। ਡਿਊਟੀ 'ਤੇ ਤਾਇਨਾਤ ਕਾਂਸਟੇਬਲ ਆਕਾਸ਼ ਸਿੰਘ (29) ਨੇ ਦੋਵਾਂ ਨੂੰ ਫੜ ਲਿਆ ਤੇ ਪਲੇਟਫਾਰਮ 'ਤੇ ਬਣੇ ਜੀ. ਆਰ. ਪੀ. ਦੇ ਥਾਣੇ 'ਚ ਲੈ ਆਇਆ। ਪੁੱਛਗਿੱਛ ਦੌਰਾਨ ਹੀ ਲਖਨਊ ਜਾ ਰਹੀ ਡਿਬਰੂਗੜ੍ਹ-ਚੰਡੀਗੜ੍ਹ ਐਕਸਪ੍ਰੈੱਸ (15903) ਪਲੇਟਫਾਰਮ 'ਤੇ ਆ ਗਈ। ਇਸ ਦੌਰਾਨ ਸੁਨੀਲ ਕੁਮਾਰ ਨੇ ਕਾਂਸਟੇਬਲ ਨੂੰ ਧੱਕਾ ਮਾਰਿਆ ਤੇ ਦੌੜ ਕੇ ਟ?ਰੇਨ 'ਚ ਚੜ੍ਹ ਗਿਆ। ਆਕਾਸ਼ ਸਿੰਘ ਨੇ ਤੁਰੰਤ ਪਿੱਛਾ ਕੀਤਾ ਤੇ ਸੁਨੀਲ ਨੂੰ ਬਾਹਰ ਕੱਢਿਆ। ਇਸ ਦੌਰਾਨ ਕਾਂਸਟੇਬਲ ਟ?ਰੇਨ ਤੇ ਪਲੇਟਫਾਰਮ ਦਰਮਿਆਨ ਬਣੇ ਗੈਪ 'ਚ ਡਿੱਗ ਗਿਆ ਤੇ ਉਸ ਦੇ ਦੋਵੇਂ ਪੈਰ ਵੱਢੇ ਗਏ। ਇਸ ਦੇ ਬਾਵਜੂਦ ਆਕਾਸ਼ ਨੇ ਚੋਰ ਨੂੰ ਫੜ ਲਿਆ। ਜੀ. ਆਰ. ਪੀ. ਦੇ ਇੰਸਪੈਕਟਰ ਦਿਨੇਸ਼ ਕੁਮਾਰ ਨੇ ਕਿਹਾ ਕਿ ਜ਼ਖਮੀ ਕਾਂਸਟੇਬਲ ਨੂੰ ਗੋਂਡਾ ਦੇ ਮੈਡੀਕਲ ਕਾਲਜ 'ਚ ਦਾਖਲ ਕਰਵਾਇਆ ਗਿਆ । ਫਿਰ ਉਸ ਨੂੰ ਲਖਨਊ ਦੇ ਟਰੋਮਾ ਸੈਂਟਰ ਰੈਫਰ ਕਰ ਦਿੱਤਾ ਗਿਆ। ਮੁਲਜ਼ਮ ਚੋਰ ਦਾ ਵੀ ਇਲਾਜ ਕੀਤਾ ਜਾ ਰਿਹਾ ਹੈ। ਇਹ ਘਟਨਾ ਆਕਾਸ਼ ਸਿੰਘ ਦੀ ਬਹਾਦਰੀ ਅਤੇ ਹਿੰਮਤ ਦੀ ਇਕ ਸਪੱਸ਼ਟ ਉਦਾਹਰਣ ਪੇਸ਼ ਕਰਦੀ ਹੈ।

# ਸਟਰਾਈਕਰ ਗੇਮ ਦੀ ਆੜ 'ਚ ਠੱਗੀਆਂ ਮਾਰਨ ਵਾਲੇ ਗਿਰੋਹ ਦਾ ਪਰਦਾਫ਼ਾਸ਼

**ਕੌਮੀ ਪਤ੍ਰਿਕਾ**

ਲੁਧਿਆਣਾ 8 ਅਪ੍ਰੈਲ। ਸ਼ਹਿਰ ਵਿਚ ਭੋਲੇ-ਭਾਲੇ ਲੋਕਾਂ ਨੂੰ ਆਪਣੀਆਂ ਗੱਲਾਂ ਦੇ ਜਾਲ ਵਿਚ ਫਸਾ ਕੇ ਅਤੇ ਪੈਸੇ ਦੁੱਗਣੇ ਕਰਨ ਦਾ ਸਬਜ਼ਬਾਗ ਦਿਖਾ ਕੇ ਠੱਗੀ ਕਰਨ ਵਾਲੇ ਇਕ ਗਿਰੋਹ ਦਾ ਪਰਦਾਫਾਸ਼ ਹੋਇਆ ਹੈ। ਥਾਣਾ ਡਵੀਜ਼ਨ ਨੰਬਰ 1 ਦੀ ਪੁਲਸ ਨੇ ਘੰਟਾ ਘਰ ਚੌਕ ਨੇੜੇ ਲਾਟਰੀ ਮਾਰਕੀਟ ਕੋਲ ਛਾਪੇਮਾਰੀ ਕਰਕੇ




ਇਕ ਮੁਲਜ਼ਮ ਨੂੰ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ, ਜਦੋਂ ਕਿ ਉਸ ਦੇ ਤਿੰਨ ਸਾਥੀ ਪੁਲਸ ਨੂੰ ਚਕਮਾ ਦੇ ਕੇ ਫਰਾਰ ਹੋਣ ਵਿਚ ਕਾਮਯਾਬ ਹੋ ਗਏ। ਜੋ ਕਿ 'ਸਟ?ਰਾਈਕਰ ਗੇਮ' ਦੀ ਆੜ ਵਿਚ ਲੋਕਾਂ ਨਾਲ ਠੱਗੀ ਕਰ ਰਹੇ ਸਨ। ਜਾਣਕਾਰੀ ਅਨੁਸਾਰ, ਸਬ-ਇੰਸਪੈਕਟਰ ਰਾਜਿੰਦਰ ਕੁਮਾਰ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਗਿਰਜਾ ਘਰ ਚੌਕ ਵਿਚ ਮੌਜੂਦ ਸਨ। ਇਸੇ ਦੌਰਾਨ ਉਨ੍ਹਾਂ ਨੂੰ ਖਾਸ ਮੁਖਬਰ ਤੋਂ ਸੂਚਨਾ ਮਿਲੀ ਕਿ ਪ੍ਰੇਮ ਕੁਮਾਰ ਥਾਪਾ ਨਾਂ ਦਾ ਵਿਅਕਤੀ ਆਪਣੇ ਸਾਥੀਆਂ ਨਾਲ ਮਿਲ ਕੇ ਘੰਟਾ ਘਰ ਨੇੜੇ ਸੜਕ ਕਿਨਾਰੇ 'ਸਟ?ਰਾਈਕਰ ਗੇਮ' ਦੀ ਆੜ ਵਿਚ ਲੋਕਾਂ ਨੂੰ ਠੱਗ ਰਿਹਾ ਹੈ। ਮੁਲਜ਼ਮ ਮਾਸੂਮ ਲੋਕਾਂ ਨੂੰ ਘੱਟ ਸਮੇਂ ਵਿਚ ਪੈਸੇ ਦੁੱਗਣੇ ਕਰਨ ਦਾ ਲਾਲਚ ਦਿੰਦੇ ਸਨ ਅਤੇ ਫਿਰ ਉਨ੍ਹਾਂ ਦੀ ਖ਼ੂਨ-ਪਸੀਨੇ ਦੀ ਕਮਾਈ 'ਤੇ ਹੱਥ ਸਾਫ਼ ਕਰ ਦਿੰਦੇ ਸਨ। ਪੁਲਸ ਨੇ ਤੁਰੰਤ ਹਰਕਤ ਵਿਚ ਆਉਂਦਿਆਂ ਮੌਕੇ 'ਤੇ ਦਬਿਸ਼ ਦਿੱਤੀ ਅਤੇ ਘੇਰਾਬੰਦੀ ਕਰਕੇ ਮੁਲਜ਼ਮ ਪ੍ਰੇਮ ਕੁਮਾਰ ਥਾਪਾ ਨੂੰ ਦਬੋਚ ਲਿਆ। ਤਲਾਸ਼ੀ ਦੌਰਾਨ ਪੁਲਸ ਨੇ ਮੁਲਜ਼ਮ ਦੇ ਕਬਜ਼ੇ 'ਚੋਂ 2000 ਰੁਪਏ ਦੀ ਨਕਦੀ, ਇਕ ਮੋਬਾਈਲ ਫ਼ੋਨ, ਇਕ ਤੌਲੀਆ ਅਤੇ ਵਾਰਦਾਤ ਵਿਚ ਵਰਤਿਆ ਜਾਣ ਵਾਲਾ ਸਟ?ਰਾਈਕਰ ਬਰਾਮਦ ਕੀਤਾ ਹੈ। ਤਫ਼ਤੀਸ਼ ਵਿੱਚ ਸਾਹਮਣੇ ਆਇਆ ਹੈ ਕਿ ਇਸ ਠੱਗੀ ਦੀ ਖੇਡ ਪਿੱਛੇ ਪ੍ਰੇਮ ਕੁਮਾਰ ਦੇ ਤਿੰਨ ਹੋਰ ਸਾਥੀ ਸ਼ਾਮਲ ਹਨ, ਜਿਨ੍ਹਾਂ ਦੀ ਪਛਾਣ ਮੁੱਖ ਮੁਲਜ਼ਮ ਵਿਕਾਸ ਛਾਬੜਾ ਉਰਫ਼ ਮਹਿੰਦੀ, ਲਾਂਬਾ ਅਤੇ ਰਾਜਾ ਵਜੋਂ ਹੋਈ ਹੈ। ਇਹ ਤਿੰਨੋਂ ਮੁਲਜ਼ਮ ਪ੍ਰੇਮ ਕੁਮਾਰ ਨੂੰ ਸ਼ਹਿ ਦਿੰਦੇ ਸਨ ਅਤੇ ਪੂਰਾ ਸਿੰਡੀਕੇਟ ਮਿਲ ਕੇ ਸ਼ਹਿਰ ਦੇ ਬਾਜ਼ਾਰਾਂ ਵਿੱਚ ਠੱਗੀ ਦਾ ਜਾਲ ਵਿਛਾਈ ਬੈਠਾ ਸੀ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਫਰਾਰ ਚੱਲ ਰਹੇ ਵਿਕਾਸ ਮਹਿੰਦੀ, ਲਾਂਬਾ ਅਤੇ ਰਾਜਾ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਨੇ ਸਾਫ਼ ਕੀਤਾ ਹੈ ਕਿ ਸ਼ਹਿਰ ਵਿੱਚ ਕਿਸੇ ਵੀ ਤਰ੍ਹਾਂ ਦਾ ਗੈਰ-ਕਾਨੂੰਨੀ ਕੰਮ ਜਾਂ ਸੱਟੇਬਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਸਰਕਾਰੀ ਸਕੂਲ ਨੂੰ ਚੋਰਾਂ ਨੇ ਬਣਾਇਆ ਨਿਸ਼ਾਨਾ, ਸੀਸੀਟੀਵੀ 'ਚ ਕੈਦ ਹੋਈ ਸਾਰੀ ਘਟਨਾ

ਦੀਨਾਨਗਰ 8 ਅਪ੍ਰੈਲ। ਦੀਨਾਨਗਰ ਦੇ ਪੁਲਸ ਸਟੇਸ਼ਨ ਦੌਰਾਂਗਲਾ ਅਧੀਨ ਆਉਂਦੇ ਪਿੰਡ ਮਗਰਮੂਦੀਆਂ ਵਿੱਚ ਬੀਤੀ ਰਾਤ ਚੋਰੀ ਦੀ ਇਕ ਘਟਨਾ ਸਾਹਮਣੇ ਆਈ ਹੈ। ਇੱਕ ਮਹਿਲਾ ਅਤੇ ਇੱਕ ਵਿਅਕਤੀ ਵੱਲੋਂ ਸਕੂਲ ਅੰਦਰ ਚੋਰੀ ਕੀਤੀ ਗਈ, ਜਿਸ ਦੀ ਪੂਰੀ ਘਟਨਾ ਸਕੂਲ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ ਹੈ। ਜਾਣਕਾਰੀ ਮੁਤਾਬਕ, ਰਾਤ ਕਰੀਬ 12 ਵਜੇ ਦੋਵੇਂ ਵਿਅਕਤੀਆਂ ਨੇ ਸਕੂਲ ਦੇ ਤਾਲੇ ਤੋੜ ਕੇ ਅੰਦਰ ਦਾਖਲ ਹੋਏ ਅਤੇ ਦੋ ਭਰੇ ਹੋਏ ਗੈਸ ਸਿਲੰਡਰ, ਮਿਡ-ਡੇ ਮੀਲ ਦਾ ਸਮਾਨ ਅਤੇ ਬੱਚਿਆਂ ਦੇ ਖਾਣੇ ਵਾਲੇ ਬਰਤਨ ਚੋਰੀ ਕਰ ਲਏ। ਇਸ ਸਬੰਧੀ ਸਕੂਲ ਦੀ ਮੁੱਖ ਅਧਿਆਪਕਾ ਆਸ਼ਾ ਰਾਣੀ ਨੇ ਦੱਸਿਆ ਕਿ ਸਕੂਲ ਵਿੱਚ ਪਹਿਲਾਂ ਵੀ ਚੋਰੀ ਦੀ ਘਟਨਾ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮੁੜ ਰਾਤ ਕਰੀਬ 12 ਵਜੇ ਸਕੂਲ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਚੋਰਾਂ ਦੀਆਂ ਸਾਰੀਆਂ ਹਰਕਤਾਂ ਸੀਸੀਟੀਵੀ ਕੈਮਰੇ ਵਿੱਚ ਰਿਕਾਰਡ ਹੋ ਗਈਆਂ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਦੌਰਾਂਗਲਾ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਪੁਲਿਸ ਵੱਲੋਂ ਮੌਕੇ 'ਤੇ ਪਹੁੰਚ ਕੇ ਘਟਨਾ ਦਾ ਜਾਇਜ਼ਾ ਲਿਆ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜ਼ਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਭਗਵੰਤ ਮਾਨ ਸਰਕਾਰ ਵੱਲੋਂ ਮੋਹਾਲੀ ਵਿੱਚ ਅਤਿ-ਆਧੁਨਿਕ ਬਹੁ-ਮੰਤਵੀ ਪ੍ਰਦਰਸ਼ਨੀ ਅਤੇ ਕਨਵੈਨਸ਼ਨ ਸੈਂਟਰ ਕੀਤਾ ਜਾਵੇਗਾ ਵਿਕਸਤ : ਸੰਜੀਵ ਅਰੋੜਾ

**Contd.....Front page**

ਉਨ੍ਹਾਂ ਅੱਗੇ ਕਿਹਾ ਕਿ ਇਸ ਸਹੂਲਤ ਵਿੱਚ ਵਿਸ਼ਵ ਪੱਧਰੀ ਲੈਂਡਸਕੇਪਡ ਜਨਤਕ ਥਾਵਾਂ ਅਤੇ ਸਮਾਗਮ ਕਰਨ ਲਈ ਖੁੱਲ੍ਹੇ ਜਨਤਕ ਖੇਤਰ ਵੀ ਸ਼ਾਮਲ ਹੋਣਗੇ। ਮੰਤਰੀ ਸੰਜੀਵ ਅਰੋੜਾ ਨੇ ਕਿਹਾ, "ਈ.ਸੀ.ਸੀ. ਇੱਕ ਲਚਕਦਾਰ, ਬਹੁ-ਕਾਰਜਸ਼ੀਲ ਸਥਾਨ ਵਜੋਂ ਕੰਮ ਕਰੇਗਾ, ਜੋ 5,000 ਤੋਂ 10,000 ਡੈਲੀਗੇਟਾਂ ਦੇ ਨਾਲ ਕਾਨਫਰੰਸਾਂ ਅਤੇ ਸੰਮੇਲਨਾਂ ਦੀ ਮੇਜ਼ਬਾਨੀ ਕਰਨ, 2,000 ਲੋਕਾਂ ਦੀ ਸਹੂਲਤ ਲਈ ਲਗਭਗ 20,000 ਵਰਗ ਫੁੱਟ ਦੇ ਮਿਲਣ -ਗਿਲਣ ਵਾਲੇ ਖੇਤਰਾਂ, 200 ਤੋਂ 500 ਬੂਥਾਂ ਵਾਲੇ ਵਪਾਰਕ ਮੇਲੇ ਅਤੇ ਪ੍ਰਦਰਸ਼ਨੀਆਂ, 1000 ਤੋਂ 10000 ਸਰੋਤਿਆਂ ਵਾਲੇ ਕਾਰਪੋਰੇਟ ਸਮਾਗਮ, 1000 ਤੋਂ 10000 ਲੋਕਾਂ ਲਈ ਸੱਭਿਆਚਾਰਕ ਅਤੇ ਰੰਗਾਰੰਗ ਪ੍ਰੋਗਰਾਮ ਅਤੇ 15000 ਲੋਕਾਂ ਤੱਕ ਸਮਾਜਿਕ ਸਮਾਗਮਾਂ ਦੀ ਮੇਜ਼ਬਾਨੀ ਕਰਨ ਦੇ ਸਮਰੱਥ ਹੈ। ਆਧੁਨਿਕ ਡਿਜ਼ਾਈਨ ਅਤੇ ਸਥਿਰਤਾ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਸਹੂਲਤ ਤਹਿਤ ਉੱਨਤ ਕਾਲਮ-ਫ੍ਰੀ ਢਾਂਚਾਗਤ ਪ੍ਰਣਾਲੀਆਂ, ਕੁਸ਼ਲ ਟ੍ਰੈਫਿਕ ਸਰਕੂਲੇਸ਼ਨ ਅਤੇ ਲਾਜਿਸਟਿਕਸ ਯੋਜਨਾਬੰਦੀ, ਆਧੁਨਿਕ ਐਮ.ਈ.ਪੀ., ਏ.ਵੀ. ਅਤੇ ਆਈਟੀ ਪ੍ਰਣਾਲੀਆਂ ਦਾ ਏਕੀਕਰਨ, ਐਨਬੀਸੀ ਦੀ ਪਾਲਣਾ, ਅੱਗ ਸੁਰੱਖਿਆ ਅਤੇ ਪਹੁੰਚਯੋਗਤਾ ਮਿਆਰਾਂ ਅਤੇ ਗ੍ਰਿਹਾ 5-ਸਟਾਰ ਟਿਕਾਊ ਡਿਜ਼ਾਈਨ ਸਿਧਾਂਤਾਂ ਨੂੰ ਅਪਣਾਉਣਾ ਸ਼ਾਮਲ ਹੋਵੇਗਾ। ਮੰਤਰੀ ਸੰਜੀਵ ਅਰੋੜਾ ਨੇ ਕਿਹਾ, "ਇਹ ਕਨਵੈਨਸ਼ਨ ਅਤੇ ਪ੍ਰਦਰਸ਼ਨੀ ਕੇਂਦਰ ਪੰਜਾਬ ਲਈ ਇੱਕ ਨੁਹਾਰ-ਬਦਲੂ ਪ੍ਰਾਜੈਕਟ ਹੋਵੇਗਾ। ਇਹ ਗਲੋਬਲ ਪ੍ਰੋਗਰਾਮਾਂ ਦੀ ਮੇਜ਼ਬਾਨੀ ਕਰਨ, ਨਿਵੇਸ਼ਾਂ ਨੂੰ ਆਕਰਸ਼ਿਤ ਕਰਨ ਅਤੇ ਵੱਡੇ ਪੱਧਰ 'ਤੇ ਰੁਜ਼ਗਾਰ ਪੈਦਾ ਕਰਨ ਦੀ ਸਾਡੀ ਸਮਰੱਥਾ ਨੂੰ ਪ੍ਰਭਾਵੀ ਢੰਗ ਨਾਲ ਵਾਧਾ ਕਰੇਗਾ। ਮੋਹਾਲੀ ਇੱਕ ਆਧੁਨਿਕ ਸ਼ਹਿਰੀ ਅਤੇ ਤਕਨਾਲੋਜੀ ਹੱਬ ਵਜੋਂ ਤੇਜ਼ੀ ਨਾਲ ਉੱਭਰ ਰਿਹਾ ਹੈ ਅਤੇ ਅਜਿਹਾ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਇਸਦੇ ਵਿਕਾਸ ਦੀ ਰਫ਼ਤਾਰ ਵਿੱਚ ਨੂੰ ਹੋਰ ਤੇਜ਼ੀ ਲਿਆਵੇਗਾ। ਆਰਥਿਕ ਪ੍ਰਭਾਵਾਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਦੇ ਪਹਿਲੇ ਪੰਜ ਸਾਲਾਂ ਵਿੱਚ 15000 ਤੋਂ 25000 ਦੇ ਵਿਚਕਾਰ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਉਮੀਦ ਹੈ ਅਤੇ ਸੈਰ-ਸਪਾਟਾ, ਪਰਾਹੁਣਚਾਰੀ ਅਤੇ ਸਹਾਇਕ ਖੇਤਰਾਂ ਨੂੰ ਹੁਲਾਰਾ ਦਿੰਦੇ ਹੋਏ, ਇੱਕ ਮੋਹਰੀ ਮਾਈਸ ਡੈਸਟੀਨੇਸ਼ਨ ਵਜੋਂ ਪੰਜਾਬ ਦੀ ਸਥਿਤੀ ਨੂੰ ਮਜ਼ਬੂਤ ਕਰੇਗਾ। ਮੰਤਰੀ ਸੰਜੀਵ ਅਰੋੜਾ ਨੇ ਅੱਗੇ ਕਿਹਾ, "ਇਹ ਪ੍ਰਾਜੈਕਟ ਮੋਹਾਲੀ ਨੂੰ 21ਵੀਂ ਸਦੀ ਦੇ ਆਈਟੀ ਅਤੇ ਸੇਵਾਵਾਂ ਦੇ ਹੱਬ ਵਜੋਂ ਵਿਕਸਤ ਕਰਨ, ਕਾਰੋਬਾਰ ਕਰਨ ਵਿੱਚ ਆਸਾਨੀ ਵਧਾਉਣ, ਨਿਵੇਸ਼ਕ ਈਕੋਸਿਸਟਮ ਨੂੰ ਮਜ਼ਬੂਤ ਕਰਨ ਅਤੇ ਵਿਸ਼ਵ ਪੱਧਰੀ ਸਹਿਯੋਗ ਅਤੇ ਸਮਾਗਮਾਂ ਨੂੰ ਸਮਰਥਨ ਦੇਣ ਲਈ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਬਣਾਉਣ ਦੇ ਪੰਜਾਬ ਸਰਕਾਰ ਦੇ ਵਿਆਪਕ ਦ੍ਰਿਸ਼ਟੀਕੋਣ ਨਾਲ ਮੇਲ ਖਾਂਦਾ ਹੈ। ਪ੍ਰੈਸ ਕਾਨਫਰੰਸ ਦੌਰਾਨ ਐਗਜ਼ੀਕਨ ਗਰੁੱਪ ਦੇ ਚੇਅਰਮੈਨ ਐਮ. ਕਿਊ. ਸਈਦ, ਪੁੱਡਾ ਦੇ ਏ.ਸੀ.ਏ. ਵਿਕਾਸ ਹੀਰਾ, ਪ੍ਰਾਜੈਕਟ ਦੇ ਆਰਕੀਟੈਕਟ ਸੰਜੇ ਸੂਰਿਯਾ ਅਤੇ ਰਾਹੁਲ ਸ਼ਾਹ, ਡਾਇਰੈਕਟਰ ਮੌਜੂਦ ਸਨ।

## ਨਾਬਾਲਗਾ ਨਾਲ ਜਬਰ-ਜ਼ਿਨਾਹ ਦੇ ਦੋਸ਼ੀ ਨੂੰ 20 ਸਾਲ ਦੀ ਕੈਦ

ਚੰਡੀਗੜ੍ਹ 8 ਅਪ੍ਰੈਲ। ਜ਼ਿਲ੍ਹਾ ਅਦਾਲਤ ਨੇ ਨਾਬਾਲਗ ਵਿਦਿਆਰਥਣ ਨਾਲ ਜਬਰ-ਜ਼ਿਨਾਹ ਅਤੇ ਸੋਸ਼ਲ ਮੀਡੀਆ 'ਤੇ ਅਸ਼ਲੀਲ ਫੋਟੋ ਵਾਇਰਲ ਕਰਨ ਦੀ ਧਮਕੀ ਦੇਣ ਦੇ ਮੁਲਜ਼ਮ ਨੂੰ ਦੋਸ਼ੀ ਕਰਾਰ ਦਿੰਦਿਆਂ 20 ਸਾਲ ਕੈਦ ਤੇ 22 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਸੈਕਟਰ-39 ਥਾਣਾ ਪੁਲਸ ਨੇ ਕਰੀਬ ਦੋ ਸਾਲ ਪਹਿਲਾਂ 2024 'ਚ ਨਾਬਾਲਗ ਦੀ ਸ਼ਿਕਾਇਤ 'ਤੇ ਪਰਚਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਕੀਤਾ ਸੀ। ਪੁਲਸ ਸ਼ਿਕਾਇਤ 'ਚ ਪੀੜਤਾ ਨੇ ਦੱਸਿਆ ਕਿ ਫਰਵਰੀ 2021 'ਚ ਮੁਲਜ਼ਮ ਨਾਲ ਸੈਕਟਰ-56 ਵਿਖੇ ਸਕੂਲ ਦੇ ਬਾਹਰ ਮੁਲਾਕਾਤ ਹੋਈ ਸੀ। ਗੱਲਬਾਤ ਤੋਂ ਬਾਅਦ ਦੋਹਾਂ 'ਚ ਦੋਸਤੀ ਹੋ ਗਈ। ਮੁਲਜ਼ਮ ਨੇ ਪੀੜਤਾ ਦਾ ਮੋਬਾਇਲ ਆਪਣੇ ਕੋਲ ਰੱਖ ਲਿਆ ਤੇ ਵਾਪਸੀ ਦੇ ਬਹਾਨੇ ਘਰ ਬੁਲਾਇਆ। ਪੀੜਤਾ ਨੇ ਦੋਸ਼ ਲਾਇਆ ਕਿ ਮੁਲਜ਼ਮ ਨੇ ਘਰ ਬੁਲਾ ਕੇ ਜ਼ਬਰਦਸਤੀ ਸਰੀਰਕ ਸਬੰਧ ਬਣਾਏ ਤੇ ਕਿਸੇ ਨੂੰ ਦੱਸਣ 'ਤੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। ਮੁਲਜ਼ਮ ਸਕੂਲ ਦੀ ਕੰਧ ਟੱਪ ਕੇ ਵੀ ਉਸ ਨੂੰ ਡਰਾਉਂਦਾ-ਧਮਕਾਉਂਦਾ ਸੀ। ਸ਼ਿਕਾਇਤ 'ਚ ਦੱਸਿਆ ਕਿ ਮੁਲਜ਼ਮ ਨੇ ਪੀੜਤਾ ਦੀ ਜਾਅਲੀ ਆਈ.ਡੀ. ਬਣਾ ਕੇ ਸੋਸ਼ਲ ਮੀਡੀਆ 'ਤੇ ਅਸ਼ਲੀਲ ਫੋਟੋ ਪੋਸਟ ਕਰਨ ਦੀ ਧਮਕੀ ਦਿੱਤੀ। ਉਸਨੇ ਪੀੜਤਾ ਨੂੰ ਧਮਕੀ ਦਿੱਤੀ ਕਿ ਉਸਨੇ ਉਸਦੀ ਗੱਲ ਨਹੀਂ ਮੰਨੀ ਤਾਂ ਉਹ ਸਮੂਹਿਕ ਜਬਰ-ਜ਼ਿਨਾਹ ਕਰਵਾਏਗਾ। ਲਗਾਤਾਰ ਮਾਨਸਿਕ ਦਬਾਅ ਕਾਰਨ ਪੀੜਤਾ ਨੇ ਖ਼ੁਦਕੁਸ਼ੀ ਦੀ ਕੋਸ਼ਿਸ਼ ਵੀ ਕੀਤੀ ਪਰ ਉਸਦੀ ਮਾਂ ਨੇ ਸਮੇਂ ਸਿਰ ਉਸ ਨੂੰ ਬਚਾ ਲਿਆ। ਪੀੜਤਾ ਦੋ ਸਾਲਾਂ ਤੋਂ ਮਾਨਸਿਕ ਤਸੀਹੇ ਝੱਲ ਰਹੀ ਸੀ।

## ਲੁਧਿਆਣਾ ਦੇ ਕਾਰੋਬਾਰੀ ਨਾਲ 70 ਲੱਖ ਰੁਪਏ ਦੀ ਧੋਖਾਧੜੀ

ਲੁਧਿਆਣਾ 8 ਅਪ੍ਰੈਲ। ਵਪਾਰ ਦੀ ਆੜ ਵਿਚ ਲੱਖਾਂ ਦੀ ਠੱਗੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਅਮਿਤ ਜੈਨ ਵੱਲੋਂ ਦਿੱਤੀ ਗਈ ਸ਼ਿਕਾਇਤ ਦੀ ਪੁਲਸ ਪੜਤਾਲ ਵਿਚ ਇਹ ਖੁਲਾਸਾ ਹੋਇਆ ਹੈ ਕਿ ਇਕ ਸ਼ਾਤਰ ਵਿਅਕਤੀ ਨੇ ਵਪਾਰਕ ਸਬੰਧਾਂ ਦਾ ਫਾਇਦਾ ਉਠਾਉਂਦੇ ਹੋਏ ਪੀੜਤ ਵਪਾਰੀ ਨੂੰ ਕਰੀਬ 70,38,789 ਰੁਪਏ ਦਾ ਚੂਨਾ ਲਗਾਇਆ ਹੈ। ਜਾਣਕਾਰੀ ਮੁਤਾਬਕ, ਮੁਲਜ਼ਮ ਸੁਭਾਸ਼ ਕੁਮਾਰ ਨੇ ਸਾਲ 2018-19 ਵਿਚ ਅਮਿਤ ਜੈਨ ਤੋਂ ਕੱਪੜਾ ਖਰੀਦਣਾ ਸ਼ੁਰੂ ਕੀਤਾ ਸੀ। ਸ਼ੁਰੂਆਤ ਵਿਚ ਵਿਸ਼ਵਾਸ ਕਾਇਮ ਕਰਨ ਤੋਂ ਬਾਅਦ ਮੁਲਜ਼ਮ ਅਕਸਰ ਮਾਲ ਉਧਾਰ 'ਤੇ ਲੈ ਕੇ ਜਾਣ ਲੱਗਾ। ਸਮੇਂ-ਸਮੇਂ 'ਤੇ ਮੁਲਜ਼ਮ ਨੇ ਭਾਰੀ ਮਾਤਰਾ ਵਿਚ ਕੱਪੜੇ ਦੀ ਖਰੀਦਦਾਰੀ ਕੀਤੀ, ਪਰ ਜਦੋਂ ਭੁਗਤਾਨ ਦੀ ਵਾਰੀ ਆਈ ਤਾਂ ਉਹ ਆਨਾਕਾਨੀ ਕਰਨ ਲੱਗਾ। ਪੁਲਸ ਜਾਂਚ ਵਿਚ ਸਾਹਮਣੇ ਆਇਆ ਕਿ ਮੁਲਜ਼ਮ ਵੱਲ ਪੀੜਤ ਵਪਾਰੀ ਦੀ ਕੁੱਲ 70 ਲੱਖ 38 ਹਜ਼ਾਰ 789 ਰੁਪਏ ਦੀ ਬਕਾਇਆ ਰਾਸ਼ੀ ਨਿਕਲਦੀ ਸੀ।

# ਇੱਕੋ ਝਟਕੇ 40 ਤੋਂ ਵੱਧ ਭੇਡਾਂ ਦੀ ਮੌਤ ! ਫੁੱਲੇ ਹੋਏ ਪੇਟ ਦੇਖ ਉੱਡੇ ਲੋਕਾਂ ਦੇ ਹੋਸ਼

ਲੁਧਿਆਣਾ 8 ਅਪ੍ਰੈਲ। ਪਿੰਡ ਭੱਟੀਆਂ ਦੇ ਇਕ ਖਾਲੀ ਪਲਾਟ ਵਿਚ ਸ਼ੱਕੀ ਹਾਲਾਤ ਵਿਚ ਵੱਡੀ ਗਿਣਤੀ ਵਿਚ ਭੇਡਾਂ ਦੀਆਂ ਲਾਸ਼ਾਂ ਪਈਆਂ ਮਿਲੀਆਂ। ਇਕੋ ਵੇਲੇ ਇੰਨੀਆਂ ਬੇਜ਼ੁਬਾਨ ਜਾਨਾਂ ਦੇ ਖ਼ਤਮ ਹੋਣ ਦੀ ਖ਼ਬਰ ਅੱਗ ਵਾਂਗ ਪੂਰੇ ਇਲਾਕੇ ਵਿਚ ਫੈਲ ਗਈ ਅਤੇ ਦੇਖਦੇ ਹੀ ਦੇਖਦੇ ਮੌਕੇ 'ਤੇ ਪੇਂਡੂਆਂ ਦਾ ਭਾਰੀ ਇਕੱਠ ਉਮੜ ਪਿਆ। ਘਟਨਾ ਤੋਂ ਬਾਅਦ ਪੂਰੇ ਪਿੰਡ ਵਿੱਚ ਦਹਿਸ਼ਤ ਅਤੇ ਗ਼ਮ ਦਾ ਮਾਹੌਲ ਬਣਿਆ ਹੋਇਆ ਹੈ। ਜਾਣਕਾਰੀ ਮੁਤਾਬਕ, ਉਕਤ ਪਲਾਟ ਵਿਚ ਕਰੀਬ 100 ਭੇਡਾਂ ਮੌਜੂਦ ਸਨ, ਜਿਨ੍ਹਾਂ ਵਿੱਚੋਂ 40 ਤੋਂ ਵੱਧ ਭੇਡਾਂ ਮ੍ਰਿਤਕ ਹਾਲਤ ਵਿੱਚ ਮਿਲੀਆਂ। ਹੈਰਾਨੀ ਦੀ ਗੱਲ ਇਹ ਹੈ ਕਿ ਬਾਕੀ ਭੇਡਾਂ ਪੂਰੀ ਤਰ੍ਹਾਂ ਸਹੀ-ਸਲਾਮਤ ਹਨ, ਪਰ ਮਰਨ ਵਾਲੀਆਂ ਭੇਡਾਂ ਦਾ ਮੰਜ਼ਰ ਰੂਹ ਕੰਬਾ ਦੇਣ ਵਾਲਾ ਹੈ। ਚਸ਼ਮਦੀਦਾਂ ਅਨੁਸਾਰ, ਮਰੀਆਂ ਹੋਈਆਂ ਸਾਰੀਆਂ ਭੇਡਾਂ ਦੇ ਪੇਟ ਅਸਾਧਾਰਣ ਰੂਪ ਵਿੱਚ ਫੁੱਲੇ ਹੋਏ ਸਨ, ਜੋ ਕਿਸੇ ਡੂੰਘੇ ਭੇਤ ਵੱਲ ਇਸ਼ਾਰਾ ਕਰ ਰਹੇ ਹਨ। ਪੇਂਡੂਆਂ ਵਿਚ ਇਸ ਗੱਲ ਨੂੰ ਲੈ ਕੇ ਭਾਰੀ ਚਰਚਾ ਹੈ ਕਿ ਆਖ਼ਰ ਇਕੱਠੀਆਂ ਇੰਨੀਆਂ ਭੇਡਾਂ ਦੀ ਮੌਤ ਕਿਵੇਂ ਹੋ ਗਈ। ਕੀ ਭੇਡਾਂ ਨੂੰ ਕਿਸੇ ਨੇ ਜ਼ਹਿਰ ਦਿੱਤਾ ਹੈ ਜਾਂ ਫਿਰ ਇਹ ਕਿਸੇ ਜਾਨਲੇਵਾ ਬਿਮਾਰੀ ਦਾ ਪ੍ਰਕੋਪ ਹੈ? ਇਹ ਹੁਣ ਇੱਕ ਵੱਡੀ ਜਾਂਚ ਦਾ ਵਿਸ਼ਾ ਬਣ ਗਿਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਲੋਕ ਅਤੇ ਪਸ਼ੂ ਪ੍ਰੇਮੀ ਮੌਕੇ 'ਤੇ ਇਕੱਠੇ ਹੋ ਗਏ ਅਤੇ ਇਸ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕਰ ਰਹੇ ਹਨ। ਫਿਲਹਾਲ ਇਨ੍ਹਾਂ ਬੇਜ਼ੁਬਾਨਾਂ ਦੀ ਸਮੂਹਿਕ ਮੌਤ ਦਾ ਅਸਲ ਕਾਰਨ ਪੋਸਟਮਾਰਟਮ ਅਤੇ ਵਿਸਥਾਰਤ ਜਾਂਚ ਤੋਂ ਬਾਅਦ ਹੀ ਸਾਫ਼ ਹੋ ਸਕੇਗਾ। ਉਦੋਂ ਤੱਕ ਇਲਾਕੇ ਵਿੱਚ ਇਸ ਰਹੱਸਮਈ ਘਟਨਾ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਚਰਚਾਵਾਂ ਅਤੇ ਡਰ ਬਣਿਆ ਹੋਇਆ ਹੈ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਸੋਧੀ ਹੋਈ ਤਜਵੀਜ਼ ਦੀ ਰਸਮੀ ਪ੍ਰਵਾਨਗੀ ਤੋਂ ਬਾਅਦ ਹੁਣ ਰਸਮੀ ਪੱਤਰ ਅਧੀਨ ਸੇਵਾਵਾਂ ਚੋਣ ਬੋਰਡ (ਐਸ.ਐਸ.ਬੀ) ਨੂੰ ਭੇਜਿਆ ਜਾ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਐਸ.ਐਸ.ਬੀ ਵੱਲੋਂ ਭਰਤੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਨ੍ਹਾਂ ਅਹਿਮ ਅਸਾਮੀਆਂ ਨੂੰ ਜਲਦ ਤੋਂ ਜਲਦ ਪਾਰਦਰਸ਼ੀ ਢੰਗ ਨਾਲ ਭਰਿਆ ਜਾ ਸਕੇ।

# ਹੈਲਥ ਅਵੇਅਰਨੈਸ ਸੋਸਾਇਟੀ ਦੇ ਪ੍ਰਤੀਨਿਧੀਆਂ ਦਾ ਮਯੰਕ ਫਾਊਂਡੇਸ਼ਨ ਫਿਰੋਜ਼ਪੁਰ ਵੱਲੋਂ ਭਰਵਾਂ ਸੁਆਗਤ

**ਪਟਿਆਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹੈਲਥ ਅਵੇਅਰਨੈਸ ਸੋਸਾਇਟੀ ਬਾਰਾਦਰੀ ਗਾਰਡਨ ਰਜਿ: ਪਟਿਆਲਾ ਵੱਲੋਂ ਯੋਗਾ ਪਰਿਵਾਰ ਗਰੁੱਪ ਬਾਰਾਦਰੀ ਗਾਰਡਨਜ਼ ਅਤੇ ਆਲ 24 ਫਰੈਂਡਜ਼ ਗਰੁੱਪਸ ਬਾਰਾਦਰੀ ਗਾਰਡਨਜ਼ ਪਟਿਆਲਾ ਦੇ ਪ੍ਰਤੀਨਿਧੀਆਂ ਨੇ ਫਿਰੋਜਪੁਰ ਦਾ ਅਵਲੋਕਨ ਦੌਰਾ ਕੀਤਾ। ਜ਼ਸਵੰਤ ਸਿੰਘ ਕੌਲੀ ਦੀ ਅਗਵਾਈ ਵਿੱਚ ਦੌਰਾ ਕੀਤਾ ਗਿਆ। ਫਿਰੋਜਪੁਰ ਦੀ ਨਾਮੀ ਸੰਸਥਾ ਮਯੰਕ ਫਾਊਂਡੇਸ਼ਨ ਦੇ ਸੰਸਥਾਪਕ ਪ੍ਰਦੀਪ ਸ਼ਰਮਾ, ਡਾ. ਗਜ਼ਲਪ੍ਰੀਤ ਸਿੰਘ ਸ਼ਹੀਦ ਦੇਸ਼ ਭਗਤ ਯੂਨੀਵਰਸਿਟੀ ਅਤੇ ਹਰਿੰਦਰ ਭੁਲਰ ਦੀ ਅਗਵਾਈ ਵਿੱਚ ਫੁੱਲਮਾਲਾ ਪਾ ਕੇ ਸਾਰਿਆਂ ਪ੍ਰਤੀਨਿਧੀਆਂ ਦਾ ਹਾਰਦਿਕ ਸਵਾਗਤ ਕੀਤਾ ਗਿਆ। ਇਹ ਇੱਕ ਆਤਮਿਕ ਤੌਰ ਤੇ ਉਤਸ਼ਾਹ ਪੂਰਣ ਭਰਪੂਰ ਅਤੇ ਸੰਜੀਦਗੀ ਭਰਿਆ ਖੁਸ਼ਗਵਾਰ ਮਾਹੌਲ ਸਿਰਜਿਆ ਗਿਆ। ਇਸ ਦੌਰਾਨ ਮਯੰਕ ਫਾਊਂਡੇਸ਼ਨ ਦੇ ਸਕੱਤਰ ਰਾਜੀਵ ਸੇਤਿਆ ਨੇ ਸੰਸਥਾ ਦੀ ਗਤੀਵਿਧੀਆਂ ਦਾ ਜਿਕਰ ਕੀਤਾ ਜ਼ੋ ਕਿ ਕਾਬਿਲੇ ਤਾਰੀਫ ਸੀ। ਇਸ ਉਪਰੰਤ ਜ਼ਸਵੰਤ ਸਿੰਘ ਕੌਲੀ ਪ੍ਰਧਾਨ ਹੈਲਥ ਅਵੇਅਰਨੈਸ ਸੁਸਾਇਟੀ ਬਾਰਾਂਦਰੀ ਗਾਰਡਨ ਰਜਿ: ਪਟਿਆਲਾ ਸੰਸਥਾ ਵੱਲੋਂ ਕੀਤੇ ਜਾਦੇ ਕੰਮਾਂ ਦਾ ਵੇਰਵਾ ਦਿੱਤਾ। ਜਿਸ ਵਿੱਚ ਸਿਹਤ ਜਾਗਰੂਕਤਾਂ ਸੈਮੀਨਾਰ, ਖੂਨਦਾਨ ਕੈਂਪ, ਰੈਗੂਲਰ ਯੋਗਾ ਕਲਾਸ, ਸਭਿਆਚਾਰਕ ਪ੍ਰੋਗਰਾਮ, ਪ੍ਰਯਾਵਰਣ ਦੀ ਸਾਂਭ ਸੰਭਾਲ, ਵਿਸ਼ਵ ਸ਼ਾਤੀ ਮੇਰਾ ਭਾਰਤ ਮਹਾਨ ਦਾ ਪ੍ਰਚਾਰ, ਆਦਿ ਕੀਤਾ ਜਾਂਦਾ ਹੈ ਬਾਰੇ ਚਾਨਣਾਂ ਪਾਇਆ। ਇਸ ਦੌਰਾਨ (ਐਨ.ਜੀ.ਓ.) ਸੰਸਥਾ ਵੱਲੋਂ ਜੀਵਨ ਸ਼ੈਲੀ, ਚੰਗੀ ਸਿਹਤ, ਪ੍ਰਯਾਵਰਣ ਦੀ ਸਾਂਭ ਸੰਭਾਲ, ਪ੍ਰਦੂਸ਼ਨ ਰਹਿਤ ਵਾਤਾਵਰਨ ਹਿੱਤ ਪੌਦੇ ਲਗਾਉਣਾ ਅਤੇ ਸਮਾਜ ਭਲਾਈ ਆਦਿ ਬਾਰੇ ਵਿਚਾਰ ਵਟਾਂਦਰਾ ਸਾਂਝਾ ਕੀਤਾ ਗਿਆ।

ਪਟਿਆਲਾ ਤੋਂ ਗਏ ਪ੍ਰਤੀਨਿਧਾਂ ਵਿਚੋਂ ਪ੍ਰਧਾਨ ਜ਼ਸਵੰਤ ਸਿੰਘ ਕੌਲੀ, ਤਾਰਾ ਸਿੰਘ ਭਮਰਾ ਜਨਰਲ ਸਕੱਤਰ, ਰਣਜੀਤ ਕੌਰ ਮੀਤ ਪ੍ਰਧਾਨ, ਇੰਦਰਜੀਤ ਕੌਰ ਪੀ.ਆਰ.ਓ., ਪੂਰਨ ਸਵਾਮੀ ਕਾਰਜਕਾਰੀ ਮੈਂਬਰ, ਹਰਿੰਦਰਪਾਲ ਸਿੰਘ ਸਹਾਇਕ ਡਾਇਰੈਕਟਰ ਬਾਗਬਾਨੀ ਵਿਭਾਗ, ਹਰਜੀਤ ਕੌਰ ਯੋਗਾ ਗਰੁੱਪ, ਜ਼ਸਵਿੰਦਰ ਕੌਰ, ਮਿਸਿਜ਼ ਸਿਕੰਦਰਪਾਲ ਸਿੰਘ, ਸੋਬਿਨ, ਜ਼ਸਪਾਲ ਸਿੰਘ, ਅਜੀਤ ਸਿੰਘ ਬਾਵਾ, ਹਰੀ ਚੰਦ ਬਾਂਸਲ, ਆਦਿ ਨੂੰ ਫਿਰੋਜਪੁਰ ਦੇ ਪ੍ਰਮੁੱਖ ਉਦਯੋਗਪਤੀ ਸਮੀਰ ਮਿੱਤਲ ਜੀ ਨੇ ਦੋਹਨਾਂ ਸੰਗਠਨਾਂ ਨੂੰ ਸਮਾਜਿਕ ਯਤਨਾ ਤੇ ਸਾਂਝਾ ਕੰਮ ਕਰਨ ਹਿੱਤ ਵਧਾਈ ਦਿੱਤੀ ਅਤੇ ਉਤਸ਼ਾਹਿਤ ਕੀਤਾ। ਅੰਤ ਵਿੱਚ ਮਯੰਕ ਫਾਊਂਡੇਸ਼ਨ ਵਲੋਂ ਪ੍ਰਤੀਨਿਧੀਆਂ ਨੂੰ ਯਾਦਗਾਰੀ ਚਿੰਨ ਭੇਂਟ ਕੀਤੇ ਗਏ। ਜਿਸ ਕਰਕੇ ਇਹ ਦੌਰਾ ਬੇਮਿਸਾਲ ਸਦਾ ਲਈ ਯਾਦਗਾਰੀ ਬਣ ਗਿਆ। ਜ਼ਸਵੰਤ ਸਿੰਘ ਕੌਲੀ ਪ੍ਰਧਾਨ ਨੇ ਸਾਰਿਆਂ ਦਾ ਬਹੁਤ-ਬਹੁਤ ਦਿਲੋਂ ਧੰਨਵਾਦ ਕੀਤਾ।

## ਸੰਪਾਦਕੀ

# ਇਰਾਨ-ਅਮਰੀਕਾ-ਇਜ਼ਰਾਈਲ ਜੰਗ ਨਵੇਂ ਮੋੜ ’ਤੇ’

ਇਸ ਜੰਗ ਵਿੱਚ ਕੁੱਝ ਫੌਰੀ ਨੈਤਿਕ-ਸਿਆਸੀ ਹਿੱਤ ਵੀ ਜੁੜੇ ਹੋਏ ਹਨ। ਅਮਰੀਕਾ ਦੀ ਘਰੇਲੂ ਰਾਜਨੀਤੀ ਵਿੱਚ ਐਪਸਟੀਨ ਫਾਈਲਾਂ ਦੇ ਵਿਵਾਦ ਵਿੱਚ ਘਿਰਿਆ ਟਰੰਪ ਪ੍ਰਸ਼ਾਸਨ ਅਤੇ ਇਜ਼ਰਾਈਲ ਵਿੱਚ ਭ੍ਰਿਸ਼ਟਾਚਾਰ ਤੇ ਜੰਗੀ ਅਪਰਾਧਾਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਨੇਤਨਯਾਹੂ ਸੱਤਾ ’ਚ ਬਣੇ ਰਹਿਣ ਦੀ ਜੱਦੋਜਹਿਦ ’ਚ ਇਸ ਜੰਗ ਨੂੰ ਤੇਜ਼ ਕਰ ਰਹੇ ਹਨ। ਆਰਥਿਕ ਤੌਰ ’ਤੇ ਮੱਧ ਪੂਰਬ ਦੇ ਕੁਦਰਤੀ ਸਰੋਤਾਂ ’ਤੇ ਕਬਜ਼ਾ ਅਤੇ ਹਥਿਆਰਾਂ ਦੀ ਸਨਅਤ ਲਈ ਇਹ ਜੰਗ ਇੱਕ ਮੁਨਾਫ਼ੇ ਵਾਲਾ ਸੌਦਾ ਹੈ। ਇਸਦੇ ਨਾਲ ਹੀ ਅੱਜ ਦੀ ਦੁਨੀਆ ਇੱਕ-ਧਰੁਵੀ ਨਹੀਂ ਰਹੀ। ਅਮਰੀਕੀ ਚੌਧਰ ਨੂੰ ਰੂਸ ਅਤੇ ਚੀਨ ਵੱਲੋਂ ਵੱਡੀ ਚੁਣੌਤੀ ਮਿਲ ਰਹੀ ਹੈ। ਰੂਸ ਲਈ ਇਰਾਨ ਇੱਕ ਅਹਿਮ ਰਣਨੀਤਕ ਭਾਈਵਾਲ ਹੈ। ਯੂਕਰੇਨ ਜੰਗ ਵਿੱਚ ਰੂਸ ਨੇ ਇਰਾਨੀ ਡਰੋਨਾਂ ਦੀ ਵਰਤੋਂ ਕੀਤੀ ਹੈ। ਰੂਸ ਚਾਹੁੰਦਾ ਹੈ ਕਿ ਅਮਰੀਕਾ ਮੱਧ ਪੂਰਬ ਵਿੱਚ ਉਲਝਿਆ ਰਹੇ ਤਾਂ ਜੋ ਯੂਕਰੇਨ ਤੋਂ ਪੱਛਮ ਦਾ ਧਿਆਨ ਹਟ ਜਾਵੇ। ਉਧਰ ਚੀਨ ਇਰਾਨ ਦੇ ਤੇਲ ਦਾ ਸਭ ਤੋਂ ਵੱਡਾ ਖਰੀਦਦਾਰ ਹੈ। ਚੀਨ ਇਸ ਜੰਗ ਵਿੱਚ ਸਿੱਧਾ ਨਹੀਂ ਕੁੱਦ ਰਿਹਾ ਪਰ ਉਹ ‘ਬ੍ਰਿਕਸ’ ਅਤੇ ਹੋਰ ਮੰਚਾਂ ਰਾਹੀਂ ਅਮਰੀਕੀ ਪਾਬੰਦੀਆਂ ਨੂੰ ਬੇਅਸਰ ਕਰ ਰਿਹਾ ਹੈ।

ਇਸ ਜੰਗ ਦਾ ਸਭ ਤੋਂ ਦੂਰਗਾਮੀ ਪ੍ਰਭਾਵ ਅਮਰੀਕੀ ਡਾਲਰ ’ਤੇ ਪੈ ਰਿਹਾ ਹੈ। ਦਹਾਕਿਆਂ ਤੋਂ ਤੇਲ ਦਾ ਵਪਾਰ ਡਾਲਰ ਵਿੱਚ ਹੁੰਦਾ ਆਇਆ ਹੈ, ਜਿਸ ਨੇ ਅਮਰੀਕਾ ਨੂੰ ਵਿਸ਼ਵ ਦੀ ਆਰਥਿਕ ਸੁਪਰਪਾਵਰ ਬਣਾਇਆ। ਪਰ ਹੁਣ ਇਰਾਨ, ਰੂਸ ਅਤੇ ਚੀਨ ਆਪਣੀਆਂ ਸਥਾਨਕ ਕਰੰਸੀਆਂ ਵਿੱਚ ਵਪਾਰ ਕਰ ਰਹੇ ਹਨ। ਜੇਕਰ ਜੰਗ ਕਾਰਨ ਅਰਬ ਦੇਸ਼ ਵੀ ਡਾਲਰ ਤੋਂ ਕਿਨਾਰਾ ਕਰਦੇ ਹਨ ਤਾਂ ਪੈਟਰੋਡਾਲਰ ਦਾ ਪਤਨ ਅਮਰੀਕੀ ਸਾਮਰਾਜ ਦੇ ਪਤਨ ਦਾ ਮੁੱਖ ਕਾਰਨ ਬਣੇਗਾ।

ਜੰਗ ਦੀਆਂ ਭਵਿੱਖੀ ਸੰਭਾਵਨਾਵਾਂ ਇਹ ਹਨ ਕਿ ਟਕਰਾਅ ਲੰਮਾ ਤੇ ਸੀਮਤ ਰਹਿ ਸਕਦਾ ਹੈ। ਵਕਤੀ ਜੰਗਬੰਦੀ, ਹਮਲੇ ਅਤੇ ਜਵਾਬੀ ਹਮਲੇ ਚੱਲਦੇ ਰਹਿ ਸਕਦੇ ਹਨ ਪਰ ਕੋਈ ਵੀ ਧਿਰ ‘ਪੂਰਨ ਜੰਗ’ ਜਾਂ ਤੀਜੀ ਸੰਸਾਰ ਜੰਗ ਦੀ ਇਛੁੱਕ ਨਹੀਂ ਹੋਵੇਗੀ ਕਿਉਂਕਿ ਇਸਦਾ ਨੁਕਸਾਨ ਬੇਅੰਤ ਤੇ ਅਣਕਿਆਸਾ ਹੋਵੇਗਾ। ਇਸਤੋਂ ਇਲਾਵਾ ਇਹ ਜੰਗ ਸਿੱਧੇ ਬਸਤੀਵਾਦੀ ਕਬਜ਼ੇ ਦੀ ਜੰਗ ਨਹੀਂ ਜਿਸ ਕਾਰਨ ਵਿਸ਼ਵ ਸ਼ਕਤੀਆਂ ਵਿੱਚ ਤੀਜੀ ਸੰਸਾਰ ਜੰਗ ਦੇ ਆਸਾਰ ਮੱਧਮ ਪੈ ਜਾਂਦੇ ਹਨ। ਇਸਦੇ ਬਾਵਜੂਦ ਸਾਮਰਾਜੀ ਦੌਰ ਅੰਦਰ ਜੰਗਾਂ ਦਾ ਜਾਰੀ ਰਹਿਣਾ ਅਟੱਲ ਵਰਤਾਰਾ ਹੈ। ਇਹ ਜੰਗ ਪੱਛਮੀ ਸਰਦਾਰੀ ਦੇ ਅੰਤ ਦਾ ਕਾਰਨ ਬਣ ਸਕਦੀ ਹੈ, ਜਿੱਥੇ ਵੱਡੀਆਂ ਪੂਰਬੀ ਏਸ਼ਿਆਈ ਤਾਕਤਾਂ (ਚੀਨ, ਰੂਸ) ਵਿਸ਼ਵ ਰਾਜਨੀਤੀ ਦੇ ਕੇਂਦਰ ਵਿੱਚ ਆ ਸਕਦੀਆਂ ਹਨ। ਸੰਸਾਰ ਇੱਕ ਬਹੁਤ ਵੱਡੀ ਤਬਦੀਲੀ ਦੀ ਦਹਲੀਜ਼ ’ਤੇ ਖੜ੍ਹਾ ਹੈ। ਇਸ ਜੰਗ ਦੀ ਅੱਗ ਵਿੱਚ ਸਿਰਫ਼ ਮੱਧ ਪੂਰਬ ਹੀ ਨਹੀਂ, ਸਗੋਂ ਸਾਮਰਾਜੀ ਹਸਰਤਾਂ ਲਈ ਪੂਰੀ ਦੁਨੀਆ ਦੀ ਆਰਥਿਕਤਾ ਅਤੇ ਅਮਨ-ਚੈਨ ਸੜਕੇ ਸੁਆਹ ਹੋ ਰਹੇ ਹਨ। ਇਰਾਨ ਖਿਲਾਫ ਨਿਹੱਕੀ ਜੰਗ ਛੇੜ ਕੇ ਅਮਰੀਕਾ ਨੇ ਆਪਣੇ ਪੈਰ ਕੁਹਾੜਾ ਮਾਰ ਲਿਆ ਹੈ ਤੇ ਉਸਦੀ ਸੰਸਾਰ ਚੌਧਰ ਦਾ ਕਿਲਾ ਢਹਿ-ਢੇਰੀ ਹੋਣਾ ਸ਼ੁਰੂ ਹੋ ਗਿਆ ਹੈ।

# ਸੁਸਾਈਡ ਕਰਨ ਵਾਲੇ ਦੇ ਪੀੜਤ ਪਰਿਵਾਰ ਸਸਕਾਰ ਨਾ ਕਰਨ ’ਤੇ ਅੜਿਆ

**ਪਾਤੜਾਂ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਹਾਮਝੇੜੀ ਵਾਸੀ ਟੈਕਸੀ ਚਾਲਕ ਬਲਜਿੰਦਰ ਸਿੰਘ ਦੀ ਖੁਦਕੁਸ਼ੀ ਮਗਰੋਂ ਭਾਵੇਂ ਮ੍ਰਿਤਕ ਦੇਹ ਦਾ ਪੋਸਟਮਾਰਟਮ ਕਰ ਲਿਆ ਗਿਆ ਹੈ ਪਰ ਮ੍ਰਿਤਕ ਦਾ ਪਰਿਵਾਰ ਹੁਣ ਇਸ ਗੱਲ ’ਤੇ ਅੜ ਗਿਆ ਹੈ ਕਿ ਜਦੋਂ ਤੱਕ ਪੁਲੀਸ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਹੀਂ ਕਰ ਲੈਂਦੀ, ਉਦੋਂ ਤੱਕ ਸਸਕਾਰ ਨਹੀਂ ਕੀਤਾ ਜਾਵੇਗਾ। ਇਸ ਮਾਮਲੇ ਸਬੰਧੀ ਸ਼ਨਿਚਰਵਾਰ ਨੂੰ ਮ੍ਰਿਤਕ ਦੇ ਪੁੱਤਰ ਦੇ ਬਿਆਨਾਂ ਦੇ ਆਧਾਰ ’ਤੇ ਪੁਲੀਸ ਨੇ ਚਾਰ ਵਿਅਕਤੀਆਂ ਸਮੇਤ ਕੁਝ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਇਸ ਦੇ ਚਲਦਿਆਂ ਐਤਵਾਰ ਨੂੰ ਪੁਲੀਸ ਨੇ ਇੱਕ ਹੋਰ ਵਿਅਕਤੀ ਨੂੰ ਕੇਸ ਵਿੱਚ ਨਾਮਜ਼ਦ ਕਰਨ ਦੇ ਨਾਲ ਨਾਲ ਕੇਸ ਵਿੱਚ ਐਸ ਸੀ ਐਕਟ ਦੀਆਂ ਧਾਰਾਵਾਂ ਤਹਿਤ ਵਾਧਾ ਕੀਤਾ ਹੈ। ਥਾਣਾ ਮੁਖੀ ਪਾਤੜਾਂ ਹਰਪ੍ਰੀਤ ਸਿੰਘ ਨੇ ਮੌਕੇ ਉੱਤੇ ਪਹੁੰਚ ਕੇ ਪਰਿਵਾਰ ਨੂੰ ਸ਼ਾਂਤ ਕਰਦਿਆਂ ਮ੍ਰਿਤਕ ਦਾ ਸਸਕਾਰ ਕਰਨ ਦੀ ਅਪੀਲ ਕੀਤੀ ਪਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਾ ਹੋਣ ਤੋਂ ਖ਼ਫ਼ਾ ਪਰਿਵਾਰਕ ਮੈਂਬਰ ਰਿਸ਼ਤੇਦਾਰ ਅਤੇ ਪਿੰਡ ਵਾਸੀ ਸਸਕਾਰ ਨਾ ਕਰਨ ਦੀ ਜ਼ਿੱਦ ਉੱਤੇ ਅੜੇ ਹੋਏ ਹਨ। ਇਸ ਦੌਰਾਨ ਹਲਕਾ ਸ਼ੁਤਰਾਣਾ ਦੇ ਲੋਕ ਆਗੂ ਜਤਿੰਦਰ ਸਿੰਘ ਮੱਟੂ ਨੇ ਪਿੰਡ ਪਹੁੰਚ ਕੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਮੁਲਜ਼ਮਾਂ ਖ਼ਿਲਾਫ਼ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

ਹਾਮਝੇੜੀ ਵਾਸੀ ਮ੍ਰਿਤਕ ਬਲਜਿੰਦਰ ਸਿੰਘ ਦੇ ਪੁੱਤਰ ਕ੍ਰਿਸ਼ਨ ਸਿੰਘ, ਪਤਨੀ ਕੁਲਦੀਪ ਕੌਰ, ਨੌਜਵਾਨ ਆਗੂ ਜਰਨੈਲ ਸਿੰਘ ਜੈਲੀ, ਸੂਬਾ ਸਿੰਘ, ਖੁਸ਼ੀ ਨੰਬੜਦਾਰ, ਟੈਕਸੀ ਯੂਨੀਅਨ ਦੇ ਪ੍ਰਧਾਨ ਸਰਬਜੀਤ ਸਿੰਘ ਨੇ ਨੀਟਾ ਪਾਤੜਾਂ ਕਿਹਾ ਹੈ ਕਿ ਜਦੋਂ ਤੱਕ ਪੁਲੀਸ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਹੀਂ ਕਰ ਲੈਂਦੀ ਉਦੋਂ ਤੱਕ ਸਸਕਾਰ ਨਹੀਂ ਕੀਤਾ ਜਾਵੇਗਾ।

ਥਾਣਾ ਮੁਖੀ ਪਾਤੜਾਂ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪੁੱਤਰ ਕ੍ਰਿਸ਼ਨ ਸਿੰਘ ਦੇ ਬਿਆਨਾਂ ਦੇ ਆਧਾਰ ’ਤੇ ਮੇਜਰ ਸਿੰਘ, ਕਰਮਜੀਤ ਸਿੰਘ ਉਰਫ਼ ਪੀਚਾ, ਬੰਟੀ ਵਾਸੀ ਪਾਤੜਾਂ, ਦੀਪਕ ਵਾਸੀ ਸਮਾਣਾ ਅਤੇ ਕੁਝ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ।

# ਪੀ.ਸੀ.ਪੀ.ਐਲ ਮੁਲਾਜ਼ਮਾਂ ਬਾਰੇ ਮੁੱਖ ਮੰਤਰੀ ਦੀਆਂ ਟਿੱਪਣੀਆਂ ਦੀ ਨਿੰਦਾ



**ਪਟਿਆਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਸਾਂਝੇ ਧੜੇ ਨਾਲ ਸਬੰਧਤ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੋਸ਼ਲ ਮੀਡੀਆ ’ਤੇ ਬਿਜਲੀ ਮੁਲਾਜ਼ਮਾਂ ਬਾਰੇ ਕੀਤੀਆਂ ਟਿੱਪਣੀਆਂ ਦੀ ਨਿੰਦਾ ਕੀਤੀ ਹੈ। ਜਥੇਬੰਦੀਆਂ ਦੇ ਆਗੂਆਂ ਗੁਰਪ੍ਰੀਤ ਗੰਡੀਵਿੰਡ, ਕੁਲਵਿੰਦਰ ਢਿੱਲੋਂ, ਹਰਪਾਲ ਧਾਲ਼ੀਵਾਲ਼, ਗੁਰਵੇਲ ਬੱਲਪੁਰੀਆ, ਗੁਰਭੇਜ ਢਿੱਲੋਂ, ਬਲਜੀਤ ਮੋਦਲਾ, ਰਵੇਲ ਸਹਾਏਪੁਰ, ਦੇਵਿੰਦਰ ਪੈਪਸੌਰ, ਕੌਰ ਸਿੰਘ ਸੋਹੀ, ਦਲੀਪ ਕੁਮਾਰ, ਜਸਵੀਰ ਆਂਡਲੂ, ਰਣਜੀਤ ਢਿੱਲੋਂ, ਪਵਨਪ੍ਰੀਤ ਸਿੰਘ, ਰਾਧੇ ਸ਼ਿਆਮ, ਬਾਬਾ ਅਮਰਜੀਤ ਸਿੰਘ, ਗੁਰਪਿਆਰ ਸਿੰਘ ਆਦਿ ਨੇ ਕਿਹਾ ਕਿ ਬਿਜਲੀ ਢਾਂਚਾ ਖੜ੍ਹਾ ਕਰਦਿਆਂ ਅਤੇ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਉਦਿਆਂ ਸੈਂਕੜੇ ਬਿਜਲੀ ਮੁਲਾਜ਼ਮਾਂ ਨੇ ਜਾਨਾਂ ਗਵਾਈਆਂ ਹਨ। ਪੰਜਾਹ ਹਜ਼ਾਰ ਅਸਾਮੀਆਂ ਖ਼ਾਲੀ ਹੋਣ ਕਰਕੇ ਘੱਟ ਸਟਾਫ਼ ਹੋਣ ਦੇ ਬਾਵਜੂਦ ਕੰਮ ਦੇ ਦਬਾਅ ਹੇਠ ਬਿਜਲੀ ਮੁਲਾਜ਼ਮ ਅੱਜ ਵੀ ਹਾਦਸਿਆਂ ਦੇ ਸ਼ਿਕਾਰ ਹੋ ਰਹੇ ਹਨ ਪਰ ਮੁੱਖ ਮੰਤਰੀ ਪਾਵਰ ਅਤੇ ਟਰਾਂਸਕੋ ਕਾਰਪੋਰੇਸ਼ਨਾਂ ਦੇ ਘਟੀਆ ਪ੍ਰਬੰਧਾਂ ’ਚ ਸੁਧਾਰ ਕਰਨ ਲਈ ਲੋੜੀਂਦੀ ਮਾਤਰਾ ਵਿੱਚ ਨਾ ਤਾਂ ਰੈਗੂਲਰ ਭਰਤੀ ਕਰ ਰਹੇ ਹਨ ਅਤੇ ਨਾ ਹੀ ਤਕਨੀਕ ਦੇ ਯੁੱਗ ਵਿੱਚ ਕੰਮ ਕਰਨ ਲਈ ਆਧੁਨਿਕ ਸਾਜ਼ੋ-ਸਾਮਾਨ ਦੀ ਖਰੀਦ ਬਾਰੇ ਵਿਚਾਰ ਕਰ ਰਹੇ ਹਨ ਉਲਟਾ ਮੁਲਾਜ਼ਮਾਂ ਪ੍ਰਤੀ ਗੈਰ ਜ਼ਿੰਮੇਵਰਾਨਾਂ ਟਿੱਪਣੀਆਂ ਕਰਕੇ ਮੁਲਾਜ਼ਮਾਂ ਦਾ ਮਨੋਬਲ ਡੇਗ ਰਹੇ ਹਨ। ਇਸ ਦੇ ਰੋਸ ਵਜੋਂ 10 ਅਪਰੈਲ ਨੂੰ ਮੁੱਖ ਦਫਤਰ ਪਟਿਆਲਾ ਅੱਗੇ ਰੋਸ ਧਰਨਾ ਲਗਾ ਕੇ ਪਿੱਟ ਸਿਆਪਾ ਕਰਨ ਲਈ ਬਿਜਲੀ ਕਾਮਿਆਂ ਨੂੰ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ ਦਿੱਤਾ।

# ਸੁਨਾਮ ਵਿੱਚ ਆਮ ਆਦਮੀ ਪਾਰਟੀ ਦੀ ਵੱਡੀ ਸਿਆਸੀ ਕਾਮਯਾਬੀ



**ਸੁਨਾਮ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਨਾਮ ਸ਼ਹਿਰ ਵਿੱਚ ਆਮ ਆਦਮੀ ਪਾਰਟੀ ਨੂੰ ਇੱਕ ਹੋਰ ਵੱਡੀ ਸਿਆਸੀ ਕਾਮਯਾਬੀ ਮਿਲੀ ਹੈ। ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੀ ਅਗਵਾਈ ਹੇਠ ਸ਼ਹਿਰ ਦੇ ਮਸ਼ਹੂਰ ਅਤੇ ਪ੍ਰਭਾਵਸ਼ਾਲੀ ਚੂਹੜ ਸਿੰਘ ਦੇ ਪਰਿਵਾਰ ਨੇ ਆਪਣੇ ਵੱਡੇ ਸਮਰਥਕ ਵਰਗ ਸਮੇਤ ਆਮ ਆਦਮੀ ਪਾਰਟੀ ਵਿੱਚ ਵਿਧਿਵਤ ਸ਼ਾਮਿਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਪਾਰਟੀ ਦੇ ਕਈ ਸੀਨੀਅਰ ਆਗੂ, ਵਰਕਰ ਅਤੇ ਸਥਾਨਕ ਨਿਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਰਹੇ, ਜਿਸ ਨਾਲ ਸਮਾਗਮ ਇੱਕ ਵੱਡੇ ਸਿਆਸੀ ਇਕੱਠ ਵਿੱਚ ਤਬਦੀਲ ਹੋ ਗਿਆ।

ਚੂਹੜ ਸਿੰਘ ਦਾ ਪਰਿਵਾਰ ਲੰਬੇ ਸਮੇਂ ਤੋਂ ਸੁਨਾਮ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਆਪਣੀ ਮਜ਼ਬੂਤ ਸਮਾਜਿਕ ਪਛਾਣ ਅਤੇ ਸਿਆਸੀ ਪਕੜ ਲਈ ਜਾਣਿਆ ਜਾਂਦਾ ਹੈ। ਇਸ ਪਰਿਵਾਰ ਦਾ ਸਥਾਨਕ ਮਸਲਿਆਂ ਵਿੱਚ ਸਰਗਰਮ ਯੋਗਦਾਨ ਅਤੇ ਲੋਕਾਂ ਨਾਲ ਮਜ਼ਬੂਤ ਨਾਤਾ ਰਿਹਾ ਹੈ। ਇਸ ਲਈ ਇਸ ਪਰਿਵਾਰ ਦੀ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਨੂੰ ਖੇਤਰ ਦੀ ਸਿਆਸਤ ਵਿੱਚ ਇੱਕ ਮਹੱਤਵਪੂਰਨ ਵਿਕਾਸ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਨਾਲ ਪਾਰਟੀ ਦੀਆਂ ਜੜਾਂ ਹੋਰ ਮਜ਼ਬੂਤ ਹੋਣਗੀਆਂ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਦਾ ਸਿੱਧਾ ਸਿਆਸੀ ਲਾਭ ਮਿਲੇਗਾ।

ਇਸ ਮੌਕੇ ਕੈਬਨਿਟ ਮੰਤਰੀ ਅਤੇ ਆਪ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਚੂਹੜ ਸਿੰਘ ਦੇ ਪਰਿਵਾਰ ਦਾ ਤਹਿ ਦਿਲੋਂ ਸਵਾਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਅਤੇ ਇਹ ਸਿਰਫ਼ ਲੋਕ-ਹਿਤ ਨੂੰ ਧਿਆਨ ਵਿੱਚ ਰੱਖ ਕੇ ਹੀ ਕੰਮ ਕਰਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ, ਸਿਹਤ, ਬਿਜਲੀ, ਪਾਣੀ ਅਤੇ ਭ੍ਰਿਸ਼ਟਾਚਾਰ ਖ਼ਿਲਾਫ਼ ਕੀਤੇ ਜਾ ਰਹੇ ਫੈਸਲਿਆਂ ਨੇ ਲੋਕਾਂ ਵਿੱਚ ਵਿਸ਼ਵਾਸ ਪੈਦਾ ਕੀਤਾ ਹੈ, ਜਿਸ ਕਾਰਨ ਵੱਖ-ਵੱਖ ਵਰਗਾਂ ਦੇ ਲੋਕ ਵੱਡੀ ਗਿਣਤੀ ਵਿੱਚ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਸ਼ਮੂਲੀਅਤ ਸਿਰਫ਼ ਗਿਣਤੀ ਵਧਾਉਣ ਤਕ ਸੀਮਿਤ ਨਹੀਂ, ਸਗੋਂ ਪਾਰਟੀ ਦੀ ਵਿਚਾਰਧਾਰਾ ਨੂੰ ਹੋਰ ਮਜ਼ਬੂਤੀ ਦੇਣ ਵਾਲੀ ਹੈ।

ਉਨ੍ਹਾਂ ਹੋਰ ਕਿਹਾ ਕਿ ਸੁਨਾਮ ਵਿੱਚ ਵਿਕਾਸ ਦੇ ਨਵੇਂ ਮਾਪਦੰਡ ਸਥਾਪਿਤ ਕੀਤੇ ਜਾ ਰਹੇ ਹਨ ਅਤੇ ਹਰ ਵਰਗ ਦੀ ਭਲਾਈ ਲਈ ਯੋਜਨਾਬੱਧ ਢੰਗ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਸ਼ਹਿਰ ਦੇ ਬੁਨਿਆਦੀ ਢਾਂਚੇ, ਸਫਾਈ ਪ੍ਰਣਾਲੀ, ਸਿੱਖਿਆ ਅਤੇ ਸਿਹਤ ਸੇਵਾਵਾਂ ਵਿੱਚ ਹੋਰ ਸੁਧਾਰ ਲਿਆਂਦੇ ਜਾਣਗੇ।

ਚੂਹੜ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਇਸ ਮੌਕੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਸਾਫ਼-ਸੁਥਰੀ ਅਤੇ ਲੋਕ-ਕੇਂਦਰਿਤ ਰਾਜਨੀਤੀ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੀਆਂ ਨੀਤੀਆਂ ਅਤੇ ਸਰਕਾਰ ਦੇ ਕੰਮਾਂ ਨੇ ਲੋਕਾਂ ਵਿੱਚ ਨਵੀਂ ਉਮੀਦ ਜਗਾਈ ਹੈ ਅਤੇ ਉਹ ਆਪਣੇ ਖੇਤਰ ਦੇ ਵਿਕਾਸ ਲਈ ਪਾਰਟੀ ਦੇ ਨਾਲ ਮਿਲ ਕੇ ਕੰਮ ਕਰਨਗੇ। ਉਨ੍ਹਾਂ ਇਹ ਵੀ ਯਕੀਨ ਦਿਵਾਇਆ ਕਿ ਉਹ ਆਪਣੀ ਸਮਾਜਿਕ ਪਹੁੰਚ ਦਾ ਲਾਭ ਪਾਰਟੀ ਨੂੰ ਮਜ਼ਬੂਤ ਕਰਨ ਲਈ ਲੈ ਕੇ ਆਉਣਗੇ।

ਸਥਾਨਕ ਲੋਕਾਂ ਅਤੇ ਰਾਜਨੀਤਿਕ ਵਿਸ਼ਲੇਸ਼ਕਾਂ ਦੇ ਅਨੁਸਾਰ ਚੂਹੜ ਸਿੰਘ ਦੇ ਪਰਿਵਾਰ ਦੀ ਖੇਤਰ ਵਿੱਚ ਕਾਫ਼ੀ ਪ੍ਰਭਾਵਸ਼ਾਲੀ ਪਛਾਣ ਹੈ ਅਤੇ ਇਸ ਸ਼ਮੂਲੀਅਤ ਨਾਲ ਸੁਨਾਮ ਦੀ ਸਿਆਸੀ ਸਮੀਕਰਨਾਂ ਵਿੱਚ ਵੱਡਾ ਬਦਲਾਅ ਆ ਸਕਦਾ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਸ ਕਦਮ ਨਾਲ ਹੋਰ ਪ੍ਰਭਾਵਸ਼ਾਲੀ ਪਰਿਵਾਰ ਅਤੇ ਨੌਜਵਾਨ ਵਰਗ ਵੀ ਆਮ ਆਦਮੀ ਪਾਰਟੀ ਵੱਲ ਆਕਰਸ਼ਿਤ ਹੋਣਗੇ।

ਇਸ ਸਮਾਗਮ ਦੌਰਾਨ ਪਾਰਟੀ ਵਰਕਰਾਂ ਵਿੱਚ ਖਾਸਾ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਉਨ੍ਹਾਂ ਵੱਲੋਂ ਨਵੇਂ ਮੈਂਬਰਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਕੁੱਲ ਮਿਲਾ ਕੇ ਇਹ ਸ਼ਮੂਲੀਅਤ ਸੁਨਾਮ ਵਿੱਚ ਆਮ ਆਦਮੀ ਪਾਰਟੀ ਲਈ ਇੱਕ ਨਵੀਂ ਤਾਕਤ ਅਤੇ ਉਤਸ਼ਾਹ ਦਾ ਸੰਦੇਸ਼ ਦੇ ਕੇ ਗਈ ਹੈ, ਜੋ ਆਉਣ ਵਾਲੇ ਸਮੇਂ ਵਿੱਚ ਪਾਰਟੀ ਦੀ ਸਿਆਸੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ।

# ਮਾਨ ਸਰਕਾਰ ਨਵੀਆਂ ਲੀਹਾਂ ਤੇ ਪਹੁੰਚਾ ਰਹੀ ਪੇਂਡੂ ਵਿਕਾਸ : ਐਡਵੋਕੇਟ ਸੁਰਿੰਦਰਪਾਲ ਮਨਾਵਾਂ

**ਤਰਨਤਾਰਨ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲਗਾਤਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰ ਰਹੀ ਹੈ ਅਤੇ ਪੇਂਡੂ ਵਿਕਾਸ ਨੂੰ ਨਵੀਆਂ ਲੀਹਾਂ ▾ਤੇ ਲੈ ਕੇ ਜਾ ਰਹੀ ਹੈ। ਇਹ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਮੀਡੀਆ ਸਕੱਤਰ ਐਡਵੋਕੇਟ ਸੁਰਿੰਦਰਪਾਲ ਸਿੰਘ ਮਨਾਵਾਂ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਸੂਬੇ ਵਿੱਚ ਸਿੱਖਿਆ, ਖੇਡਾਂ, ਸਿਹਤ ਅਤੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਇਤਿਹਾਸਕ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਲ 2024 ਦੌਰਾਨ ਸਰਬਸੰਮਤੀ ਨਾਲ 2970 ਪੰਚਾਇਤਾਂ ਚੁਣੀਆਂ ਗਈਆਂ ਜਿਸਨੇ ਪਿੰਡਾਂ ਵਿੱਚ ਭਾਈਚਾਰਕ ਸਾਂਝ ਨੂੰ ਮਜ਼ਬੂਤ ਕੀਤਾ ਹੈ ਅਤੇ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ ਮਿਲੀ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਪੇਂਡੂ ਖੇਤਰਾਂ ਨੂੰ ਮਜ਼ਬੂਤ ਬਣਾਉਣ ਲਈ ਲਗਾਤਾਰ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਜਾ ਰਿਹਾ ਹੈ।

ਐਡਵੋਕੇਟ ਸੁਰਿੰਦਰਪਾਲ ਮਨਾਵਾਂ ਨੇ ਦੱਸਿਆ ਕਿ ਸਾਲ 2025-26 ਵਿੱਚ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ 2367.65 ਕਰੋੜ ਦੀ ਵੱਡੀ ਰਕਮ ਖਰਚ ਕੀਤੀ ਜਾ ਰਹੀ ਹੈ, ਜਿਸ ਨਾਲ ਪਿੰਡਾਂ ਵਿੱਚ ਸੜਕਾਂ, ਸਫ਼ਾਈ, ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਵਿੱਚ ਵੱਡਾ ਸੁਧਾਰ ਆਇਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਸ਼ਾਮਲਾਟ ਜ਼ਮੀਨਾਂ ਨੂੰ ਪਾਰਦਰਸ਼ੀ ਤਰੀਕੇ ਨਾਲ ਠੇਕੇ ‘ਤੇ ਦੇਣ ਨਾਲ 1842.78 ਕਰੋੜ ਦੀ ਆਮਦਨ ਹੋਈ ਹੈ, ਜਿਸ ਨਾਲ ਪਿੰਡਾਂ ਦੀ ਆਰਥਿਕ ਹਾਲਤ ਮਜ਼ਬੂਤ ਹੋਈ ਹੈ ਅਤੇ ਵਿਕਾਸ ਕਾਰਜਾਂ ਲਈ ਨਵੀਆਂ ਸੰਭਾਵਨਾਵਾਂ ਬਣੀਆਂ ਹਨ।



ਐਡਵੋਕੇਟ ਮਨਾਵਾਂ ਨੇ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਪੰਜਾਬ ਭਰ ਵਿੱਚ 1166 ਕਰੋੜ ਦੀ ਲਾਗਤ ਨਾਲ 3000 ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ, ਜਿਸ ਨਾਲ ਪਿੰਡ ਪੱਧਰ ‘ਤੇ ਖੇਡ ਸਭਿਆਚਾਰ ਨੂੰ ਵੱਡਾ ਬਲ ਮਿਲੇਗਾ। ਇਸਦੇ ਨਾਲ ਹੀ ਸਾਰੇ ਹਲਕਿਆਂ ਵਿੱਚ 11,700 ਉੱਦਮੀ ਔਰਤਾਂ ਦਾ ਸਨਮਾਨ ਕਰਕੇ ਮਹਿਲਾ ਸਸ਼ਕਤੀਕਰਨ ਨੂੰ ਵੀ ਪ੍ਰੋਤਸਾਹਿਤ ਕੀਤਾ ਗਿਆ ਹੈ। ਅੰਤ ਵਿੱਚ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੱਚਮੁੱਚ ਲੋਕਾਂ ਦੀ ਸਰਕਾਰ ਹੈ, ਜਿੱਥੇ ਹਰ ਫੈਸਲਾ ਪੰਜਾਬ ਦੇ ਵਿਕਾਸ, ਪਿੰਡਾਂ ਦੀ ਤਰੱਕੀ ਅਤੇ ਲੋਕਾਂ ਦੀ ਭਲਾਈ ਨੂੰ ਧਿਆਨ ਵਿੱਚ ਰੱਖ ਕੇ ਲਿਆ ਜਾ ਰਿਹਾ ਹੈ।

# ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਗਿਰੋਹ ਦੇ ਦੋ ਮੈਂਬਰ ਕਾਬੂ

**ਅੰਮ੍ਰਿਤਸਰ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਇੱਕ ਸੰਗਠਿਤ ਨਸ਼ਾ ਤਸਕਰੀ ਗਿਰੋਹ ਦਾ ਪਰਦਾਫਾਸ਼ ਕਰਦਿਆਂ 4 ਕਿਲੋ ਤੋਂ ਵੱਧ ਹੈਰੋਇਨ ਸਮੇਤ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ।

ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਆਤਿਸ਼ ਸੁਮਨ ਅਤੇ ਸਵਿੰਦਰ ਸਿੰਘ ਉਰਫ ਸੁੰਦਰੀ ਵਜੋਂ ਹੋਈ ਹੈ। ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਉਨ੍ਹਾਂ ਕੋਲੋਂ ਕੁੱਲ ਚਾਰ ਕਿਲੋ 130 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਸੋਸ਼ਲ ਮੀਡੀਆ ਰਾਹੀਂ ਪਾਕਿਸਤਾਨੀ ਸਮਗਲਰਾਂ ਦੇ ਸਿੱਧੇ ਸੰਪਰਕ ਵਿੱਚ ਸਨ। ਉਹ ਕਥਿਤ ਤੌਰ ’ਤੇ ਸਰਹੱਦ ਪਾਰੋਂ ਮਿਲਦੇ ਇਸ਼ਾਰਿਆਂ ਮੁਤਾਬਕ ਤੈਅ ਕੀਤੀਆਂ ਥਾਵਾਂ ਤੋਂ ਹੈਰੋਇਨ ਦੀਆਂ ਖੇਪਾਂ ਪ੍ਰਾਪਤ ਕਰਦੇ ਸਨ ਅਤੇ ਫਿਰ ਅੱਗੇ ਇਲਾਕੇ ਦੇ ਹੋਰ ਨਸ਼ਾ ਤਸਕਰਾਂ ਨੂੰ ਸਪਲਾਈ ਕਰਦੇ ਸਨ।

ਅੰਮ੍ਰਿਤਸਰ ਦੇ ਸੁਲਤਾਨਵਿੰਡ ਥਾਣੇ ਵਿੱਚ ਐੱਨ.ਡੀ.ਪੀ.ਐੱਸ (NDPS) ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਪੂਰੀ ਸਪਲਾਈ ਚੇਨ ਪਛਾਣ ਆਤਿਸ਼ ਸੁਮਨ ਅਤੇ ਸਵਿੰਦਰ ਸਿੰਘ ਉਰਫ ਸੁੰਦਰੀ ਵਜੋਂ ਹੋਈ ਹੈ। ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆਦਾ ਪਤਾ ਲਗਾਉਣ ਅਤੇ ਗਿਰੋਹ ਦੇ ਮੁਲਜ਼ਮ ਸੋਸ਼ਲ ਮੀਡੀਆ ਰਾਹੀਂ ਪਾਕਿਸਤਾਨੀ ਸਮਗਲਰਾਂ ਦੇ ਸਿੱਧੇ ਸੰਪਰਕ ਵਿੱਚ ਸਨ। ਉਹ ਕਥਿਤ ਤੌਰ ’ਤੇ ਸਰਹੱਦ ਪਾਰੋਂ ਮਿਲਦੇ ਇਸ਼ਾਰਿਆਂ ਮੁਤਾਬਕ ਤੈਅ ਕੀਤੀਆਂ ਥਾਵਾਂ ਤੋਂ ਹੈਰੋਇਨ ਦੀਆਂ ਖੇਪਾਂ ਪ੍ਰਾਪਤ ਕਰਦੇ ਸਨ ਅਤੇ ਫਿਰ ਅੱਗੇ ਇਲਾਕੇ ਦਹੋਰ ਮੈਂਬਰਾਂ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ।

# ਪੰਜਾਬ ਸਰਕਾਰ ਤੋਂ ਅੱਕੇ ਡਿੱਪੂ ਹੋਲਡਰਾਂ ਨੇ ਬਜਾਇਆ ਸੰਘਰਸ਼ ਦਾ ਬਿਗਲ

**ਸੁਨਾਮ,8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਸ਼ਨ ਡਿਪੂ ਹੋਲਡਰ ਫੈਡਰੇਸ਼ਨ ਰਜਿ:118 ਦੇ ਬਲਾਕ ਦੇ ਆਗੂਆਂ ਦੀ ਅਹਿਮ ਮੀਟਿੰਗ ਪਰਮਜੀਤ ਸਿੰਘ ਹਾਡਾ ਦੀ ਅਗਵਾਈ ਹੇਠ ਹੋਈ ਜਿਸ ਵਿਚ ਭਲਕੇ 6 ਅਪ੍ਰੈਲ ਨੂੰ ਪੰਜਾਬ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਦੀ ਅਗਵਾਈ ਵਿਚ ਜ਼ਿਲ੍ਹਾ ਸੰਗਰੂਰ ਵਿਖੇ ਮੁੱਖ ਮੰਤਰੀ ਪੰਜਾਬ ਦੀ ਰਹਾਇਸ਼ ਪਟਿਆਲਾ ਰੋਡ ਸੰਗਰੂਰ ਵਿਖੇ ਅੱਗੇ ਲੱਗਣ ਵਾਲੇ ਧਰਨੇ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਮੀਟਿੰਗ ਦੌਰਾਨ ਹਾਜ਼ਰ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਸਰਕਾਰ ਡਿੱਪੂ ਹੋਲਡਰਾਂ ਦੀਆਂ ਲੰਮੇ ਸਮੇਂ ਤੋਂ ਲਮਕ ਰਹੀਆਂ ਜਾਇਜ਼ ਮੰਗਾਂ ਨੂੰ ਲਾਰੇ ਲਾ ਕੇ ਡੰਗ ਸਾਰ ਰਹੀ ਹੈ।ਮੰਗਾਂ ਸਬੰਧੀ ਆਗੂਆਂ ਨੇ ਦੱਸਿਆ ਕਿ ਮਾਰਕਫੈੱਡ ਡਿੱਪੂਆਂ ਦੇ ਆਧਾਰ ਤੇ 68 ਹਜ਼ਾਰ ਮਹੀਨੇ ਮਾਣ ਭੱਤਾ, ਬਿਜਲੀ ਦਾ ਬਿੱਲ, ਦੁਕਾਨ ਦਾ ਕਿਰਾਇਆ ਦਿੱਤਾ ਜਾਵੇ, ਲੰਮੇ ਸਮੇਂ ਤੋਂ ਬੰਦ ਕੀਤੀਆਂ ਸਪਲਾਈਆਂ ਨੂੰ ਬਹਾਲ ਕੀਤਾ ਜਾਵੇ, ਹਰੇਕ ਰਾਸ਼ਨ ਡਿੱਪੂ ਤੇ 500 ਰਾਸ਼ਨ ਕਾਰਡ ਲਗਾਇਆ ਜਾਵੇ ਅਤੇ ਸਿਆਸੀ ਦਖ਼ਲ ਅੰਦਾਜ਼ੀ ਨੂੰ ਬੰਦ ਕੀਤਾ ਜਾਵੇ।

ਉਨ੍ਹਾਂ ਅੱਗੇ ਕਿਹਾ ਕਿ ਕਣਕ ਦੀ ਲੋਡਿੰਗ ਅਤੇ ਅਨਲੋਡਿੰਗ ਦਾ ਕੰਮ ਠੇਕੇਦਾਰ ਦੀ ਬਜਾਏ ਡਿੱਪੂ ਹੋਲਡਰਾਂ ਨੂੰ ਦਿੱਤਾ ਜਾਵੇ ਅਤੇ ਕਣਕ ਦੀ ਨਮੀ 12 ਪ੍ਰਤੀਸ਼ਤ ਦਿੱਤੀ ਜਾਵੇ। ਇਨ੍ਹਾਂ ਆਗੂਆਂ ਨੇ ਕਿਹਾ ਕਿ ਉਪਰੋਕਤ ਮੰਗਾਂ ਤੋਂ ਇਲਾਵਾ ਹੋਰ ਕਈ ਜਾਇਜ਼ ਮੰਗਾਂ ਦੀ ਪੂਰਤੀ ਸਬੰਧੀ ਜ਼ਿਲ੍ਹਾ ਸੰਗਰੂਰ ਵਿਖੇ ਸੂਬਾ ਪੱਧਰੀ ਧਰਨਾ ਦਿੱਤਾ ਜਾ ਰਿਹਾ ਹੈ, ਜਿਸ ਵਿਚ ਬਲਾਕ ਸਨਾਮ ਊਧਮ ਸਿੰਘ ਵਾਲਾ ਤੋਂ ਵੱਡੀ ਸੰਖਿਆ ’ਚ ਡਿੱਪੂ ਹੋਲਡਰ ਸ਼ਾਮਲ ਹੋਣਗੇ। ਇਸ ਮੌਕੇ ਮੰਗਤ ਰਾਏ ਗੋਇਲ, ਤਾਰਾਂ ਸਿੰਘ ਛਾਜਲੀ,ਗੁਰਦੀਪ ਸਿੰਘ ਖੜਿਆਲ,ਸੰਸਾਰ ਸਿੰਘ ਭਰੂਰ,ਸ਼ਿਵਦੇਵ ਸਿੰਘ ਰਿੰਕੂ, ਸ਼ੱਤਰੂ ਗਨ, ਰਘਬੀਰ ਸਿੰਘ ਜਵੰਦਾ, ਜਗਤਾਰ ਸਿੰਘ ਜਖਪੇਲ, ਦਰਸ਼ਨ ਕੁਮਾਰ ਜਖਪੇਲ, ਪਟੇਲ ਜਖਪੇਲ,ਮੰਗਲ ਸਿੰਘ ਬਖਤੋਰ ਨਗਰ, ਰਾਮ ਅਵਤਾਰ,, ਕਰਨੈਲ ਸਿੰਘ ਘਾਸੀਵਾਲਾ,ਆਦਿ ਤੋਂ ਇਲਾਵਾ ਹੋਰ ਵੀ ਡਿੱਪੂ ਹੋਲਡਰ ਹਾਜ਼ਰ ਸਨ।

# ਵਿਧਾਇਕ ਪ੍ਰੋ: ਬਲਜਿੰਦਰ ਕੌਰ ਨੇ ਸੂਬਾ ਸਰਕਾਰ ਦੀਆਂ ਚਾਰ ਸਾਲਾਂ ਦੀਆਂ ਪ੍ਰਾਪਤੀਆਂ ਬਾਰੇ ਪਾਇਆ ਚਾਨਣਾ



**ਬਠਿੰਡਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦਾ ਲੋਕਾਂ ਨੂੰ ਸਿਹਤ, ਸਿੱਖਿਆ ਤੋਂ ਇਲਾਵਾ ਹੋਰ ਬੁਨਿਆਦੀ ਤੇ ਸਮਾਂਬੱਧ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਤਲਵੰਡੀ ਸਾਬੋ ਤੇ ਚੀਫ਼ ਵਿਪ ਕੈਬਨਿਟ ਰੈਂਕ ਪ੍ਰੋ: ਬਲਜਿੰਦਰ ਕੌਰ ਅੱਜ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ।

ਵਿਧਾਇਕ ਤੇ ਚੀਫ਼ ਵਿਪ ਪ੍ਰੋ: ਬਲਜਿੰਦਰ ਕੌਰ ਵੱਲੋਂ ਪਿੰਡ ਮੈਣੂੰਆਣਾ, ਮਿਰਜੇਆਣਾ, ਗਹਿਲੇਵਾਲਾ, ਰਾਈਆ ਅਤੇ ਗੋਲੇਵਾਲਾ ਵਿਖੇ ਜਨਤਕ ਇਕੱਠਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਪਿਛਲੇ 4 ਸਾਲਾਂ ਦੇ ਕਾਰਜਕਾਲ ਦੌਰਾਨ ਰਿਕਾਰਡ ਵਿਕਾਸ ਕਾਰਜਾਂ ਤੋਂ ਇਲਾਵਾ ਸੂਬਾ ਵਾਸੀਆਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ ਤਾਂ ਜੋ ਲੋਕਾਂ ਦਾ ਵਧੀਆ ਜੀਵਣ ਬੀਤ ਸਕੇ।

ਪ੍ਰੋ: ਬਲਜਿੰਦਰ ਕੌਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਆਪਣਾ ਕਾਰਜਕਾਲ ਸ਼ੁਰੂ ਹੋਣ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਹੀ ਲੋਕਾਂ ਦੇ ਘਰਾਂ ਦੇ ਦੋ ਮਹੀਨਿਆਂ ਦੇ 600 ਯੂਨਿਟ ਮੁਆਫ਼ ਕਰਕੇ ਆਪਣਾ ਵਾਅਦਾ ਪੂਰਾ ਕੀਤਾ, ਜਿਸ ਕਰਕੇ 90ਫੀਸਦੀ ਘਰਾਂ ਦੇ ਬਿੱਲ ਜ਼ੀਰੋ ਆ ਰਹੇ ਹਨ, ਜਿਸ ਨਾਲ ਆਮ ਲੋਕਾਂ ਨੂੰ ਬਹੁਤ ਵੱਡੀ ਰਾਹਤ ਮਹਿਸੂਸ ਹੋ ਰਹੀ ਹੈ।

ਵਿਧਾਇਕਾ ਤੇ ਚੀਫ਼ ਵਿਪ ਨੇ ਅੱਗੇ ਦੱਸਿਆ ਕਿ ਪਿੰਡਾਂ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਖੇਡ ਮੈਦਾਨ ਬਣਾਏ ਜਾ ਰਹੇ ਹਨ ਤਾਂ ਜੋ ਨੌਜਵਾਨੀ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੋੜਦਿਆਂ ਨਸ਼ੇ ਵਰਗੀ ਭੈੜੀ ਲਾਹਨਤ ਤੋਂ ਦੂਰ ਰੱਖਿਆ ਜਾ ਸਕੇ। ਇਸ ਤੋਂ ਇਲਾਵਾ 40 ਹਜਾਰ ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦਾ ਮੁੜ-ਨਿਰਮਾਣ ਕੀਤਾ ਜਾ ਰਿਹਾ ਹੈ।

ਸੂਬਾ ਸਰਕਾਰ ਵੱਲੋਂ ਪੰਜਾਬ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਦਾ ਮੁਫਤ ਅਤੇ ਕੈਸ਼ਲੈਸ ਇਲਾਜ ਸਭ ਤੋਂ ਵਧੀਆ ਨਿੱਜੀ ਹਸਪਤਾਲਾਂ ਵਿੱਚ ਮਿਲ ਰਿਹਾ ਹੈ। ਇਸ ਤੋਂ ਇਲਾਵਾ ਕਿਸਾਨਾਂ ਨੂੰ ਦਿਨ ਸਮੇਂ ਹੀ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਮਿਲ ਰਹੀ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦਿੰਦਿਆਂ 65000 ਤੋਂ ਵੱਧ ਬਿਨਾ ਕਿਸੇ ਭੇਦ ਭਾਵ ਦੇ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਗਈਆਂ ਹਨ।

ਮੁਫਤ ਤੀਰਥ ਯਾਤਰਾ ਤਹਿਤ ਸੂਬੇ ਦੇ 50 ਸਾਲ ਤੋਂ ਵੱਧ ਉਮਰ ਦੇ ਸਾਰੇ ਨਾਗਰਿਕਾਂ ਲਈ ਏ.ਸੀ. ਬੱਸ ਸਫਰ, ਏ.ਸੀ. ਰਹਿਣ-ਸਹਿਣ ਅਤੇ ਮੁਫ਼ਤ ਭੋਜਨ ਮੁਹਈਆ ਕਰਵਾਕੇ ਵੱਖ ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ।

ਇਸ ਮੌਕੇ ਵੱਖ-ਵੱਖ ਪਿੰਡਾਂ ਦੇ ਸਰਪੰਚ, ਪੰਚ, ਹੋਰ ਅਹੁਦੇਦਾਰਾਂ ਤੋਂ ਇਲਾਵਾ ਪਿੰਡ ਵਾਸੀ ਆਦਿ ਹਾਜ਼ਰ ਸਨ।

# ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨਾ ਜ਼ਰੂਰੀ : ਚੇਅਰਮੈਨ ਐਸ.ਸੀ. ਕਮਿਸ਼ਨ ਜਸਵੀਰ ਸਿੰਘ ਗੜ੍ਹੀ



**ਬਠਿੰਡਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਜਸਵੀਰ ਸਿੰਘ ਗੜ੍ਹੀ ਨੇ ਅੱਜ ਪਿੰਡ ਘੁੱਦਾ ਵਿਖੇ ਕਰਵਾਏ ਗਏ ਵਿਸ਼ਾਲ ਚੇਤਨਾ ਸਮਾਗਮ ਦੀ ਪ੍ਰਧਾਨਗੀ ਕੀਤੀ।

ਇਸ ਮੌਕੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਉਨ੍ਹਾਂ ਦੇ ਦੌਰੇ ਦਾ ਮੁੱਖ ਮਕਸਦ ਲੋਕਾਂ ਨੂੰ ਭਾਰਤੀ ਸੰਵਿਧਾਨ ਦੇ ਪਿਤਾ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਅਤੇ ਸੰਘਰਸ਼ ਬਾਰੇ ਜਾਣੂ ਕਰਵਾਉਣਾ ਹੈ।

ਡਾਕਟਰ ਭੀਮ ਰਾਓ ਅੰਬੇਡਕਰ ਜੀ ਬਾਰੇ ਉਨ੍ਹਾਂ ਕਿਹਾ ਕਿ ਜੇਕਰ ਅੱਜ ਅਨੁਸੂਚਿਤ ਜਾਤੀਆਂ ਲਈ ਸਮਾਨ ਮੌਕਿਆਂ ਤੇ ਕੰਮ ਹੋ ਰਿਹਾ ਹੈ ਤਾਂ ਉਹ ਕੇਵਲ ਬਾਬਾ ਅੰਬੇਡਕਰ ਜੀ ਦੀ ਦੇਣ ਹੈ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਕੰਮਕਾਜ, ਭਾਰਤੀ ਸੰਵਿਧਾਨ ਅਤੇ ਦੇਸ਼ ਦੇ ਕਨੂੰਨ ਵਿੱਚ ਗਰੀਬਾਂ, ਮਜਲੂਮਾਂ, ਅਨੁਸੂਚਿਤ ਜਾਤੀਆਂ ਤੇ ਪਿਛੜੀਆਂ ਸ਼੍ਰੇਣੀਆਂ ਦੇ ਹੱਕਾਂ, ਅਧਿਕਾਰਾਂ, ਸਮਾਜਿਕ ਸੁਰੱਖਿਆ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ।

ਇਸ ਮੌਕੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲਗਾਤਾਰ ਬਾਬਾ ਸਾਹਿਬ ਦੀ ਸੋਚ ‘ਤੇ ਪਹਿਰਾ ਦੇ ਰਹੀ ਹੈ ਅਤੇ ਸਮਾਜ ਦੇ ਸਮੂਹ ਵਰਗਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੇ ਵੀ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਉਣੀ ਯਕੀਨੀ ਬਣਾਈ ਜਾਵੇਗੀ।

ਚੇਅਰਮੈਨ ਗੜ੍ਹੀ ਨੇ ਕਿਹਾ ਕਿ ਉਹ ਲਗਾਤਾਰ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਕੰਮ ਕਰ ਰਹੇ ਹਨ ਅਤੇ ਜੇਕਰ ਕਿਸੇ ਵੀ ਜਗ੍ਹਾ ਤੋਂ ਅਨੁਸੂਚਿਤ ਜਾਤੀ ਨਾਲ ਸਬੰਧਤ ਵਰਗਾਂ ਦੇ ਲੋਕਾਂ ਨਾਲ ਧੱਕੇਸਾਹੀ ਦੀ ਸੂਚਨਾ ਮਿਲਦੀ ਹੈ ਤਾਂ ਉਹ ਤੁਰੰਤ ਸਬੰਧਤ ਸਥਾਨ ‘ਤੇ ਪਹੁੰਚ ਕੇ ਮਸਲਾ ਹੱਲ ਕਰਵਾਉਂਦੇ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਦਲਿਤ ਸੈਨਾ ਦੇ ਸੂਬਾ ਪ੍ਰਧਾਨ ਸ੍ਰੀ ਗੁਰਤੇਜ ਸਿੰਘ ਜੋਧਪੁਰੀ, ਪੰਜਾਬ ਸ਼ਡਿਊਲ ਕਾਸਟ ਲੈਂਡ ਤੇ ਫਾਇਨੈਂਸ ਕਾਰਪੋਰੇਸ਼ਨ ਦੇ ਵਾਇਸ ਪ੍ਰਧਾਨ ਸ਼੍ਰੀ ਗੁਰਜੰਟ ਸਿੰਘ ਸਿਵੀਆਂ, ਹਲਕਾ ਵਿਧਾਇਕ ਸ਼੍ਰੀ ਅਮਿਤ ਰਤਨ, ਜ਼ਿਲ੍ਹਾ ਭਲਾਈ ਅਫਸਰ ਸ਼੍ਰੀ ਬਰਿੰਦਰ ਅਤੇ ਹੋਰ ਅਹੁਦੇਦਾਰਾਂ, ਮੈਂਬਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਆਦਿ ਹਾਜ਼ਰ ਸਨ।

# ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਕਤਲ ਮਾਮਲਾ ’ਚ ਪੁਲਿਸ ਨੇ ਬਿਹਾਰ ਤੋਂ ਕੀਤੇ ਮੁੱਖ ਦੋਸ਼ੀ ਗ੍ਰਿਫਤਾਰ

## ਸ਼ਾਮਲਾਟ ਜਗ੍ਹਾ ਦੀ ਰੰਜਿਸ਼ ਕਾਰਨ ਕੀਤਾ ਕਤਲ : ਪੁਲਿਸ

**ਮਾਛੀਵਾੜਾ ਸਾਹਿਬ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਬੀਤੇ ਦਿਨੀ ਮਾਛੀਵਾੜਾ ਸਾਹਿਬ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਦਾ ਦੋ ਅਣਪਛਾਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਵੱਲੋਂ ਉਸ ਵੇਲੇ ਸਿਰ ਵਿੱਚ ਕੁਹਾੜੀ ਮਾਰ ਕਤਲ ਕਰ ਦਿੱਤਾ ਗਿਆ ਸੀ, ਜਦੋਂ ਉਹ ਮਾਲਵਾ ਚੌਂਕ ਵਿਖੇ ਆਪਣੇ ਬਣਾਏ ਹੋਏ ਕੁਆਰਟਰਾਂ ਅੱਗੇ ਬੈਠੇ ਫੋਨ ਤੇ ਗੱਲ ਕਰ ਰਹੇ ਸਨ। ਕਮਿਸ਼ਨਰ ਪੁਲਿਸ ਲੁਧਿਆਣਾ ਸਵਪਨ ਸ਼ਰਮਾ ਵੱਲੋਂ ਅੱਜ ਲੁਧਿਆਣਾ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਗਿਆ ਕਿ 52 ਸਾਲ ਦੇ ਮਾਛੀਵਾੜਾ ਬਲਾਕ ਪ੍ਰਧਾਨ ਕਾਂਗਰਸੀ ਆਗੂ ਪਰਮਿੰਦਰ ਤਿਵਾੜੀ ਦਾ ਕਤਲ ਹੋਣ ਉਪਰੰਤ ਥਾਣਾ ਕੂੰਮ ਕਲਾਂ ਵਿਖੇ ਅਣਪਛਾਤੇ ਵਿਅਕਤੀਆਂ ਖਿਲਾਫ ਮੁਕਦਮਾ ਦਰਜ ਕਰਨ ਕੀਤਾ ਗਿਆ ਸੀ ਅਤੇ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਆਰੰਭ ਕੀਤੀ ਗਈ। ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ ਜਸ਼ਕਿਰਨਜੀਤ ਸਿੰਘ ਤੇਜਾ, ਵਧੀਕ ਡਿਪਟੀ ਕਮਿਸ਼ਨਰ ਜਸ਼ਨਦੀਪ ਸਿੰਘ ਗਿੱਲ, ਸਹਾਇਕ ਕਮਿਸ਼ਨਰ ਇੰਦਰਜੀਤ ਸਿੰਘ ਬੋਪਾਰਾਏ, ਦੀ ਅਗਵਾਈ ਹੇਠ ਥਾਣਾ ਮੁਖੀ ਕੂੰਮ ਕਲਾਂ ਪਰਮਦੀਪ ਸਿੰਘ, ਥਾਣਾ ਮੁਖੀ ਜਮਾਲਪੁਰ ਦਲਵੀਰ ਸਿੰਘ, ਥਾਣਾ ਮੁਖੀ ਟਿੱਬਾ ਬਲਵੀਰ ਸਿੰਘ, ਚੌਂਕੀ ਇੰਚਾਰਜ ਕਟਾਣੀ ਕਲਾਂ ਸੁਰਜੀਤ ਸਿੰਘ,ਦੀਆਂ ਵੱਖ-ਵੱਖ ਟੀਮਾਂ ਬਣਾਈਆਂ ਗਈਆਂ । ਸਾਰੀਆਂ ਟੀਮਾਂ ਵੱਲੋਂ ਸਾਇੰਟਿਫਿਕ ਤਰੀਕੇ ਅਤੇ ਖੁਫੀਆ ਸੂਤਰਾਂ ਰਾਹੀਂ ਇਸ ਕੇਸ ਦੀ ਤਫਤੀਸ਼ ਕਰਦਿਆਂ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁੱਖ ਦੋਸ਼ੀਆਂ ਵਿਜੇ ਕੁਮਾਰ ਉਰਫ ਅਜੇ ਅਤੇ ਲੱਕੀ ਬਾਸੀ ਇਰਾਕ ਨੂੰ ਕਸਬਾ ਜਮਾਲਪੁਰ, ਜ਼ਿਲ੍ਹਾ ਮੁੰਗੇਰ, ਬਿਹਾਰ ਨੇੜੇ ਨੇਪਾਲ ਬਾਰਡਰ ਤੋਂ ਐਸ.ਟੀ.ਐਫ. ਪੁਲਿਸ ਦੀ ਮਦਦ ਨਾਲ ਗ੍ਰਫਤਾਰ ਕਰ ਲਿਆ ਗਿਆ ਹੈ। ਟੀਮਾਂ ਵੱਲੋਂ ਪੰਜਾਬ, ਉੱਤਰ ਪ੍ਰਦੇਸ਼, ਬਿਹਾਰ ਅਤੇ ਦਿੱਲੀ ਵਿੱਚ ਰੇਡਾਂ ਕੀਤੀਆਂ ਅਤੇ ਸਫਲਤਾ ਪ੍ਰਾਪਤ ਕਰਦੇ ਹੋਏ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ।

ਉਹਨਾਂ ਦੱਸਿਆ ਕਿ ਇਸ ਮਾਮਲੇ ਵਿੱਚ ਪਹਿਲਾਂ ਹੀ ਦੋਸ਼ੀ ਵਿਜੇ ਕੁਮਾਰ ਦੇ ਚਾਰ ਪਰਿਵਾਰਿਕ ਮੈਂਬਰਾਂ ਪਿਤਾ, ਦੋ ਭਰਾ ਅਤੇ ਮਾਮੇ ਨੂੰ ਗ੍ਰਿਫਤਾਰ ਕਰ ਮੁਕਦਮੇ ਵਿੱਚ ਨਾਮਜਦ ਕੀਤਾ ਗਿਆ ,ਜਿਨਾਂ ਨੂੰ ਇਸ ਮਾਮਲੇ ਬਾਰੇ ਪੂਰੀ ਜਾਣਕਾਰੀ ਸੀ। ਪੁਲਿਸ ਨੇ ਜਾਣਕਾਰੀ ਦਿੱਤੀ ਕਿ ਦੋਸ਼ੀਆਂ ਨੇ ਪੁਲਿਸ ਦੌਰਾਨ ਮੰਨਿਆ ਕਿ ਉਹਨਾਂ ਦਾ ਪਿੰਡ ਦੀ ਪੰਚਾਇਤ ਨਾਲ ਪੰਚਾਇਤੀ ਜਗ੍ਹਾ ਤੇ ਕਬਜ਼ੇ ਨੂੰ ਲੈ ਕੇ ਰੌਲਾ ਸੀ, ਜਿਸ ਤੇ ਪਰਮਿੰਦਰ ਤਿਵਾੜੀ ਦੀ ਪੱਖ ਦੀ ਪੰਚਾਇਤ ਹੋਣ ਕਰਕੇ ਪਰਮਿੰਦਰ ਤਿਵਾੜੀ ਦੀ ਪੰਚਾਇਤ ਸੁਣਦੀ ਮੰਨਦੀ ਸੀ। ਦੋਸ਼ੀ ਵਿਜੇ ਕੁਮਾਰ ਨੇ ਦੋ ਦਿਨ ਪਹਿਲਾਂ ਵੀ ਨਸ਼ੇ ਵਿੱਚ ਧੁੱਤ ਹੋ ਆਪਣੇ ਘਰ ਸ਼ੋਰ ਸ਼ਰਾਬਾ ਕੀਤਾ ਕਿ ਉਹ ਅਜਿਹੀ ਘਟਨਾ ਨੂੰ ਅੰਜਾਮ ਦੇਣ ਵਾਲਾ ਹੈ।

ਉਹਨਾਂ ਦੱਸਿਆ ਕਿ ਵਾਰਦਾਤ ਵਿੱਚ ਵਰਤਿਆ ਗਿਆ ਮੋਟਰਸਾਈਕਲ ਅਤੇ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤੀ ਗਈ ਕੁਹਾੜੀ ਵੀ ਦੋਸ਼ੀਆਂ ਦੀ ਨਿਸ਼ਾਨਦੇਹੀ ਤੇ ਬਰਾਮਦ ਕਰ ਲਈ ਗਈ ਹੈ। ਪੁਲਿਸ ਨੇ ਇਹ ਵੀ ਦੱਸਿਆ ਕਿ ਵਿਜੇ ਕੁਮਾਰ ਅਤੇ ਲੱਕੀ ਜਿਨ੍ਹਾਂ ਦਾ ਜਨਮ ਪੰਜਾਬ ਵਿੱਚ ਹੋਇਆ ਪਰ ਉਹਨਾਂ ਦਾ ਪਿਛੋਕੜ ਬਿਹਾਰ ਦਾ ਹੈ, ਤੇ ਘਟਨਾ ਨੂੰ ਅੰਜਾਮ ਦੇਣ ਉਪਰੰਤ ਹੀ ਉਹ ਬਿਹਾਰ ਦੇ ਕਸਬਾ ਜਮਾਲਪੁਰ ਵਿਖੇ ਜਾ ਛੁਪੇ ਸਨ।

# ਪਿੰਡਾਂ ਤੋਂ ਸ਼ਹਿਰਾਂ ਤੱਕ ਨਵਾਂ ਸੰਕਟ; ਪਰਵਾਸੀ ਮਜ਼ਦੂਰ ਘਰਾਂ ਨੂੰ ਪਰਤਣ ਲੱਗੇ

**ਲੁਧਿਆਣਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾ ਤਾਂ ਚੋਣਾਂ ਹਨ ਅਤੇ ਨਾ ਹੀ ਕੋਈ ਮਹਾਂਮਾਰੀ ਪਰ ਪਰਵਾਸੀ ਮਜ਼ਦੂਰ ਆਪਣਾ ਸਾਮਾਨ ਬੰਨ੍ਹ ਕੇ ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਆਪਣੇ ਜੱਦੀ ਪਿੰਡਾਂ ਨੂੰ ਜਾਣ ਲੱਗੇ ਹਨ। ਇਸ ਵਾਰ ਰਸੋਈ ਗੈਸ ਸਿਲੰਡਰਾਂ ਦੀ ਕਿੱਲਤ ਉਨ੍ਹਾਂ ਨੂੰ ਆਪਣੇ ਕੰਮਕਾਰ ਛੱਡਣ ਲਈ ਮਜਬੂਰ ਕਰ ਰਹੀ ਹੈ।

ਮੱਧ ਪੂਰਬ ਵਿੱਚ ਲੱਗੀ ਜੰਗ ਕਾਰਨ ਰਸੋਈ ਗੈਸ ਪਹਿਲਾਂ ਵਾਂਗ ਸੌਖੀ ਨਹੀਂ ਮਿਲਦੀ। ਬਾਹਰੀ ਸੂਬਿਆਂ ਤੋਂ ਹੋਣ ਕਾਰਨ ਜ਼ਿਆਦਾਤਰ ਕਾਮਿਆਂ ਦੇ ਇੱਥੇ ਗੈਸ ਕੁਨੈਕਸ਼ਨ ਨਹੀਂ ਹਨ। ਇਨ੍ਹਾਂ ਵਿੱਚੋਂ ਬਹੁਤੇ ਕਾਮੇ ਪੰਜਾਬ ਦੇ ਖੇਤਾਂ, ਉਸਾਰੀ ਕੰਪਨੀਆਂ, ਛੋਟੀਆਂ ਫੈਕਟਰੀਆਂ, ਖਾਣ-ਪੀਣ ਦੀਆਂ ਦੁਕਾਨਾਂ ਅਤੇ ਘਰੇਲੂ ਸਹਾਇਕ ਵਜੋਂ ਕੰਮ ਕਰਦੇ ਹਨ।

ਫੋਕਲ ਪੁਆਇੰਟ ਐਸੋਸੀਏਸ਼ਨ ਜਲੰਧਰ ਦੇ ਪ੍ਰਧਾਨ ਨਰਿੰਦਰ ਐੱਸ ਸੱਗੂ ਨੇ ਕਿਹਾ, ਸਾਡੇ ਜ਼ਿਆਦਾਤਰ ਕਾਮਿਆਂ ਨੇ ਦੱਸਿਆ ਹੈ ਕਿ ਉਨ੍ਹਾਂ ਦੇ ਆਪਣੇ ਸੂਬਿਆਂ ਵਿੱਚ ਘਰਾਂ ਵਿੱਚ ਨਿਯਮਤ ਗੈਸ ਕੁਨੈਕਸ਼ਨ ਹਨ। ਇੱਥੇ ਉਹ ਛੋਟੇ ਸਿਲੰਡਰਾਂ ਨਾਲ ਗੁਜ਼ਾਰਾ ਕਰਦੇ ਸਨ ਜੋ ਪਹਿਲਾਂ ਖੁੱਲ੍ਹੇ ਬਾਜ਼ਾਰ ਵਿੱਚ ਆਮ ਮਿਲ ਜਾਂਦੇ ਸਨ ਪਰ ਹੁਣ ਹਰ ਬੀਤਦੇ ਦਿਨ ਨਾਲ ਗੁਜ਼ਾਰਾ ਔਖਾ ਹੁੰਦਾ ਜਾ ਰਿਹਾ ਹੈ।

ਸੱਗੂ ਨੇ ਕਿਹਾ ਕਿ ਉਹ ਆਪਣੇ ਘੱਟੋ-ਘੱਟ 20 ਫੀਸਦੀ ਕਰਮਚਾਰੀਆਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦੇਣ ਦੇ ਬਾਵਜੂਦ ਰੁਕਣ ਲਈ ਮਨਾ ਨਹੀਂ ਸਕੇ।

ਕੁੱਝ ਪਰਵਾਸੀ ਮਜ਼ਦੂਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਕੰਮ ਵਾਲੀ ਥਾਂ ਜਾਂ ਰਿਹਾਇਸ਼ 'ਤੇ ਬਾਲਣ ਵਾਲੀ ਲੱਕੜ ਨਹੀਂ ਵਰਤਣ ਦਿੱਤੀ ਜਾ ਰਹੀ, ਜਿਸ ਕਾਰਨ ਦੋ ਡੰਗ ਦੀ ਰੋਟੀ ਬਣਾਉਣੀ ਮੁਸ਼ਕਲ ਹੋ ਰਹੀ ਹੈ। ਲੁਧਿਆਣਾ ਵਿੱਚ ਇੱਕ ਕਰੌਕਰੀ ਸਟੋਰ ਵਿੱਚ ਕੰਮ ਕਰਨ ਵਾਲੇ ਕੁਲਦੀਪ ਕੁਮਾਰ ਨੇ ਕਿਹਾ, ਬਾਜ਼ਾਰ ਵਿੱਚ ਛੋਟਾ ਸਿਲੰਡਰ ਨਹੀਂ ਮਿਲ ਰਿਹਾ। ਮੈਂ ਹੁਣ ਦਰੱਖਤਾਂ ਹੇਠੋਂ ਇਕੱਠੀ ਕੀਤੀ ਲੱਕੜ ਨਾਲ ਖਾਣਾ



ਬਣਾ ਰਿਹਾ ਹਾਂ। ਇਸ ਦੇ ਨਾਲ ਹੀ, ਮੈਂ ਇਥੇ ਆਪਣੇ ਜੱਦੀ ਪਿੰਡ ਦੇ ਬਹੁਤ ਸਾਰੇ ਲੋਕਾਂ ਨੂੰ ਜਾਣਦਾ ਹਾਂ ਜਿਨ੍ਹਾਂ ਨੂੰ ਆਪਣੇ ਵਿਹੜਿਆਂ ਵਿੱਚ ਲੱਕੜ ਬਾਲਣ ਦੀ ਇਜਾਜ਼ਤ ਨਹੀਂ ਹੈ।

ਵਰਲਡ MSME ਫੋਰਮ ਦੇ ਪ੍ਰਧਾਨ ਬਦੀਸ਼ ਜਿੰਦਲ ਨੇ ਹਾਲਾਂਕਿ ਕਿਹਾ ਕਿ ਵੱਡੀ ਗਿਣਤੀ ਵਿੱਚ ਮਜ਼ਦੂਰ ਹਰ ਸਾਲ ਵਾਢੀ ਦੇ ਸੀਜ਼ਨ ਦੌਰਾਨ ਇਸ ਸਮੇਂ ਘਰ ਵਾਪਸ ਜਾਂਦੇ ਹਨ। ਉਨ੍ਹਾਂ ਕਿਹਾ, ਇਹ ਇੱਕ ਆਮ ਰੁਝਾਨ ਹੈ, ਪਰ ਇਸ ਸਾਲ ਵੱਡੀ ਗਿਣਤੀ ਪਰਵਾਸੀ ਆਪਣੇ ਪਿੰਡਾਂ ਨੂੰ ਪਰਤ ਰਹੇ ਹਨ। ਇਸ ਦਾ ਆਮ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਲਈ ਰੋਜ਼ਾਨਾ ਖਾਣੇ ਦਾ ਪ੍ਰਬੰਧ ਕਰਨਾ ਲਗਾਤਾਰ ਮੁਸ਼ਕਲ ਹੁੰਦਾ ਜਾ ਰਿਹਾ ਹੈ।

ਉੱਤਰ ਪ੍ਰਦੇਸ਼ ਕਲਿਆਣ ਪਰਿਸ਼ਦ (ਅੰਮ੍ਰਿਤਸਰ) ਦੇ ਪ੍ਰਧਾਨ ਰਾਮ ਭਵਨ ਗੋਸਵਾਮੀ ਨੇ ਦੱਸਿਆ ਕਿ ਪੰਜਾਬ ਵਿੱਚ ਲਗਪਗ 35 ਲੱਖ ਮਜ਼ਦੂਰਾਂ ਵਿੱਚੋਂ ਤਕਰੀਬਨ 40,000 ਤੋਂ 50,000 ਮਜ਼ਦੂਰ ਹਰ ਸਾਲ ਇਸ ਸਮੇਂ ਦੌਰਾਨ ਆਪਣੇ ਜੱਦੀ ਪਿੰਡਾਂ ਨੂੰ ਪਰਤਦੇ ਹਨ। ਉਨ੍ਹਾਂ ਕਿਹਾ, ਰਸੋਈ ਗੈਸ ਦੀ ਕਿੱਲਤ ਨਿਸ਼ਚਿਤ ਤੌਰ 'ਤੇ ਇਸ ਵਾਰ ਕਈ ਹੋਰਾਂ ਨੂੰ ਉਨ੍ਹਾਂ ਨਾਲ ਜਾਣ ਲਈ ਮਜਬੂਰ ਕਰ ਰਹੀ ਹੈ।

ਅੰਮ੍ਰਿਤਸਰ ਵਿੱਚ ਫੋਕਲ ਪੁਆਇੰਟ ਇੰਡਸਟਰੀਜ਼ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਕਮਲ ਡਾਲਮੀਆ ਨੇ ਕਿਹਾ ਕਿ ਉਨ੍ਹਾਂ ਦੀ ਯੂਨਿਟ ਵਿੱਚ ਇੱਕ ਲੰਬੇ ਸਮੇਂ ਤੋਂ ਕੰਮ ਕਰਨ ਵਾਲੇ ਕਾਮੇ ਨੇ ਉਨ੍ਹਾਂ ਨੂੰ ਦੱਸਿਆ ਕਿ ਇੱਕ ਸਾਧਾਰਨ ਭੋਜਨ ਦਾ ਪ੍ਰਬੰਧ ਕਰਨਾ ਵੀ ਰੋਜ਼ਾਨਾ ਦਾ ਸੰਘਰਸ਼ ਬਣ ਗਿਆ ਹੈ, ਜੋ ਹੁਣ ਰੁਜ਼ਗਾਰ ਨਾਲੋਂ ਵੀ ਵੱਧ ਜ਼ਰੂਰੀ ਜਾਪਦਾ ਹੈ।

ਰਸੋਈ ਗੈਸ ਦੀ ਇਸ ਕਿੱਲਤ ਅਤੇ ਪਰਵਾਸੀ ਮਜ਼ਦੂਰਾਂ ਦੀ ਵਾਪਸੀ ਨੇ ਪੰਜਾਬ ਦੇ ਖੇਤੀਬਾੜੀ ਖੇਤਰ ਲਈ ਵੀ ਵੱਡੀ ਚਿੰਤਾ ਪੈਦਾ ਕਰ ਦਿੱਤੀ ਹੈ। ਅਪਰੈਲ ਦਾ ਮਹੀਨਾ ਵਾਢੀ ਦਾ ਸਮਾਂ ਹੁੰਦਾ ਹੈ ਅਤੇ ਕਿਸਾਨਾਂ ਨੂੰ ਇਸ ਦੌਰਾਨ ਵੱਡੀ ਗਿਣਤੀ ਵਿੱਚ ਲੇਬਰ ਦੀ ਲੋੜ ਹੁੰਦੀ ਹੈ। ਕਣਕ ਦੀ ਵਾਢੀ ਤੋਂ ਬਾਅਦ ਫ਼ਸਲ ਮੰਡੀਆਂ ਵਿੱਚ ਆਉਣੀ ਸ਼ੁਰੂ ਹੋ ਜਾਂਦੀ ਹੈ, ਜਿੱਥੇ ਬੋਰੀਆਂ ਭਰਨ, ਤੁਲਾਈ ਅਤੇ ਲੋਡਿੰਗ ਦਾ ਜ਼ਿਆਦਾਤਰ ਕੰਮ ਇਨ੍ਹਾਂ ਮਜ਼ਦੂਰਾਂ ਦੇ ਸਿਰ 'ਤੇ ਹੀ ਨਿਰਭਰ ਕਰਦਾ ਹੈ।

ਇਸ ਤੋਂ ਕੁਝ ਸਮਾਂ ਬਾਅਦ ਜੀਰੀ ਲਈ ਵੀ ਲੇਬਰ ਦੀ ਜ਼ਰੂਰਤ ਪੈਂਦੀ ਹੈ। ਮਾਹਰਾਂ ਦਾ ਮੰਨਣਾ ਹੈ ਕਿ ਜੇ ਜੰਗ ਨਾ ਰੁਕੀ ਅਤੇ ਈਂਧਨ ਦੇ ਹਾਲਾਤ ਇਸੇ ਤਰ੍ਹਾਂ ਚੁਣੌਤੀਪੂਰਨ ਰਹੇ, ਤਾਂ ਆਉਣ ਵਾਲੇ ਸਮੇਂ ਵਿੱਚ ਖੇਤੀਬਾੜੀ ਸਮੇਤ ਸਾਰੇ ਪ੍ਰਮੁੱਖ ਖੇਤਰਾਂ, ਖਾਸ ਕਰਕੇ ਕਿਸਾਨਾਂ ਲਈ ਹਾਲਾਤ ਬੇਹੱਦ ਔਖੇ ਹੋ ਸਕਦੇ ਹਨ। ਮਜ਼ਦੂਰਾਂ ਦੀ ਕਮੀ ਕਾਰਨ ਨਾ ਸਿਰਫ਼ ਵਾਢੀ ਪ੍ਰਭਾਵਿਤ ਹੋਵੇਗੀ, ਸਗੋਂ ਖੇਤੀ ਲਾਗਤਾਂ ਵਿੱਚ ਵੀ ਭਾਰੀ ਵਾਧਾ ਹੋਣ ਦਾ ਖ਼ਦਸ਼ਾ ਹੈ।

# ਸਨਾਤਨ ਸੇਵਾ ਸਮਿਤੀ ਨੇ ਸੁੰਦਰਕਾਂਡ ਪਾਠ ਦਾ ਕੀਤਾ ਆਯੋਜਨ

**ਲੁਧਿਆਣਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਹਨੂਮਾਨ ਜਯੰਤੀ ਦੇ ਮੌਕੇ 'ਤੇ, ਸਨਾਤਨ ਸੇਵਾ ਸਮਿਤੀ ਮਾਲਵਾ ਜ਼ੋਨ ਨੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਸ਼ਿਵ ਸ਼ਕਤੀ ਮੰਦਰ ਕਮੇਟੀ ਦੇ ਸਹਿਯੋਗ ਨਾਲ, ਕਮੇਟੀ ਦੇ ਮਾਲਵਾ ਜ਼ੋਨ ਸੰਗਠਨ ਜਨਰਲ ਸਕੱਤਰ ਸ਼੍ਰੀ ਵਰੁਣ ਮਹਿਤਾ ਦੀ ਅਗਵਾਈ ਹੇਠ ਮੰਦਰ ਪਰਿਸਰ ਵਿੱਚ ਸ਼੍ਰੀ ਸੁੰਦਰਕਾਂਡ ਅਤੇ ਸ਼੍ਰੀ ਹਨੂਮਾਨ ਚਾਲੀਸਾ ਦਾ ਪਾਠ ਕਰਵਾਇਆ। ਪਾਠ ਦੀ ਪ੍ਰਧਾਨਗੀ ਮੰਦਰ ਦੇ ਮੁੱਖ ਪੁਜਾਰੀ ਪੰਡਿਤ ਕਮਲ ਮਿਸ਼ਰਾ ਅਤੇ ਸੰਕੀਰਤਨ ਕਮੇਟੀ ਮੁਖੀ ਸਰੋਜ ਮੋਦਗਿਲ ਨੇ ਕੀਤੀ। ਇਸ ਮੌਕੇ ਮਹਿਲਾ ਵਿੰਗ ਇੰਚਾਰਜ ਰੁਪਿੰਦਰ ਕੌਰ, ਜ਼ਿਲ੍ਹਾ ਇੰਚਾਰਜ ਸ਼੍ਰੀ ਨਿਖਿਲ ਸ਼ਰਮਾ, ਸਰਕਲ ਕੋਆਰਡੀਨੇਟਰ ਅਸ਼ਵਨੀ ਕਨੌਜੀਆ ਅਤੇ ਭਾਰਤ ਸ਼ਰਮਾ ਨੋਨੀ ਪ੍ਰਮੁੱਖ ਤੌਰ 'ਤੇ ਮੌਜੂਦ ਸਨ।

ਸ਼੍ਰੀ ਵਰੁਣ ਮਹਿਤਾ ਨੇ ਦੱਸਿਆ ਕਿ ਕਮੇਟੀ ਰਾਜ ਭਰ ਵਿੱਚ 250 ਤੋਂ ਵੱਧ ਥਾਵਾਂ 'ਤੇ ਸ਼੍ਰੀ ਹਨੂਮਾਨ ਚਾਲੀਸਾ ਦਾ ਹਫਤਾਵਾਰੀ ਪਾਠ ਕਰਵਾ ਰਹੀ ਹੈ। ਹਲਕੇ, ਬਲਾਕ ਅਤੇ ਬੂਥ ਪੱਧਰ 'ਤੇ ਕਮੇਟੀਆਂ ਬਣਾ ਕੇ ਨੌਜਵਾਨ ਪੀੜ੍ਹੀ ਨੂੰ ਸਨਾਤਨ ਸੱਭਿਆਚਾਰ ਨਾਲ ਜੋੜਨ ਲਈ ਇੱਕ ਮੁਹਿੰਮ ਚਲਾਈ ਜਾ ਰਹੀ ਹੈ।

ਸਾਡਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਹਰ ਸਨਾਤਨ ਆਪਣੇ ਧਰਮ ਦੇ ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ ਤੋਂ ਜਾਣੂ ਹੋਵੇ। ਸਾਨੂੰ ਧਰਮ ਗ੍ਰੰਥਾਂ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਡੇ ਧਾਰਮਿਕ ਅਭਿਆਸ ਨਿਰਧਾਰਤ ਮਰਿਆਦਾ ਅਨੁਸਾਰ ਹੋਣ।

ਮਹਿਤਾ ਨੇ ਕਿਹਾ ਕਿ, ਰਾਸ਼ਟਰੀ ਪ੍ਰਧਾਨ ਸ਼੍ਰੀ ਵਿਜੇ ਸ਼ਰਮਾ ਦੇ ਨਿਰਦੇਸ਼ਾਂ ਹੇਠ, ਜਾਗਰਣ ਕਮੇਟੀਆਂ ਅਤੇ ਸ਼ੋਭਾ ਯਾਤਰਾ ਕਮੇਟੀਆਂ ਨਾਲ ਜਲਦੀ ਹੀ ਸੰਪਰਕ ਕੀਤਾ ਜਾਵੇਗਾ ਤਾਂ ਜੋ ਧਾਰਮਿਕ ਸਮਾਗਮਾਂ ਦੌਰਾਨ ਸਨਾਤਨ ਧਰਮ ਦੇ ਪ੍ਰਮੁੱਖ ਦੇਵਤਿਆਂ ਦਾ ਰੂਪ ਧਾਰਨ ਕਰਨ ਅਤੇ ਧਾਰਮਿਕ ਅਪਵਿੱਤਰਤਾ ਕਰਨ ਵਾਲਿਆਂ ਨੂੰ ਰੋਕਿਆ ਜਾ ਸਕੇ।

ਵਰੁਣ ਮਹਿਤਾ ਨੇ ਕਿਹਾ ਕਿ ਸਨਾਤਨ ਕਮੇਟੀ ਨੇ ਸਾਰੇ ਧਰਮਾਂ ਦੇ ਅਪਵਿੱਤਰਤਾ ਨੂੰ ਰੋਕਣ ਲਈ ਪੰਜਾਬ ਸਰਕਾਰ ਦੁਆਰਾ ਬਣਾਏ ਜਾ ਰਹੇ ਕਾਨੂੰਨ 'ਤੇ ਆਪਣੇ ਵਿਚਾਰ ਪੇਸ਼ ਕਰਦੇ ਹੋਏ, ਧਰਮ ਦਾ ਅਪਵਿੱਤਰਤਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ।

ਇਸ ਮੌਕੇ ਸਵਪਨ ਤਾਨੀ, ਜਿੰਦੀ ਸਿੰਘ, ਮਮਤਾ ਸ਼ਰਮਾ, ਰੇਖਾ ਰਾਣੀ, ਸ਼ਕੁੰਤਲਾ ਦੇਵੀ, ਅਤੇ ਹੋਰ ਸ਼ਰਧਾਲੂ ਹਾਜ਼ਰ ਸਨ।

# .ਫਸਲਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਦੇ ਨਿਰਦੇਸ਼; ਕੇਂਦਰੀ ਖੇਤੀਬਾੜੀ ਮੰਤਰੀ ਵੱਲੋਂ ਪੰਜਾਬ ਸਣੇ ਕਈ ਸੂਬਿਆਂ 'ਚ .ਫਸਲਾਂ ਦੇ ਖ਼ਰਾਬੇ ਦੀ ਰਿਪੋਰਟ ਤਲਬ

**ਨਵੀਂ ਦਿੱਲੀ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਦੇਸ਼ ਦੇ ਕਈ ਹਿੱਸਿਆਂ ਵਿੱਚ ਪਏ ਮੀਂਹ ਅਤੇ ਗੜਿਆਂ ਕਾਰਨ ਫ਼ਸਲਾਂ ਦੇ ਹੋਏ ਨੁਕਸਾਨ ਦਾ ਅੱਜ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਮੰਤਰਾਲੇ ਦੇ ਉੱਚ ਅਧਿਕਾਰੀਆਂ ਨੂੰ ਫ਼ਸਲਾਂ ਦੇ ਨੁਕਸਾਨ ਦਾ ਮੁਕੰਮਲ ਜਾਇਜ਼ਾ ਲੈਣ ਲਈ ਜ਼ਮੀਨੀ ਪੱਧਰ 'ਤੇ ਜਾਣਕਾਰੀ ਇਕੱਠੀ ਕਰਨ ਦੇ ਹੁਕਮ ਦਿੱਤੇ ਹਨ। ਖੇਤੀਬਾੜੀ ਮੰਤਰਾਲੇ ਨੇ ਦੱਸਿਆ ਕਿ ਮੰਤਰੀ ਨੇ ਅਧਿਕਾਰੀਆਂ ਨੂੰ ਸਬੰਧਤ ਸੂਬਾ ਸਰਕਾਰਾਂ ਨਾਲ ਤਾਲਮੇਲ ਕਰ ਕੇ ਨੁਕਸਾਨ ਦੀ ਰਿਪੋਰਟ ਤਿਆਰ ਕਰਨ ਲਈ ਕਿਹਾ ਹੈ। ਕੇਂਦਰੀ ਮੰਤਰੀ ਪ੍ਰਭਾਵਿਤ ਸੂਬਿਆਂ ਦੇ ਖੇਤੀਬਾੜੀ ਮੰਤਰੀਆਂ ਨਾਲ ਵੀ ਮੀਟਿੰਗ ਕਰਨਗੇ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਇਸ ਸੰਕਟ ਦੀ ਘੜੀ ਵਿੱਚ ਕੇਂਦਰ ਸਰਕਾਰ ਉਨ੍ਹਾਂ ਨਾਲ ਖੜ੍ਹੀ ਹੈ।

ਭਾਰਤੀ ਮੌਸਮ ਵਿਭਾਗ ਅਨੁਸਾਰ ਪੱਛਮੀ ਗੜਬੜੀ ਕਾਰਨ 7 ਅਪਰੈਲ ਤੋਂ ਉੱਤਰ-ਪੱਛਮੀ ਭਾਰਤ ਵਿੱਚ ਮੁੜ ਮੌਸਮ ਖ਼ਰਾਬ ਹੋਣ ਦੀ ਸੰਭਾਵਨਾ ਹੈ। ਪੰਜਾਬ,



ਹਰਿਆਣਾ, ਦਿੱਲੀ, ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਵਿੱਚ 10 ਅਪਰੈਲ ਤੱਕ ਮੀਂਹ, ਗਰਜ ਅਤੇ ਗੜੇਮਾਰੀ ਦਾ ਖ਼ਦਸ਼ਾ ਹੈ। ਇਸ ਦੌਰਾਨ 70 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲ ਸਕਦੀਆਂ ਹਨ। ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ 7 ਅਤੇ 8 ਅਪਰੈਲ ਨੂੰ ਭਾਰੀ ਗੜੇਮਾਰੀ ਦੀ ਚਿਤਾਵਨੀ ਦਿੱਤੀ ਗਈ ਹੈ, ਜੋ ਫ਼ਸਲਾਂ ਲਈ ਮਾਰੂ ਸਾਬਤ ਹੋ ਸਕਦੀ ਹੈ। ਇਸੇ ਤਰ੍ਹਾਂ ਬਿਹਾਰ, ਝਾਰਖੰਡ ਅਤੇ ਪੱਛਮੀ ਬੰਗਾਲ ਵਿੱਚ ਵੀ 8 ਅਪਰੈਲ ਤੱਕ ਗੜੇਮਾਰੀ ਦਾ ਅਸਰ ਰਹੇਗਾ।

**ਪੱਕੀਆਂ ਫ਼ਸਲਾਂ ਵੱਢਣ ਦੀ ਸਲਾਹ**

ਮੌਸਮ ਦੇ ਵਿਗੜਦੇ ਮਿਜ਼ਾਜ ਨੂੰ ਦੇਖਦਿਆਂ ਪੰਜਾਬ ਅਤੇ ਹਰਿਆਣਾ ਸਮੇਤ ਉੱਤਰੀ ਰਾਜਾਂ ਦੇ ਕਿਸਾਨਾਂ ਨੂੰ ਸਬਜ਼ੀਆਂ ਅਤੇ ਬਾਗਾਂ ਨੂੰ ਬਚਾਉਣ ਲਈ ਜਾਲੀਆਂ (ਹੇਲ ਨੈੱਟ) ਦੀ ਵਰਤੋਂ ਕਰਨ ਅਤੇ ਪੱਕੀਆਂ ਫ਼ਸਲਾਂ ਦੀ ਵਾਢੀ ਵਿੱਚ ਦੇਰ ਨਾ ਕਰਨ ਦੀ ਸਲਾਹ ਦਿੱਤੀ ਗਈ ਹੈ। ਇਸੇ ਤਰ੍ਹਾਂ ਕੱਟੀ ਗਈ ਫ਼ਸਲ ਤਰਪਾਲਾਂ ਨਾਲ ਢੱਕ ਕੇ ਜਾਂ ਸੁਰੱਖਿਅਤ ਥਾਵਾਂ 'ਤੇ ਰੱਖਣ ਦੀ ਹਦਾਇਤ ਦਿੱਤੀ ਗਈ ਹੈ।

# ਡਿਪਟੀ ਕਮਿਸ਼ਨਰ ਵੱਲੋਂ ਪਿੰਡ ਉੱਪਲ ਖੇੜੀ ਵਿਖੇ ਨਵੀਨੀਕਰਤ ਆਂਗਣਵਾੜੀ ਸੈਂਟਰ ਦਾ ਉਦਘਾਟਨ




**ਮਲੇਰਕੋਟਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ 545 ਆਂਗਣਵਾੜੀ ਸੈਂਟਰ ਕਾਰਜਸ਼ੀਲ ਹਨ, ਜਿਨ੍ਹਾਂ ਰਾਹੀਂ ਜਨਮ ਤੋਂ 6 ਸਾਲ ਦੇ ਬੱਚਿਆਂ, ਗਰਭਵਤੀ ਅਤੇ ਦੁੱਧ ਪਿਆਊ ਮਾਤਾਵਾਂ ਦੇ ਪੋਸ਼ਣ ਪੱਧਰ ਨੂੰ ਉੱਚਾ ਚੁੱਕਣ ਦੇ ਨਾਲ-ਨਾਲ ਪੰਜਾਬ ਸਰਕਾਰ ਦੀਆਂ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਪਹੁੰਚਾਇਆ ਜਾ ਰਿਹਾ ਹੈ।

ਜ਼ਿਲ੍ਹਾ ਪ੍ਰਸ਼ਾਸਨ ਮਲੇਰਕੋਟਲਾ ਵੱਲੋਂ ਸੀ.ਐਸ.ਆਰ. ਸਕੀਮ ਅਧੀਨ ਆਂਗਣਵਾੜੀ ਸੈਂਟਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਉਦਯੋਗਿਕ ਇਕਾਈਆਂ ਨਾਲ ਸੰਪਰਕ ਕੀਤਾ ਗਿਆ। ਇਸ ਤਹਿਤ ਪਹਿਲੇ ਪੜਾਅ ਵਿੱਚ 9 ਆਂਗਣਵਾੜੀ ਸੈਂਟਰਾਂ ਦੀ ਚੋਣ ਕੀਤੀ ਗਈ, ਜਿਨ੍ਹਾਂ ਵਿੱਚੋਂ ਪਿੰਡ ਉੱਪਲ ਖੇੜੀ, ਚੌਂਦਾ ਅਤੇ ਰਾਣਵਾਂ ਦੇ 3 ਸੈਂਟਰਾਂ ਨੂੰ ਅਰਿਹੰਤ ਸਪਿਨਿੰਗ ਮਿਲਜ਼ ਮਲੇਰਕੋਟਲਾ (ਵਰਧਮਾਨ ਟੈਕਸਟਾਈਲ ਗਰੁੱਪ ਅਧੀਨ) ਵੱਲੋਂ ਸੀ.ਐਸ.ਆਰ. ਸਕੀਮ ਰਾਹੀ ਚੁਣਿਆ ਗਿਆ।

ਵਰਧਮਾਨ ਟੈਕਸਟਾਈਲ ਗਰੁੱਪ ਵੱਲੋਂ ਇਹਨਾਂ ਸੈਂਟਰਾਂ ਵਿੱਚ ਬੱਚਿਆਂ ਲਈ ਆਕਰਸ਼ਕ ਅਤੇ ਰੰਗਦਾਰ ਵਾਲ ਪੇਂਟਿੰਗਾਂ ਕਰਵਾਉਣ ਦੇ ਨਾਲ-ਨਾਲ ਚਾਈਲਡ-ਫਰੈਂਡਲੀ ਫਰਨੀਚਰ, ਆਂਗਣਵਾੜੀ ਵਰਕਰਾਂ ਲਈ ਫਰਨੀਚਰ, ਐਲ.ਈ.ਡੀ. ਟੀ.ਵੀ ਅਤੇ ਛੱਤ ਵਾਲੇ ਪੱਖੇ ਮੁਹੱਈਆ ਕਰਵਾਏ ਗਏ। ਇਸ ਨਵੀਨੀਕਰਨ ਨਾਲ ਜਿੱਥੇ ਸੈਂਟਰਾਂ ਦੀ ਦਿੱਖ ਵਿੱਚ ਆਕਰਸ਼ਿਤ ਸੁਧਾਰ ਆਇਆ ਹੈ ਉੱਥੇ ਹੀ ਬੱਚਿਆਂ ਦੀ ਹਾਜ਼ਰੀ ਵਿੱਚ ਵੀ ਵਾਧਾ ਦਰਜ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਪਿੰਡ ਉੱਪਲ ਖੇੜੀ ਵਿਖੇ ਨਵੀਨੀਕਰਤ ਆਂਗਣਵਾੜੀ ਸੈਂਟਰ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਸੈਂਟਰ ਵਿੱਚ ਮੌਜੂਦ ਲਾਭਪਾਤਰੀਆਂ ਨਾਲ ਗੱਲਬਾਤ ਕਰਦਿਆਂ ਨਵੀਨੀਕਰਨ ਸਬੰਧੀ ਪ੍ਰਤੀਕ੍ਰਿਆ ਨੂੰ ਜਾਣਿਆ ਗਿਆ। ਮੌਜੂਦ ਲਾਭਪਾਤਰੀਆਂ ਵੱਲੋਂ ਪ੍ਰਸ਼ਾਸਨ ਦੇ ਇਸ ਉਪਰਾਲੇ ਦਾ ਧੰਨਵਾਦ ਕੀਤਾ ਗਿਆ। ਡਿਪਟੀ ਕਮਿਸ਼ਨਰ ਵੱਲੋਂ ਵਰਧਮਾਨ ਟੈਕਸਟਾਈਲ ਗਰੁੱਪ ਦੇ ਸਹਿਯੋਗ ਦੀ ਭਰਪੂਰ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਹੋਰ ਆਂਗਣਵਾੜੀ ਸੈਂਟਰਾਂ ਦੇ ਨਵੀਨੀਕਰਨ ਲਈ ਵੀ ਸਹਿਯੋਗ ਦੀ ਅਪੀਲ ਕੀਤੀ ਗਈ। ਨਾਲ ਹੀ ਉਨ੍ਹਾਂ ਵੱਲੋਂ ਲੋਕਾਂ ਨੂੰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਵਰਧਮਾਨ ਟੈਕਸਟਾਈਲ ਗਰੁੱਪ ਵੱਲੋਂ ਜਨਰਲ ਮੈਨੇਜਰ ਸੁਮਿਤ ਅਗਰਵਾਲ, ਐਚ.ਆਰ. ਮੈਨੇਜਰ ਸੁਰਿੰਦਰ ਭਾਟੀਆ ਅਤੇ ਰਾਜ ਕੁਮਾਰ ਹਾਜ਼ਰ ਰਹੇ। ਇਸ ਤੋਂ ਇਲਾਵਾ ਸੀ.ਡੀ.ਪੀ.ਓ. ਪਵਨ ਕੁਮਾਰ, ਸੁਪਰਵਾਈਜ਼ਰ ਉਰਵਸ਼ੀ ਚੁੱਘ, ਬਲਪ੍ਰੀਤ ਕੌਰ ਅਤੇ ਜਸਵਿੰਦਰ ਕੌਰ, ਆਂਗਣਵਾੜੀ ਵਰਕਰ ਗੁਰਦੀਪ ਕੌਰ ਅਤੇ ਕਿਸ਼ਵਰ ਬੇਗਮ ਸਮੇਤ ਪਿੰਡ ਦੇ ਸਰਪੰਚ ਸ਼ਮਸ਼ਾਦ ਖਾਨ ਵੀ ਮੌਜੂਦ ਸਨ।

# ਮੁੱਖ ਮੰਤਰੀ ਤੇ ਉਸਦੇ ਓਐਸਡੀ ਨੂੰ ਭੱਜਣ ਨਹੀਂ ਦਿੱਤਾ ਜਾਵੇਗਾ ਤੇ ਕੀਤੇ ਭ੍ਰਿਸ਼ਟ ਕੰਮਾਂ ਲਈ ਜਵਾਬਦੇਹ ਠਹਿਰਾਇਆ ਜਾਵੇਗਾ: ਸੁਖਬੀਰ ਬਾਦਲ

**ਪਟਿਆਲਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਐਲਾਨ ਕੀਤਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਤੇ ਉਹਨਾਂ ਦੇ ਓ ਐਸ ਡੀਜ਼ ਨੂੰ ਭੱਜਣ ਨਹੀਂ ਦਿੱਤਾ ਜਾਵੇਗਾ।

ਅੱਜ ਇਥੇ ਪੰਜਾਬ ਬਚਾਓ ਮੁਹਿੰਮ ਦੇ ਤਹਿਤ ਪਟਿਆਲਾ ਦਿਹਾਤੀ ਦੇ ਹਲਕਾ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ ਦੇ ਨਾਲ ਰਲ ਕੇ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਭ੍ਰਿਸ਼ਟ ਲੋਕ ਸਮਝਦੇ ਹਨ ਕਿ ਇਹ ਕੈਨੇਡਾ, ਆਸਟਰੇਲੀਆ ਤੇ ਹੋਰ ਮੁਲਕਾਂ ਵਿਚ ਭੱਜ ਜਾਣਗੇ ਜਿਥੇ ਇਹਨਾਂ ਗੈਰ ਕਾਨੂੰਨੀ ਪੈਸਾ ਰੱਖਿਆ ਹੈ। ਉਹਨਾਂ ਕਿਹਾ ਕਿ ਮੈਂ ਇਹਨਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹਨਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ। ਜੇਕਰ ਇਹ ਭੱਜ ਵੀ ਗਏ ਤਾਂ ਇਹਨਾਂ ਨੂੰ ਵਾਪਸ ਲਿਆ ਕੇ ਕਾਨੂੰਨ ਮੁਤਾਬਕ



ਇਹਨਾਂ ਦੇ ਅਪਰਾਧਾਂ ਲਈ ਜਵਾਬਦੇਹ ਠਹਿਰਾਇਆ ਜਾਵੇਗਾ।

ਬਾਅਦ ਵਿਚ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੇਰੇ ਖਿਲਾਫ ਕਿੱਕਲੀਆਂ ਨੂੰ ਤੋੜ ਮਰੋੜ ਕੇ ਪੇਸ਼ ਕਰਨ ਨਾਲ ਮੁੱਖ ਮੰਤਰੀ ਭਗਵੰਤ ਮਾਨ ਨੂੰ ਕੁਝ ਨਹੀਂ ਮਿਲਣਾ। ਉਹ ਭਾਵੇਂ ਜਿੰਨੀਆਂ ਮਰਜ਼ੀ ਕਿੱਕਲੀਆਂ ਪਾ ਲੈਣ ਪਰ ਇਸ ਨਾਲ ਉਹ ਪੰਜਾਬੀਆਂ ਦੇ ਗੁੱਸੇ ਤੋਂ ਨਹੀਂ ਬਚ ਸਕਣਗੇ ਜੋ ਉਹਨਾਂ ਤੋਂ ਹਰ ਮਾਮਲੇ ਵਿਚ ਦਿੱਤੇ ਧੋਖੇ ਦਾ ਹਿਸਾਬ ਲੈਣਾ ਚਾਹੁੰਦੇ ਹਨ।

ਉਹਨਾਂ ਕਿਹਾ ਕਿ ਮੈਂ ਮੁੱਖ ਮੰਤਰੀ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਆਪਣੀ 500 ਬੰਦਿਆਂ ਦੀ ਪੁਲਿਸ ਸੁਰੱਖਿਆ ਤੋਂ ਬਗੈਰ ਇਕ ਵੀ ਪਿੰਡ ਵਿਚ ਜਾ ਕੇ ਵਿਖਾਉਣ। ਉਹਨਾਂ ਕਿਹਾ ਕਿ ਜਿਥੇ ਕਿਤੇ ਭਗਵੰਤ ਮਾਨ ਜਾਂਦੇ ਹਨ, ਇਹ ਸੁਰੱਖਿਆ ਦਸਤੇ ਲਾਕ ਡਾਊਨ ਲਗਾ ਦਿੰਦੇ ਹਨ ਅਤੇ ਹਥਿਆਰ ਜ਼ਬਤ ਕਰ ਲੈਂਦੇ ਹਨ ਜਿਵੇਂ ਉਹਨਾਂ ਅੱਜ ਜੈਤੋਂ ਵਿਚ ਕੀਤਾ। ਉਹਨਾਂ ਕਿਹਾ ਕਿ ਇਕ ਵਾਰ ਬਗੈਰ ਸੁਰੱਖਿਆ ਦੇ ਕਿਸੇ ਵੀ ਪਿੰਡ ਵਿਚ ਗਏ ਤਾਂ ਪੰਜਾਬੀ ਉਹਨਾਂ ਨੂੰ ਹਮੇਸ਼ਾ ਹਮੇਸ਼ਾ ਵਾਸਤੇ ਸਸਤੀਆਂ ਕਿੱਕਲੀਆਂ ਭੁਲਾ ਦੇਣਗੇ। ਨਾਰਾਜ਼ ਅਕਾਲੀਆਂ ਦੇ ਪਾਰਟੀ ਵਿਚ ਵਾਪਸ ਆਉਣ ਬਾਰੇ ਸਵਾਲ ਦੇ ਜਵਾਬ ਵਿਚ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਮੈਂ ਸਮੂਹ ਪੰਜਾਬੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਸੀ ਮਤਭੇਦ ਭੁਲਾ ਕੇ ਪੰਜਾਬ ਦੀ ਇਕਲੌਤੀ ਖੇਤਰੀ ਪਾਰਟੀ ਦੇ ਝੰਡੇ ਹੇਠ ਇਕੱਠੇ ਹੋਣ। ਉਹਨਾਂ ਕਿਹਾ ਕਿ ਇਕੱਲੇ ਰਲ ਕੇ ਅਸੀਂ ਪੰਜਾਬ ਨੂੰ ਦਿੱਲੀ ਦੇ 'ਲੁਟੇਰਿਆਂ' ਤੋਂ ਬਚਾਈਏ ਤੇ ਪੰਜਾਬ ਦਾ ਮਾਣ ਤੇ ਖੁਸ਼ਹਾਲੀ ਮੁੜ ਬਹਾਲ ਕਰੀਏ। ਰੈਲੀ ਵਿਚ ਆਪ ਵੱਲੋਂ ਦਰਜ ਕੀਤੇ ਝੂਠੇ ਕੇਸਾਂ ਦੀ ਗੱਲ ਕਰਦਿਆਂ ਸਰਦਾਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਅਸੀਂ ਇਕ ਮੌਜੂਦਾ ਜੱਜ ਦੀ ਅਗਵਾਈ ਹੇਠ ਕਮੇਟੀ ਬਣਾਵਾਂਗੇ ਜੋ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਇਹਨਾਂ ਸਾਰੇ ਝੂਠੇ ਕੇਸਾਂ ਦੀ ਜਾਂਚ ਕਰੇਗੀ। ਉਹਨਾਂ ਕਿਹਾ ਕਿ ਸਾਰੇ ਝੂਠੇ ਕੇਸ ਖਾਰਜ ਕੀਤੇ ਜਾਣਗੇ ਅਤੇ ਇਹ ਕੇਸ ਦਰਜ ਕਰਵਾਉਣ ਵਾਲੇ ਸਿਆਸੀ ਆਗੂਆਂ ਤੇ ਦਰਜ ਕਰਨ ਵਾਲੇ ਅਧਿਕਾਰੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਸਰਦਾਰ ਬਾਦਲ ਨੇ ਇਹ ਵੀ ਦੱਸਿਆ ਕਿ ਕਿਵੇਂ ਕਾਂਗਰਸ ਨੇ ਵਾਰ-ਵਾਰ ਪੰਜਾਬੀਆਂ ਨੂੰ ਧੋਖਾ ਦਿੱਤਾ ਤੇ 25 ਸਾਲ ਤੱਕ ਸੱਤਾ ਵਿਚ ਰਹਿਣ ਦੇ ਬਾਵਜੂਦ ਉਸ ਕੋਲ ਕਾਰਗੁਜ਼ਾਰੀ ਦੇ ਨਾਂ 'ਤੇ ਵਿਖਾਉਣ ਵਾਸਤੇ ਕੱਖ ਵੀ ਨਹੀਂ ਹੈ।

# ਜਲੰਧਰ ਵਿਖੇ ਨਸ਼ੇ ਦੀ ਭੇਟ ਚੜ੍ਹੇ ਚਾਰ ਪੁੱਤਰ, ਪੰਜਵਾਂ ਮੰਜੇ ਉੱਤੇ

**ਜਲੰਧਰ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਲਤਾਨਪੁਰ ਲੋਧੀ ਦੇ ਪੰਡੋਰੀ ਮੁਹੱਲੇ ਦੀ ਬੇਵੱਸ ਮਾਂ ਦੀਆਂ ਹੰਝੂਆਂ ਭਰੀਆਂ ਅਪੀਲਾਂ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ। ਪੰਜ ਪੁੱਤਰਾਂ ਦੀ ਮਾਂ ਮਨਜੀਤ ਕੌਰ ਨੇ ਆਪਣੇ ਚਾਰ ਪੁੱਤ ਨਸ਼ਿਆਂ ਕਾਰਨ ਗੁਆ ਦਿੱਤੇ ਹਨ, ਪੰਜਵਾਂ ਇਸ ਵੇਲੇ ਮੰਜੇ 'ਤੇ ਪਿਆ ਜ਼ਿੰਦਗੀ ਅਤੇ ਮੌਤ ਦੀ ਜੰਗ ਲੜ ਰਿਹਾ ਹੈ। ਇਸ ਪੀੜਤ ਮਾਂ ਦਾ ਦੋਸ਼ ਹੈ ਕਿ ਨਸ਼ਾ ਉਸ ਦੇ ਘਰ ਤੋਂ ਮਹਿਜ਼ ਕੁਝ ਕਦਮਾਂ ਦੀ ਦੂਰੀ 'ਤੇ ਆਸਾਨੀ ਨਾਲ ਮਿਲ ਰਿਹਾ ਹੈ। ਉਸ ਨੇ ਦੱਸਿਆ ਕਿ ਮੁਹੱਲੇ ਵਿੱਚ ਸ਼ਰੇਆਮ ਚਿੱਟਾ ਵੇਚਿਆ ਜਾ ਰਿਹਾ ਹੈ, ਜਦਕਿ ਇਸ ਇਲਾਕੇ ਦੀ ਸਾਂਝੀ ਕੰਧ ਸੁਲਤਾਨਪੁਰ ਲੋਧੀ ਥਾਣੇ ਨਾਲ ਲੱਗਦੀ ਹੈ।



ਇਲਾਕੇ ਵਿੱਚ ਫੈਲੇ ਨਸ਼ੇ ਕਾਰਨ ਸਿਰਫ਼ ਮਨਜੀਤ ਕੌਰ ਹੀ ਨਹੀਂ, ਸਗੋਂ ਚਾਰ-ਪੰਜ ਹੋਰ ਔਰਤਾਂ ਨੇ ਵੀ ਆਪਣੇ ਪੁੱਤ ਗੁਆਉਣ ਦੀ ਗੱਲ ਕਹੀ ਹੈ। ਸਥਾਨਕ ਔਰਤਾਂ ਨੇ ਪੁਲੀਸ ਨੂੰ ਅਪੀਲ ਕੀਤੀ ਹੈ ਕਿ ਨਸ਼ੇ ਦੀ ਵਿਕਰੀ ਬੰਦ ਕਰ ਕੇ ਉਨ੍ਹਾਂ ਦੇ ਬੱਚਿਆਂ ਨੂੰ ਬਚਾਇਆ ਜਾਵੇ। ਨੌਜਵਾਨਾਂ ਦੀਆਂ ਲਗਾਤਾਰ ਹੋ ਰਹੀਆਂ ਮੌਤਾਂ ਕਾਰਨ ਕਈ ਨੂੰਹਾਂ ਪਿੰਡ ਛੱਡ ਕੇ ਚਲੀਆਂ ਗਈਆਂ ਹਨ। ਬਜ਼ੁਰਗ ਔਰਤਾਂ ਹੁਣ ਆਪਣੇ ਪੋਤੇ-ਪੋਤੀਆਂ ਨੂੰ ਸੰਭਾਲਣ ਲਈ ਮਜਬੂਰ ਹਨ। ਕਈ ਪਰਿਵਾਰਾਂ ਨੇ ਆਪਣੇ ਪੁੱਤਾਂ ਨੂੰ ਨਸ਼ਾ ਛਡਾਊ ਕੇਂਦਰਾਂ ਵਿੱਚ ਵੀ ਭੇਜਿਆ, ਪਰ ਘਰ ਪਰਤਣ 'ਤੇ ਉਹ ਮੁੜ ਨਸ਼ੇ ਦੀ ਦਲਦਲ ਵਿੱਚ ਫਸ ਗਏ।

ਆਪਣੇ 30 ਸਾਲਾ ਪੁੱਤਰ ਸੋਨੂ ਦੇ ਕੋਲ ਖੜ੍ਹੀ ਮਨਜੀਤ ਕੌਰ ਨੇ ਰੋਂਦਿਆਂ ਕਿਹਾ, "ਮੈਂ ਪੰਜ ਪੁੱਤਰਾਂ ਦੀ ਮਾਂ ਸਾਂ। ਉਨ੍ਹਾਂ ਵਿੱਚੋਂ ਚਾਰ ਮੈਂ ਚਿੱਟੇ ਕਾਰਨ ਗੁਆ ਦਿੱਤੇ ਹਨ ਅਤੇ ਪੰਜਵਾਂ ਪਤਾ ਨਹੀਂ ਕਦੋਂ ਤੱਕ ਜਿਊਂਦਾ ਰਹੇਗਾ। ਅਸੀਂ ਤਿੰਨ ਦਿਨਾਂ ਤੋਂ ਰੋਟੀ ਨਹੀਂ ਖਾਧੀ। ਉਸ ਦੀ ਹਾਲਤ ਦੇਖੋ।" ਸੋਨੂ ਬਿਸਤਰੇ 'ਤੇ ਪਿਆ ਸੀ ਅਤੇ ਉਸ ਦਾ ਸਰੀਰ ਹੱਡੀਆਂ ਦੀ ਮੁੱਠ ਰਹਿ ਗਿਆ ਹੈ।

**ਮਾਮਲਾ ਸਾਡੇ ਧਿਆਨ 'ਚ: ਡੀਐੱਸ ਪੀ**

ਕਪੂਰਥਲਾ ਦੇ ਡੀ ਐੱਸ ਪੀ (ਅਪਰਾਧ) ਹਰਗੁਰਦੇਵ ਸਿੰਘ ਨੇ ਕਿਹਾ, ਇਹ ਮਾਮਲਾ ਸਾਡੇ ਨੋਟਿਸ ਵਿੱਚ ਹੈ। ਪੁਲੀਸ ਸਥਾਨਕ ਲੋਕਾਂ ਦੀ ਮਦਦ ਲਈ ਲੋੜੀਂਦੇ ਕਦਮ ਚੁੱਕ ਰਹੀ ਹੈ। ਨਸ਼ਿਆਂ ਖ਼ਿਲਾਫ਼ ਸਾਡੀ ਮੁਹਿੰਮ ਲਗਾਤਾਰ ਜਾਰੀ ਹੈ। ਉਧਰ ਸੁਲਤਾਨਪੁਰ ਲੋਧੀ ਦੇ ਐੱਸ ਐੱਚ ਓ ਹਰਿੰਦਰ ਸਿੰਘ ਨੇ ਕਿਹਾ, ਅਸੀਂ ਉਸ ਇਲਾਕੇ ਦਾ ਦੌਰਾ ਕੀਤਾ ਹੈ ਅਤੇ ਕਈ ਨੌਜਵਾਨਾਂ ਨੂੰ ਨਸ਼ਾ ਛਡਾਊ ਇਲਾਜ ਲਈ ਦਾਖ਼ਲ ਕਰਵਾਇਆ ਹੈ। ਕੁਝ ਵਿਅਕਤੀਆਂ ਖ਼ਿਲਾਫ਼ ਕੇਸ ਵੀ ਦਰਜ ਕੀਤੇ ਗਏ ਹਨ। ਹਾਲ ਦੇ ਸਮੇਂ ਪਿੰਡ ਦੇ ਮੁਲਜ਼ਮਾਂ ਖ਼ਿਲਾਫ਼ ਐੱਨ ਡੀ ਪੀ ਐੱਸ ਐਕਟ ਤਹਿਤ ਘੱਟੋ-ਘੱਟ 10-12 ਕੇਸ ਦਰਜ ਹਨ। ਮਨਜੀਤ ਕੌਰ ਦੇ ਬਿਮਾਰ ਪੁੱਤਰ ਨੂੰ ਵੀ ਭਲਕੇ ਹਸਪਤਾਲ ਦਾਖਲ ਕਰਵਾਇਆ ਜਾਵੇਗਾ।

# ਲਿਖਤੀ ਪ੍ਰੀਖਿਆ 'ਚ ਮਾਸਟਰ ਬੇੜਾ ਤਾਰਨ ਗਏ, ਖ਼ੁਦ ਹੀ ਡੁੱਬੇ ਅਧੀਨ ਸੇਵਾਵਾਂ ਚੋਣ ਬੋਰਡ ਨੇ ਪੰਜ ਫਰਜ਼ੀ ਪ੍ਰੀਖਿਆਰਥੀ ਫੜੇ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਨੇ ਅਜਿਹੇ ਸ਼ੱਕੀ 'ਮਾਸਟਰ' ਫੜੇ ਹਨ ਜਿਨ੍ਹਾਂ ਦੀ ਦੂਜਿਆਂ ਦੀ ਲਿਖਤੀ ਪ੍ਰੀਖਿਆ ਦੇਣ 'ਚ ਮਾਸਟਰੀ ਸੀ। ਗੁਰੂ ਨਾਨਕ ਦੇਵ 'ਵਰਸਿਟੀ ਨੇ ਅੱਜ ਪੰਜਾਬ ਭਰ 'ਚ ਸੇਵਾਦਾਰਾਂ ਦੀ ਆਸਾਮੀ ਲਈ ਲਿਖਤੀ ਪ੍ਰੀਖਿਆ ਲਈ ਜਿਸ 'ਚ 77,353 ਪ੍ਰੀਖਿਆਰਥੀ ਬੈਠੇ। ਕਰੀਬ ਸਵਾ ਤਿੰਨ ਸੌ ਪ੍ਰੀਖਿਆ ਕੇਂਦਰਾਂ 'ਚ ਅੱਜ ਇਹ ਪ੍ਰੀਖਿਆ ਹੋਈ। ਏ ਆਈ ਦੀ ਮਦਦ ਨਾਲ ਪੰਜ ਫਰਜ਼ੀ ਪ੍ਰੀਖਿਆਰਥੀ ਕਾਬੂ ਕੀਤੇ ਗਏ ਹਨ। ਫਰਜ਼ੀ ਪ੍ਰੀਖਿਆਰਥੀ ਪੁਲੀਸ ਹਵਾਲੇ ਕੀਤੇ ਗਏ ਹਨ।

ਗੁਰੂ ਨਾਨਕ ਦੇਵ 'ਵਰਸਿਟੀ ਅੰਮ੍ਰਿਤਸਰ ਨੇ ਜਦੋਂ ਬਾਇਓਮੈਟ੍ਰਿਕਸ ਕੀਤੀ ਗਈ ਤਾਂ ਇਨ੍ਹਾਂ ਨਕਲੀ ਪ੍ਰੀਖਿਆਰਥੀਆਂ ਦੀ ਪਛਾਣ ਹੋਈ। ਫ਼ਰੀਦਕੋਟ ਦੇ ਪ੍ਰੀਖਿਆ ਕੇਂਦਰ 'ਚ ਮੰਗਲ ਸਿੰਘ ਅਤੇ ਦਵਿੰਦਰ ਸਿੰਘ ਦੀ ਥਾਂ 'ਤੇ ਕੋਈ ਹੋਰ ਪ੍ਰੀਖਿਆਰਥੀ ਬੈਠੇ ਸਨ। ਅਬਜ਼ਰਵਰ ਅਨਮੋਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਦੋਵੇਂ ਪ੍ਰੀਖਿਆਰਥੀਆਂ ਦੀਆਂ ਤਸਵੀਰਾਂ ਅਤੇ ਆਧਾਰ ਕਾਰਡਾਂ 'ਚ ਗੜਬੜ ਕੀਤੀ ਹੋਈ ਸੀ। ਡੀ ਐੱਸ ਪੀ ਫ਼ਰੀਦਕੋਟ ਤਰਲੋਚਨ ਸਿੰਘ ਨੇ ਦੱਸਿਆ ਕਿ ਪਤਾ ਲੱਗਾ ਹੈ ਕਿ ਪ੍ਰੀਖਿਆ ਦੇਣ ਵਾਲਾ ਨਕਲੀ ਪ੍ਰੀਖਿਆਰਥੀ ਖ਼ੁਦ ਵੀ ਮਾਸਟਰ ਲੱਗਾ ਹੋਇਆ ਹੈ। ਫ਼ਿਰੋਜ਼ਪੁਰ ਦੇ ਪ੍ਰੀਖਿਆ ਕੇਂਦਰ 'ਚ ਸੁਖਪਾਲ ਸਿੰਘ ਅਤੇ ਵਰਿੰਦਰ ਕੁਮਾਰ ਦੀ ਥਾਂ 'ਤੇ ਕੋਈ ਹੋਰ ਵਿਅਕਤੀ ਪ੍ਰੀਖਿਆ ਦਿੰਦੇ ਫੜੇ ਗਏ ਹਨ। ਇੱਕ ਹੋਰ ਪ੍ਰੀਖਿਆਰਥੀ ਰਣਜੀਤ ਸਿੰਘ ਦੀ ਥਾਂ 'ਤੇ ਵੀ ਪ੍ਰੀਖਿਆ ਦੇਣ ਵਾਲਾ ਸ਼ੱਕੀ ਫੜਿਆ ਗਿਆ ਹੈ।

ਗੁਰੂ ਨਾਨਕ ਦੇਵ 'ਵਰਸਿਟੀ ਨੇ 15 ਮਾਰਚ ਨੂੰ ਪੰਜਾਬ ਸਟੇਟ ਅਧਿਆਪਕ ਯੋਗਤਾ ਟੈਸਟ ਲਿਆ ਸੀ ਅਤੇ ਉਹ ਲਿਖਤੀ ਪ੍ਰੀਖਿਆ ਮੰਗਲ ਸਿੰਘ ਅਤੇ ਦਵਿੰਦਰ ਸਿੰਘ ਨੇ ਵੀ ਦਿੱਤੀ ਹੋਈ ਸੀ ਜਿਨ੍ਹਾਂ ਦੀ ਥਾਂ 'ਤੇ ਦੋ ਸ਼ੱਕੀ ਫ਼ਰੀਦਕੋਟ 'ਚ ਪ੍ਰੀਖਿਆ 'ਚ ਬੈਠੇ ਸਨ। ਫੜੇ ਗਏ ਦੋ ਸ਼ੱਕੀ ਪ੍ਰੀਖਿਆਰਥੀਆਂ ਨੇ ਖ਼ੁਦ ਵੀ ਅਧਿਆਪਕ ਯੋਗਤਾ ਟੈਸਟ 15 ਮਾਰਚ ਨੂੰ ਦਿੱਤਾ ਸੀ। ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਅਧੀਨ ਸੇਵਾਵਾਂ ਚੋਣ ਬੋਰਡ ਨੇ 17 ਨਵੰਬਰ 2025 ਨੂੰ ਗਰੁੱਪ 'ਡੀ' ਦੀਆਂ ਅਸਾਮੀਆਂ ਲਈ ਇਸ਼ਤਿਹਾਰ ਪ੍ਰਕਾਸ਼ਿਤ ਕੀਤਾ ਸੀ ਜਿਨ੍ਹਾਂ ਵਾਸਤੇ 1.25 ਲੱਖ ਉਮੀਦਵਾਰਾਂ ਨੇ ਅਪਲਾਈ ਕੀਤੀ ਸੀ। ਅੱਜ 62.09 ਫ਼ੀਸਦ ਉਮੀਦਵਾਰਾਂ ਨੇ ਹੀ ਲਿਖਤੀ ਪ੍ਰੀਖਿਆ ਦਿੱਤੀ। ਗੁਰੂ ਨਾਨਕ ਦੇਵ 'ਵਰਸਿਟੀ ਨੇ ਹਰ ਪ੍ਰੀਖਿਆ ਲਈ ਬਾਇਓਮੈਟ੍ਰਿਕਸ ਲਾਜ਼ਮੀ ਕੀਤੀ ਹੋਈ ਹੈ। ਅੱਜ ਏ ਆਈ ਦੀ ਮਦਦ ਨਾਲ ਪੜਤਾਲ ਮਗਰੋਂ ਉਪਰੋਕਤ ਪੰਜ ਕੇਸ ਸਾਹਮਣੇ ਆਏ ਹਨ ਜਿਨ੍ਹਾਂ ਦੀ ਪੁਲੀਸ ਜਾਂਚ ਕਰ ਰਹੀ ਹੈ।

# ਮੁੱਖ ਮੰਤਰੀ ਅੱਜ ਚੁਰਾਸੀ ਵਿਧਾਨ ਸਭਾ ਹਲਕੇ ਲਈ ਵਿਕਾਸ ਕਾਰਜਾਂ ਦਾ ਰੱਖਣਗੇ ਨੀਂਹ ਪੱਥਰ : ਡਾ. ਰਵਜੋਤ ਸਿੰਘ

**ਚੰਡੀਗੜ੍ਹ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਲਈ ਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਣਗੇ ਅਤੇ ਕਈ ਪ੍ਰੋਜੈਕਟਾਂ ਦਾ ਉਦਘਾਟਨ ਵੀ ਕਰਨਗੇ ਜਿਸ ਦੇ ਮੱਦੇਨਜ਼ਰ ਨੇੜਲੇ ਪਿੰਡ ਭੀਖੋਵਾਲ ਵਿਖੇ ਵੱਡਾ ਸਮਾਗਮ ਹੋਵੇਗਾ।

ਪੰਜਾਬ ਦੇ ਸੰਸਦੀ ਕਾਰਜ ਮਾਮਲੇ, ਪ੍ਰਵਾਸੀ ਭਾਰਤੀ ਮਾਮਲੇ ਅਤੇ ਜੇਲ੍ਹਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਸਮਾਗਮ ਵਾਲੀ ਥਾਂ 'ਤੇ ਪਹੁੰਚ ਕੇ ਪ੍ਰਬੰਧਾਂ ਅਤੇ ਤਿਆਰੀਆਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਹਰਿਆਣਾ ਵਿਖੇ 9 ਕਰੋੜ ਰੁਪਏ ਵੱਧ ਦੀ ਲਾਗਤ ਨਾਲ ਬਣਨ ਵਾਲੇ ਸੀ.ਐਚ.ਸੀ. ਦਾ ਨੀਂਹ ਪੱਥਰ ਰੱਖਿਆ ਜਾਵੇਗਾ ਅਤੇ ਇਹ ਪ੍ਰੋਜੈਕਟ ਮੁਕੰਮਲ ਹੋਣ ਨਾਲ ਇਲਾਕੇ ਦੇ 40 ਤੋਂ ਵੱਧ ਪਿੰਡਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਮਿਆਰੀ ਸਿਹਤ ਸਹੂਲਤਾਂ ਮਿਲਣਗੀਆਂ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕੇ ਦੇ 7 ਪਿੰਡਾਂ ਵਿਚ ਕਰੀਬ 4 ਕਰੋੜ ਰੁਪਏ ਦੀ ਹੈਲਥ ਵੈਲਨੈਂਸ ਸੈਂਟਰ ਬਣਾਏ ਜਾਣਗੇ ਜਿਸ ਕੰਮ ਦੀ ਸ਼ੁਰੂਆਤ ਮੁੱਖ ਮੰਤਰੀ ਵਲੋਂ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਹਲਕੇ ਦੇ ਕਈ ਪਿੰਡਾਂ ਵਿਚ ਖੇਡ ਮੈਦਾਨ ਬਣਾਉਣ ਤੋਂ ਇਲਾਵਾ ਪਬਲਿਕ ਲਾਇਬ੍ਰੇਰੀਆਂ ਵੀ ਬਣਾਈਆਂ ਜਾਣਗੀਆਂ ਅਤੇ ਇਨ੍ਹਾਂ ਪ੍ਰੋਜੈਕਟਾਂ ਦਾ ਨੀਂਹ ਪੱਥਰ ਵੀ ਮੰਗਲਵਾਰ ਨੂੰ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵਲੋਂ ਹੁਸ਼ਿਆਰਪੁਰ ਲਈ ਕਈ ਅਹਿਮ ਪ੍ਰੋਜੈਕਟਾਂ ਦੀ ਸ਼ੁਰੂਆਤ ਵੀ ਕਰਵਾਈ ਜਾਵੇਗੀ। ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਬਿੰਦਰ ਸਿੰਘ ਪਾਬਲਾ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ ਸਮੇਤ ਸਮਾਗਮ ਸਥਾਨ 'ਤੇ ਪਹੁੰਚੇ ਕੈਬਨਿਟ ਮੰਤਰੀ ਨੇ ਕਿਹਾ ਕਿ ਪ੍ਰੋਗਰਾਮ ਦੇ ਪ੍ਰਬੰਧਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਿਆ ਜਾਵੇ।

# ਸੁਖਦੇਵ ਸਿੰਘ ਰਿਐਤ ਸ਼੍ਰੋਮਣੀ ਅਕਾਲੀ ਦਲ ਦਿੱਲੀ ਵਿੱਚ ਸ਼ਾਮਲ: ਹਰਮੀਤ ਸਿੰਘ ਕਾਲਕਾ



**ਨਵੀਂ ਦਿੱਲੀ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਆਲ ਇੰਡੀਆ ਰਾਮਗੜ੍ਹੀਆ ਵਿਸ਼ਵਕਰਮਾ ਫੈਡਰੇਸ਼ਨ ਦੇ ਪ੍ਰਧਾਨ ਸਰਦਾਰ ਸੁਖਦੇਵ ਸਿੰਘ ਰਿਐਤ ਦੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਸ਼ਾਮਲ ਹੋਣ 'ਤੇ ਉਨ੍ਹਾਂ ਦਾ ਦਿਲੋਂ ਤਹਿ ਦਿਲੋਂ ਸਵਾਗਤ ਕੀਤਾ।

ਇਸ ਮੌਕੇ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਪਰਿਵਾਰ ਵਿੱਚ ਨਵੇਂ ਅਤੇ ਸਮਰਪਿਤ ਸ਼ਖ਼ਸੀਅਤਾਂ ਦਾ ਸ਼ਾਮਲ ਹੋਣਾ ਸਦਾ ਹੀ ਖਸ਼ੀ ਅਤੇ ਮਾਣ ਦਾ ਵਿਸ਼ਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਰਦਾਰ ਸੁਖਦੇਵ ਸਿੰਘ ਰਿਐਤ ਦਾ ਵਿਸ਼ਾਲ ਤਜਰਬਾ, ਮਜ਼ਬੂਤ ਅਗਵਾਈ ਅਤੇ ਪੰਥ ਤੇ ਸਮਾਜ ਪ੍ਰਤੀ ਅਟੱਲ ਵਚਨਬੱਧਤਾ ਸ਼੍ਰੋਮਣੀ ਅਕਾਲੀ ਦਲ ਦਿੱਲੀ ਨੂੰ ਹੋਰ ਮਜ਼ਬੂਤ ਕਰਨ ਵਿੱਚ ਵਡਮੁੱਲਾ ਯੋਗਦਾਨ ਹੋਵੇਗਾ।

ਉਨ੍ਹਾਂ ਹੋਰ ਕਿਹਾ ਕਿ ਸਰਦਾਰ ਸੁਖਦੇਵ ਸਿੰਘ ਰਿਐਤ ਦੀ ਦੂਰਦਰਸ਼ੀ ਸੋਚ, ਸੇਵਾ ਭਾਵਨਾ ਅਤੇ ਸਮਾਜਿਕ ਭਲਾਈ ਸੰਬੰਧੀ ਕਾਰਜਾਂ ਪ੍ਰਤੀ ਲਗਨ ਨਾਲ ਉਹ ਨਾ ਸਿਰਫ਼ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨੂੰ ਮਜ਼ਬੂਤ ਕਰਨਗੇ, ਸਗੋਂ ਸੰਗਤ ਅਤੇ ਸਮਾਜ ਦੀ ਭਲਾਈ ਲਈ ਵੀ ਮਹੱਤਵਪੂਰਣ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਨਵੀਆਂ ਉੱਚਾਈਆਂ ਨੂੰ ਛੂਹਣਗੇ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਵਿਸ਼ਵਾਸ ਜਤਾਇਆ ਕਿ ਸਰਦਾਰ ਸੁਖਦੇਵ ਸਿੰਘ ਰਿਐਤ ਦਾ ਪਾਰਟੀ ਨਾਲ ਜੁੜਨਾ ਦਿੱਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸੰਗਠਨਾਤਮਕ ਤਾਕਤ ਨੂੰ ਹੋਰ ਵਿਸਥਾਰ ਦੇਵੇਗਾ ਅਤੇ ਪੰਥਕ ਤੇ ਸਮਾਜਿਕ ਮੁੱਦਿਆਂ ਨੂੰ ਹੋਰ ਪ੍ਰਭਾਵਸ਼ਾਲੀ ਤਰੀਕੇ ਨਾਲ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਵੇਗਾ।

ਇਸ ਸ਼ੁਭ ਮੌਕੇ 'ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਪਾਰਟੀ ਦੇ ਵਰਕਰਾਂ ਅਤੇ ਸੰਗਤ ਵਿੱਚ ਖੁਸ਼ੀ ਅਤੇ ਉਤਸ਼ਾਹ ਦੀ ਲਹਿਰ ਵੇਖੀ ਗਈ ਅਤੇ ਸਭਨਾਂ ਨੇ ਮਿਲ ਕੇ ਸੁਖਦੇਵ ਸਿੰਘ ਰਿਐਤ ਨੂੰ ਨਵੇਂ ਸਫ਼ਰ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਗ੍ਰੇਟਰ ਬਠਿੰਡਾ ਵਿੱਚ 2 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਜਾ ਰਿਹਾ ਆਧੁਨਿਕ ਨੇਚਰ ਪਾਰਕ, ਮੇਅਰ ਮਹਿਤਾ ਨੇ ਰੱਖਿਆ ਨੀਂਹ ਪੱਥਰ

**ਬਠਿੰਡਾ,8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਵਿਕਾਸ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦਿਆਂ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਵਾਰਡ ਨੰਬਰ 48 ਵਿੱਚ ਅਰਜੁਨ ਨਗਰ ਨੇੜੇ ਸਰਹਿੰਦ ਨਹਿਰ ਦੇ ਕੰਢੇ ਬਣਾਏ ਜਾਣ ਵਾਲੇ ਇੱਕ ਆਧੁਨਿਕ ਨੇਚਰ ਪਾਰਕ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਅਮਰਜੀਤ ਮਹਿਤਾ, ਮੇਅਰ ਸ੍ਰੀ ਮਹਿਤਾ ਦੀ ਪੂਰੀ ਟੀਮ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਮੇਅਰ ਸ੍ਰੀ ਮਹਿਤਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਸੂਬੇ ਨੂੰ ÷ਰੰਗਲਾ ਪੰਜਾਬ÷ ਬਣਾਉਣ ਦੇ ਉਦੇਸ਼ ਨਾਲ ਲਗਾਤਾਰ ਵਿਕਾਸ ਕਾਰਜ ਕਰਵਾ ਰਹੇ ਹਨ। ਇਸ ਸਬੰਧ ਵਿੱਚ, ਸੂਬੇ ਦੇ ਨਾਗਰਿਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਹਰ ਸ਼ਹਿਰ ਵਿੱਚ ਵੱਖ-ਵੱਖ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ।

ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਬਠਿੰਡਾ ਨੂੰ ਇੱਕ ਆਧੁਨਿਕ ਅਤੇ ਸੁਵਿਧਾਜਨਕ ਸ਼ਹਿਰ ਵਿੱਚ ਬਦਲਣ ਲਈ ਨਗਰ ਨਿਗਮ ਨੂੰ ਲਗਾਤਾਰ ਫੰਡ



ਜਾਰੀ ਕਰ ਰਹੀ ਹੈ, ਜਿਸ ਕਾਰਨ ਕਈ ਵੱਡੇ ਪ੍ਰੋਜੈਕਟਾਂ 'ਤੇ ਕੰਮ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਨੇਚਰ ਪਾਰਕ 'ਤੇ ਉਸਾਰੀ ਦਾ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ, ਜਿਸ ਦਾ ਨੀਂਹ ਪੱਥਰ ਅੱਜ ਰੱਖਿਆ ਗਿਆ ਹੈ।

ਮੇਅਰ ਨੇ ਦੱਸਿਆ ਕਿ ਸਰਹਿੰਦ ਨਹਿਰ ਦੇ ਕੰਢੇ ਲਗਭਗ 4 ਕਿਲੋਮੀਟਰ ਤੱਕ ਵਿਕਸਤ ਕੀਤੇ ਜਾ ਰਹੇ ਇਸ ਆਧੁਨਿਕ ਨੇਚਰ ਪਾਰਕ ਦਾ ਸਿੱਧਾ ਲਾਭ ਗ੍ਰੇਟਰ ਬਠਿੰਡਾ ਦੇ ਲਗਭਗ 17 ਵਾਰਡਾਂ ਦੇ ਵਸਨੀਕਾਂ ਨੂੰ ਹੋਵੇਗਾ। ਲੋਕ ਸਾਫ਼-ਸੁਥਰੇ ਵਾਤਾਵਰਣ ਵਿੱਚ ਸੈਰ ਦਾ ਆਨੰਦ ਮਾਣ ਸਕਣਗੇ ਅਤੇ ਸਿਹਤ ਜਾਗਰੂਕਤਾ ਵੀ ਵਧਾ ਸਕਣਗੇ।

ਇਸ ਦੌਰਾਨ, ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਅਮਰਜੀਤ ਮਹਿਤਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਦੀ ਯੋਗ ਅਗਵਾਈ ਹੇਠ, ਬਠਿੰਡਾ ਸ਼ਹਿਰ ਨੇ ਇੱਕ ਸਾਲ ਵਿੱਚ ਰਿਕਾਰਡ ਵਿਕਾਸ ਪ੍ਰਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਕਈ ਵੱਡੇ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ ਜੋ ਸ਼ਹਿਰ ਨੂੰ ਬਦਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

ਉਨ੍ਹਾਂ ਇਹ ਵੀ ਕਿਹਾ ਕਿ ਇਹ ਨੇਚਰ ਪਾਰਕ ਲਾਈਨੋਂ ਪਾਰ ਖੇਤਰ, ਜਿਸ ਦਾ ਨਾਂ ਨਗਰ ਨਿਗਮ ਵੱਲੋਂ ਗ੍ਰੇਟਰ ਬਠਿੰਡਾ ਰੱਖਿਆ ਗਿਆ ਹੈ, ਦੇ ਵਸਨੀਕਾਂ ਲਈ ਇੱਕ ਮਹੱਤਵਪੂਰਨ ਤੋਹਫ਼ਾ ਸਾਬਤ ਹੋਵੇਗਾ ਅਤੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਿੱਚ ਮੁੱਖ ਭੂਮਿਕਾ ਨਿਭਾਏਗਾ।

# ਫਿਊਜ਼ਨ 2026: ਪੀ.ਜੀ. ਅੰਗਰੇਜ਼ੀ ਵਿਭਾਗ ਵੱਲੋਂ ਵਿਦਾਇਗੀ ਸਮਾਰੋਹ ਸ਼ਾਨਦਾਰ ਢੰਗ ਨਾਲ ਆਯੋਜਿਤ

**ਲੁਧਿਆਣਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਸੀ.ਡੀ. ਸਰਕਾਰੀ ਕਾਲਜ ਦੇ ਪੀ.ਜੀ. ਅੰਗਰੇਜ਼ੀ ਵਿਭਾਗ ਵੱਲੋਂ ਐਮ.ਏ. ਅੰਗਰੇਜ਼ੀ ਦੇ ਵਿਦਿਆਰਥੀਆਂ ਲਈ ਫਿਊਜ਼ਨ 2026 ਨਾਮਕ ਵਿਦਾਇਗੀ ਸਮਾਰੋਹ ਆਯੋਜਿਤ ਕੀਤਾ ਗਿਆ। ਸਮਾਰੋਹ ਦੀ ਅਗਵਾਈ ਵਿਭਾਗ ਮੁਖੀ ਪ੍ਰੋ. ਅਮਿਤਾ ਥਾਮਨ ਦੇ ਸਹਿਯੋਗ ਨਾਲ ਕੀਤੀ ਗਈ। ਕਾਰਜਕ੍ਰਮ ਦੀ ਸ਼ੁਰੂਆਤ ਸ਼ਰੁਤੀ ਕਾਲੀਆ ਵੱਲੋਂ ਗਣੇਸ਼ ਵੰਦਨਾ ਨਾਲ ਹੋਈ, ਜਿਸ ਤੋਂ ਬਾਅਦ ਮਾਡਲਿੰਗ ਸੈਗਮੈਂਟ ਵਿੱਚ ਵਿਦਿਆਰਥੀਆਂ ਨੇ ਆਪਣਾ ਆਤਮਵਿਸ਼ਵਾਸ ਦਰਸਾਇਆ। ਗੀਤ-ਸੰਗੀਤ, ਨਾਚ ਅਤੇ ਹੋਰ ਰੰਗਾਰੰਗ ਪ੍ਰਸਤੁਤੀਆਂ ਨੇ ਸਮਾਰੋਹ ਨੂੰ ਰੌਣਕਮਈ ਬਣਾਇਆ।

ਇਸ ਮੌਕੇ 'ਤੇ ਹਰਨੀਤ ਕੌਰ ਅਤੇ ਖੁਸ਼ਾਲ ਮਲਹੋਤਰਾ ਨੂੰ ਮਿਸ ਫੇਅਰਵੈੱਲ ਅਤੇ ਮਿਸਟਰ ਫੇਅਰਵੈੱਲ ਦੇ ਖਿਤਾਬ ਨਾਲ ਨਵਾਜ਼ਿਆ ਗਿਆ। ਪ੍ਰੋਗਰਾਮ ਦੀ ਸੰਚਾਲਨਾ ਜੀਆ ਅਤੇ ਤਨੀਸ਼ਾ ਵੱਲੋਂ ਕੀਤੀ ਗਈ।

ਅੰਤ ਵਿੱਚ ਇੰਗਲਿਸ਼ ਲਿਟਰੇਰੀ ਕੌਂਸਲ ਦੀ ਪ੍ਰਧਾਨ ਹਰਨੀਤ ਕੌਰ ਨੇ ਧੰਨਵਾਦ ਪ੍ਰਸਤੁਤ ਕੀਤਾ। ਪ੍ਰਿੰਸੀਪਲ ਪ੍ਰੋ. ਗੁਰਸ਼ਰਨ ਜਿੱਤ ਸਿੰਘ ਸੰਧੂ ਵੱਲੋਂ ਕੌਂਸਲ ਮੈਂਬਰਾਂ ਅਤੇ ਹੋਰ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

ਕੌਮੀ ਪਤ੍ਰਿਕਾ

# ਮਾਨਵਵਾਦੀ ਨਜ਼ਰੀਏ ਤੋਂ ਲਿਖੀ ਹਰ ਰਚਨਾ ਮੇਰੀ ਹੈ



• ਧਰਮਪਾਲ ਸਾਹਿਲ
9876156964

ਗ਼ਦਰੀ ਬਾਬੇ ਬਾਬੂ ਹਰਨਾਮ ਸਿੰਘ ਦੀ ਜਨਮ ਭੋਇੰ ਪਿੰਡ ਸਾਹਰੀ (ਹੁਸ਼ਿਆਰਪੁਰ) ਦਾ ਜੰਮਪਲ ਡਾ. ਜਸਵੰਤ ਰਾਏ ਪੰਜਾਬੀ ਸਾਹਿਤ ਅਤੇ ਖੋਜਕਾਰੀ ਵਿਚ ਇਕ ਉੱਘੜਵਾਂ ਹਸਤਾਖਰ ਹੈ। ਮੋਹਣ ਲਾਲ ਅਤੇ ਮਾਤਾ ਮਹਿੰਦਰ ਕੌਰ ਦੇ ਵਿਹੜੇ ਦੀ ਸ਼ਾਨ ਜਸਵੰਤ ਰਾਏ ਦਾ ਜਨਮ 18 ਮਈ 1975 ਨੂੰ ਹੋਇਆ। ਇਸ ਹੋਣਹਾਰ ਬੱਚੇ ਨੇ ਦਸਵੀਂ ਤਕ ਦੀ ਪੜ੍ਹਾਈ ਪਿੰਡ ਸਾਹਰੀ ਦੇ ਹੀ ਹਾਈ ਸਕੂਲ ਤੋਂ ਅੱਵਲ ਰਹਿ ਕੇ ਕੀਤੀ। ਡਾ. ਮਨਮੋਹਣ ਸਿੰਘ ਅਤੇ ਮਾ. ਤਾਰਾ ਸਿੰਘ ਦੀ ਮਦਦ ਨੂੰ ਉਹ ਕਦੇ ਭੁਲਾ ਨਹੀਂ ਸਕਦਾ। ਦਸਵੀਂ ਮਗ਼ਰੋਂ ਇਹ 45 ਕਿੱਲੋ ਵਾਲਾ ਗਭਰੂ ਕੁਲਫੀਆਂ ਦੀ 80 ਕਿਲੋ ਦੀ ਪੇਟੀ ਸਾਈਕਲ 'ਤੇ ਰੱਖ ਕੇ ਸਾਰਾ-ਸਾਰਾ ਦਿਨ ਕੁਲਫੀਆਂ ਵੇਚਦਾ। ਇੰਜ ਸਾਰਾ-ਸਾਰਾ ਦਿਨ ਗਲੀ ਗਲੀ, ਘਰ ਘਰ ਹੋਕਾ ਦੇ ਕੇ ਸ਼ਾਮ ਨੂੰ ਖੱਲ੍ਹੀਆਂ ਪਈਆਂ ਲੱਤਾਂ ਨਾਲ ਉਸ ਨੇ ਬਾਰ੍ਹਵੀਂ ਜਮਾਤ ਵੀ ਪਹਿਲੇ ਸਥਾਨ 'ਤੇ ਰਹਿ ਕੇ ਪਾਸ ਕਰ ਲਈ ਅਤੇ ਉਚੇਰੀ ਪੜ੍ਹਾਈ ਲਈ ਸਰਕਾਰੀ ਕਾਲਜ, ਹੁਸ਼ਿਆਰਪੁਰ ਵਿਖੇ ਬੀ. ਏ. ਵਿਚ ਦਾਖਲਾ ਲਿਆ। ਫਿਰ ਆਪਣੇ ਅਧਿਆਪਕ ਡਾ. ਮਨਮੋਹਨ ਸਿੰਘ ਦੀ ਸਲਾਹ ਨਾਲ ਈ.ਟੀ.ਟੀ. ਵਿਚ ਪ੍ਰਵੇਸ਼ ਲੈ ਲਿਆ। ਈ.ਟੀ.ਟੀ. ਪਾਸ ਕਰਨ ਉਪਰੰਤ 1997 ਵਿਚ ਸਰਕਾਰੀ ਪ੍ਰਾਇਮਰੀ ਸਕੂਲ, ਨੈਣਵਾਂ ਵਿਖੇ ਬਤੌਰ ਪ੍ਰਾਇਮਰੀ ਅਧਿਆਪਕ ਨਿਯੁਕਤੀ ਹੋ ਗਈ।

ਪੜ੍ਹਾਈ ਦੇ ਸ਼ੌਕੀਨ ਇਸ ਸਿਰੜੀ ਨੌਜਵਾਨ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ ਤੇ ਨੌਕਰੀ ਕਰਦਿਆਂ ਕਰੜੀ ਮਿਹਨਤ ਕਰਦਿਆਂ ਪ੍ਰਾਈਵੇਟ ਤੌਰ 'ਤੇ ਬੀ.ਏ, ਬੀ.ਐੱਡ,ਐੱਮ.ਏ.,ਐੱਮ.ਐੱਡ,ਯੂ ਜੀ ਸੀ,ਅਤੇ ਪੀ.ਐੱਚ ਡੀ.ਫੋਕਲੋਰ ਵਿਚ ਹਾਸਲ ਕੀਤੀ। ਸਾਹਿਤ ਨੂੰ ਸਮਰਪਿਤ ਡਾ. ਜਸਵੰਤ ਰਾਏ ਹੁਣ ਤਕ ਖੋਜ ਅਤੇ ਅਨੁਵਾਦ ਦੀਆਂ ਪੰਜ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਉਸ ਨੂੰ ਕਈ ਸਾਹਿਤ ਸਭਾਵਾਂ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਸਨਮਾਨਿਆ ਵੀ ਗਿਆ ਹੈ। ਉਨ੍ਹਾਂ ਦੇ ਸਾਹਿਤਕ ਸਫ਼ਰ ਅਤੇ ਰਚਨਾਸ਼ੀਲਤਾ ਬਾਰੇ ਕੁਝ ਸਵਾਲ-ਜਵਾਬ ਪੇਸ਼ ਹਨ :

**• ਜ਼ਿੰਦਗੀ ਦੇ ਐਨੇ ਸਖ਼ਤ ਤੇ ਰੁਝੇਵੇਂ ਭਰੇ ਸਫ਼ਰ ਦੌਰਾਨ ਤੁਹਾਨੂੰ ਲਿਖਣ ਪੜ੍ਹਨ ਦੀ ਚੇਟਕ ਕਿਵੇਂ ਲੱਗੀ?**

ਪੜ੍ਹਣ ਲਿਖਣ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਪੈ ਗਿਆ ਸੀ। ਪਿਤਾ ਜੀ ਕਬਾੜ ਖ਼ਰੀਦਣ ਦਾ ਕੰਮ ਕਰਦੇ ਹੁੰਦੇ ਸਨ। ਇਕ ਵਾਰੀ ਉਹ ਰੱਦੀ ਦੀਆਂ ਖੁਰਜੀਆਂ ਭਰ ਕੇ ਘਰ ਲਿਆਏ। ਉਸ ਰੱਦੀ ਵਿਚ ਬਹੁਤ ਸਾਰੀਆਂ ਕਿਤਾਬਾਂ ਸਨ। ਉਦੋਂ ਮੈਂ ਅੱਠਵੀਂ ਵਿਚ ਪੜ੍ਹ ਰਿਹਾ ਸੀ। ਉਨ੍ਹਾਂ ਪੁਸਤਕਾਂ ਵਿੱਚੋਂ ਮੈਨੂੰ ਰਸੂਲ ਹਮਜਾਤੋਵ ਦੀ ਪੁਸਤਕ 'ਮੇਰਾ ਦਾਗ਼ਿਸਤਾਨ' ਮਿਲ ਗਈ। ਇਸ ਕਿਤਾਬ ਦੀ ਇਕ ਨੁੱਕਰ ਚੂਹਿਆਂ ਵਲੋਂ ਕੁਤਰੀ ਹੋਈ ਸੀ। ਇਸ ਕਿਤਾਬ ਨੂੰ ਪੜ੍ਹ ਕੇ ਨਾ ਸਿਰਫ਼ ਮੇਰਾ ਮੋਹ ਮਾਤ ਭਾਸ਼ਾ ਵੱਲ ਰੁਚਿਤ ਹੋਇਆ ਸਗੋਂ ਮੈਨੂੰ ਹੋਰ ਕਿਤਾਬਾਂ ਪੜ੍ਹਨ ਲਈ ਵੀ ਪ੍ਰੇਰਨਾ ਪੈਦਾ ਹੋਈ। ਇੰਜ ਕਿਤਾਬਾਂ ਮੇਰੀ ਮਾਨਸਿਕ ਖੁਰਾਕ ਬਣ ਗਈਆਂ। ਦਸਵੀਂ ਵਿਚ ਪੜ੍ਹਦਿਆਂ ਮੈਨੂੰ ਸਾਰਾ ਸ਼ਿਵ ਜ਼ਬਾਨੀ ਚੇਤੇ ਹੋ ਗਿਆ ਸੀ।

**• ਤੁਹਾਡੀ ਪਹਿਲੀ ਰਚਨਾ ਕਦੋਂ ਤੇ ਕਿੱਥੇ ਛਪੀ?**

ਪਾਠਕ੍ਰਮ ਤੋਂ ਬਾਹਰਲੀਆਂ ਪੁਸਤਕਾਂ ਅਤੇ ਰਸਾਲੇ ਪੜ੍ਹਦਿਆਂ ਮੇਰੇ ਅੰਦਰ ਵੀ ਸਿਰਜਣਾਤਮਕ ਊਰਜਾ ਅੰਗੜਾਈ ਲੈਣ ਲੱਗ ਪਈ। ਸਿੱਟੇ ਵਜੋਂ ਮੈਂ ਆਪਣੇ ਮਨ ਦੀਆਂ ਭਾਵਨਾਵਾਂ ਕਵਿਤਾਵਾਂ ਅਤੇ ਕਹਾਣੀਆਂ ਰਾਹੀਂ ਉਜਾਗਰ ਕਰਨ ਲੱਗ ਪਿਆ। ਮੇਰੀ ਪਹਿਲੀ ਮਿੰਨੀ ਕਹਾਣੀ ਦਸਵੀਂ ਜਮਾਤ ਵਿਚ ਪੜ੍ਹਦਿਆਂ 'ਮੋਹ ਮਾਇਆ' ਪੰਜਾਬੀ ਸਾਹਿਤ ਸਭਾ, ਹੁਸ਼ਿਆਰਪੁਰ ਵਲੋਂ ਛਾਪੇ ਜਾਂਦੇ ਸਾਹਿਤਕ ਰਸਾਲੇ ਸਾਹਿਤਧਾਰਾ ਵਿਚ ਛਪੀ।

**• ਆਪਣੀਆਂ ਕਹਾਣੀਆਂ ਅਤੇ ਇਨ੍ਹਾਂ ਦੀ ਰਚਨਾ ਪ੍ਰਕਿਰਿਆ ਬਾਰੇ ਦੱਸੋ।**

ਮੇਰੀਆਂ ਹੁਣ ਤਕ ਦਰਜਨ ਕੁ ਕਹਾਣੀਆਂ ਪੰਜਾਬੀ ਦੇ ਚਿਰਾਗ, ਕਹਾਣੀਧਾਰਾ, ਪ੍ਰਤੀਮਾਨ ਆਦਿ ਰਸਾਲਿਆਂ ਵਿਚ ਛਪ ਚੁੱਕੀਆਂ ਹਨ। ਮੇਰੀ ਕਹਾਣੀ ਦੀ ਰਚਨਾ ਪ੍ਰਕਿਰਿਆ ਯਥਾਰਥ ਤੋਂ ਉਗਮਦੀ ਹੈ। ਇਨ੍ਹਾਂ ਦੇ ਪਾਤਰ ਗੈਬੀ ਨਹੀਂ ਹੁੰਦੇ। ਉਹ ਸਮਾਜ ਵਿਚ ਸਾਧਨ ਵਿਹੂਣੇ ਹੋ ਕੇ ਵੀ ਆਪਣੇ ਹੱਕਾਂ ਦੀ ਲੜਾਈ ਲਈ ਮੈਦਾਨ ਵਿਚ ਨਿਤਰਦੇ ਹਨ। ਉਹ ਜਾਗਦੇ ਸਿਰਾਂ ਵਾਲੇ ਹਨ। ਕੂੜ ਰਸਮਾਂ ਅਤੇ ਥੋਥੀਆਂ ਮਿੱਥਾਂ ਦੀਆਂ ਧੱਜੀਆਂ ਉਡਾ ਕੇ ਆਪਣੀ ਹੋਂਦ ਸਥਾਪਤ ਕਰਦੇ ਹਨ। ਕਹਾਣੀ ਲਿਖਣ ਤੋਂ ਪਹਿਲਾਂ ਮੈਂ ਕਿਸੇ ਖੋਜ ਕਾਰਜ ਵਾਂਗ ਇਸ ਦੇ ਨੋਟਿਸ ਲੈਂਦਾ ਹਾਂ। ਕਾਫੀ ਦੇਰ ਜਾਗਦਿਆਂ, ਸੌਂਦਿਆਂ, ਪੜ੍ਹਦਿਆਂ, ਗੁੜ੍ਹਦਿਆਂ ਇਹ ਮੇਰੇ ਅੰਦਰ ਰਿੱਝਦੀ ਪਕਦੀ ਰਹਿੰਦੀ ਹੈ। ਫਿਰ ਆਪਣੀ ਕਲਪਨਾ ਸ਼ਕਤੀ ਰਾਹੀਂ ਇਸ ਦੀ ਚਿਣਾਈ ਕਰਦਿਆਂ ਮੈਂ ਹੌਲੀ-ਹੌਲੀ ਮੈਂ ਇਸ ਦਾ ਮਹਿਲ ਉਸਾਰਦਾ ਹਾਂ।

**• ਤੁਸੀਂ ਕਹਾਣੀ ਲਿਖਣ ਲਈ ਖੋਜ ਕਾਰਜ ਦੀ ਗੱਲ ਕੀਤੀ ਹੈ। ਉਂਜ ਤੁਹਾਡਾ ਖੋਜ ਦਾ ਵਿਸ਼ਾ ਕਿਹੜਾ ਸੀ ਅਤੇ ਉਸ ਨੂੰ ਕਿਵੇਂ ਪੂਰਾ ਕੀਤਾ?**

ਮੈਂ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਮੁਖੀ ਡਾ. ਕਰਮਜੀਤ ਸਿੰਘ ਦੀ ਰਹਿਨੁਮਾਈ ਹੇਠ 'ਦੁਆਬੇ ਦੀਆਂ ਲੋਕ ਕਥਾਵਾਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ' ਵਿਸ਼ੇ 'ਤੇ ਪੀ.ਐੱਚ.ਡੀ. ਦਾ ਖੋਜ ਕਾਰਜ ਕੀਤਾ ਹੈ। ਇਹ ਬਹੁਤ ਹੀ ਦਿਲਚਸਪ ਵਿਸ਼ਾ ਸੀ। ਮੈਂ ਝੋਲੇ ਵਿਚ ਰਿਕਾਰਡਿੰਗ ਸੈੱਟ ਰੱਖ ਕੇ ਦੁਆਬੇ ਦੇ ਵੱਖ-ਵੱਖ ਪਿੰਡਾਂ ਵਿਚਲੇ ਬਜ਼ੁਰਗਾਂ ਕੋਲੋਂ ਦੋ ਢਾਈ ਸੌ ਦੇ ਕਰੀਬ ਦੁਰਲੱਭ ਲੋਕ ਕਹਾਣੀਆਂ ਇਕੱਤਰ ਕੀਤੀਆਂ। ਅਜੇ ਵੀ ਲੋਕ ਧਾਰਕ ਸਮਗਰੀ ਦਾ ਬਹੁਤ ਵੱਡਾ ਸਰਮਾਇਆ ਬਜ਼ੁਰਗਾਂ ਪਾਸ ਸਾਂਭਿਆ ਪਿਆ ਹੈ। ਉਸ ਨੂੰ ਇਕੱਤਰ ਕਰਨ ਦੀ ਲੋੜ ਹੈ। ਮੇਰਾ ਥੀਸਿਜ਼ ਇਨ੍ਹਾਂ ਲੋਕ ਕਹਾਣੀਆਂ ਦੀ ਚੀਰ ਫਾੜ ਹੈ।

**• ਤੁਸੀਂ ਕਿਸੇ ਵਾਦ ਜਾਂ ਵਿਚਾਰਧਾਰਾ ਤੋਂ ਵੀ ਪ੍ਰਭਾਵਤ ਹੋਏ ਹੋ?**

ਮਾਨਵਵਾਦ ਮੇਰੇ ਮਨ ਨੂੰ ਭਾਉਂਦਾ ਨਜ਼ਰੀਆ ਹੈ। ਸਾਹਿਤ ਵਿਚ ਜਿਹੜੀ ਵੀ ਗੱਲ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਕੀਤੀ ਜਾਂਦੀ ਹੈ, ਉਹ ਮੈਨੂੰ ਆਪਣੀ ਲਗਦੀ ਹੈ। ਮੇਰੇ ਮਨ ਵਿਚ ਸ਼ੁਰੂ ਤੋਂ ਹੀ ਇਹ ਧਾਰਨਾ ਰਹੀ ਹੈ ਕਿ ਜੋ ਜਾਗਦਾ ਹੈ ਉਹ ਮੇਰਾ ਹੈ।

**• ਤੁਸੀਂ ਕਿਹੜੇ-ਕਿਹੜੇ ਲੇਖਕਾਂ ਤੋਂ ਪ੍ਰਭਾਵਤ ਹੋਏ।**

ਡਾ. ਅੰਬੇਡਕਰ, ਮਹਾਤਮਾ ਜੋਤੀਬਾ ਫੂਲੇ, ਗੋਰਕੀ, ਰਸੂਲ ਹਮਜਾਤੋਵ, ਵਣਜਾਰਾ ਬੇਦੀ, ਪ੍ਰਿੰ. ਸੁਜਾਨ ਸਿੰਘ, ਸੰਤੋਖ ਸਿੰਘ ਧੀਰ ਤੇ ਹੋਰ ਸਮਕਾਲੀ ਕਹਾਣੀਕਾਰ।

**• ਆਪਣੀਆਂ ਕੋਈ ਪੰਜ ਪੰਸਦੀਦਾ ਪੁਸਤਕਾਂ ਦੇ ਨਾਂ ਦੱਸੋ।**

ਜਾਤ ਪਾਤ ਦਾ ਬੀਜ ਨਾਸ਼, ਗੁਲਾਮਗਿਰੀ, ਮਾਂ, ਮੇਰਾ ਦਾਗਿਸਤਾਨ ਅਤੇ ਬੇਦੀ ਦੇ ਸ਼ਬਦਕੋਸ਼।

**• ਤੁਹਾਡੀ ਸਿਰਜਣਾ ਵਿਚ ਪਰਿਵਾਰ ਦਾ ਕਿੰਨਾ ਕੁ ਯੋਗਦਾਨ ਹੈ?**

ਪਰਿਵਾਰ ਦੇ ਸਹਿਯੋਗ ਤੋਂ ਬਿਨਾਂ ਸਿਰਜਣ ਪ੍ਰਕਿਰਿਆ ਨੂੰ ਬੂਰ ਨਹੀਂ ਪੈ ਸਕਦਾ। ਇਸ ਗੱਲੋਂ ਮੈਂ ਬੜਾ ਖ਼ੁਸ਼ਕਿਸਮਤ ਰਿਹਾ ਹਾਂ। ਰੁਝੇਵਿਆਂ ਦੇ ਬਾਵਜੂਦ ਮੈਨੂੰ ਪੂਰਾ ਸਹਿਯੋਗ ਮਿਲ ਰਿਹਾ ਹੈ। ਮੇਰੀ ਮਾਤਾ ਅਤੇ ਹੁਣ ਪਤਨੀ ਨੇ ਇਸ ਪੱਖੋਂ ਪੂਰਾ ਜ਼ਿੰਮਾ ਸਾਂਭੀ ਰਖਿਆ ਹੈ। ਇਨ੍ਹਾਂ ਨੇ ਮੈਨੂੰ ਕਾਫ਼ੀ ਹੱਦ ਤਕ ਘਰੇਲੂ ਜ਼ਿੰਮੇਦਾਰੀ ਤੋਂ ਮੁਕਤ ਕਰ ਕੇ ਹਮੇਸ਼ਾ ਪੜ੍ਹਨ ਲਿਖਣ ਲਈ ਉਤਸ਼ਾਹਿਤ ਕੀਤਾ ਹੈ।

**• ਸਾਹਿਤ ਸਭਾਵਾਂ ਦੀ ਭੂਮਿਕਾ ਬਾਰੇ ਤੁਹਾਡੀ ਨਿਰਪੱਖ ਰਾਇ ਕੀ ਹੈ?**

ਸਾਹਿਤ ਸਭਾਵਾਂ ਸਮਾਜ ਦਾ ਨਿਰਪੱਖ ਅੰਗ ਹੁੰਦੀਆਂ ਹਨ। ਇਨ੍ਹਾਂ ਨੇ ਸਮਕਾਲੀ ਸਮੇਂ ਵਿਚ ਵਾਪਰਦੀਆਂ ਘਟਨਾਵਾਂ ਨੂੰ ਟੋਹਣਾ, ਪਰਖਣਾ, ਪੜਚੋਲਣਾ ਹੁੰਦਾ ਹੈ ਅਤੇ ਪੇਸ਼ ਰਚਨਾਵਾਂ ਦੀ ਸਮੀਖਿਆ ਕਰ ਕੇ ਨਵੇਂ ਲੇਖਕਾਂ ਦੀ ਸਕੂਲਿੰਗ ਵੀ ਕਰਨੀ ਹੁੰਦੀ ਹੈ। ਜਿਹੜੀ ਸਾਹਿਤ ਸਭਾ ਇਸ ਮਿਆਰ 'ਤੇ ਪੂਰੀ ਉਤਰਦੀ ਹੈ ਉਹ ਸੱਚੀ ਮੁੱਚੀ ਸਮਾਜ ਵਿਚ ਚੇਤਨਾ ਪੈਦਾ ਕਰਨ ਦਾ ਕੰਮ ਕਰ ਰਹੀ ਹੁੰਦੀ ਹੈ। ਇਸ ਦੀ ਮਿਸਾਲ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਦਿੱਤੀ ਜਾ ਸਕਦੀ ਹੈ। ਮੈਂ ਇਸ ਸਾਹਿਤ ਸਭਾ ਵਿਚ ਪਿਛਲੇ ਛੇ ਸਾਲਾਂ ਤੋਂ ਬਤੌਰ ਜਨਰਲ ਸਕੱਤਰ ਕੰਮ ਕਰ ਰਿਹਾ ਹਾਂ। ਇਹ ਸਾਹਿਤ ਸਭਾ ਪਿਛਲੇ ਚਾਰ ਦਹਾਕਿਆਂ ਤੋਂ ਸਾਹਿਤ ਅਤੇ ਸਮਾਜ ਨਾਲ ਬਹੁਤ ਸੰਵੇਦਨਾ ਨਾਲ ਜੁੜੀ ਹੋਈ ਹੈ। ਹਰ ਮਹੀਨੇ ਅਲੱਗ ਅਲੱਗ ਸਾਹਿਤ ਸਭਾ ਦੇ ਮੈਂਬਰਾਂ ਦੇ ਘਰ ਇਸ ਦੀ ਮੀਟਿੰਗ ਹੁੰਦੀ ਹੈ। ਸਾਲ ਵਿਚ ਦੋ ਤਿੰਨ ਵੱਡੇ ਸਮਾਗਮ ਵੀ ਕਰਾਏ ਜਾਂਦੇ ਹਨ। ਲਿਖਣ, ਪੜ੍ਹਨ ਅਤੇ ਬੋਲਣ ਦੀ ਆਜ਼ਾਦੀ 'ਤੇ ਇਹ ਡਟ ਕੇ ਪਹਿਰਾ ਦਿੰਦੀ ਹੈ।

**• ਪੰਜਾਬ ਵਿਚ ਚੰਗਾ ਪੁਸਤਕ ਕਲਚਰ ਵਿਕਸਤ ਨਾ ਹੋਣ ਪਿੱਛੇ ਕਿਹੜੇ ਕਾਰਨ ਸਮਝਦੇ ਹੋ?**

ਸਰਹੱਦੀ ਸੂਬਾ ਹੋਣ ਕਾਰਨ ਪੰਜਾਬੀ ਲੋਕ ਸਦੀਆਂ ਤਕ ਜੰਗਾਂ ਯੁੱਧਾਂ ਵਿਚ ਉਲਝੇ ਰਹੇ। ਲੜਾਈ ਵਿਚ ਤਾਕਤਵਰ ਜੁੱਸਿਆਂ ਦੇ ਮੱਦੇਨਜ਼ਰ ਇਹ ਖਾਣ ਪੀਣ ਵਿਚ ਹੀ ਗਲਤਾਨ ਰਹੇ। ਜੇ ਦੱਖਣ ਸਾਹਿਤ ਦੇ ਨਾਲ-ਨਾਲ ਤੁਲਨਾ ਕੀਤੀ ਜਾਵੇ ਤਾਂ ਇਹ ਪੜ੍ਹਨ ਲਿਖਣ ਦੇ ਮਾਮਲੇ ਵਿਚ ਬਹੁਤ ਪਿੱਛੇ ਹਨ। ਸਰਕਾਰਾਂ ਦਾ ਵੀ ਇਸ ਪਾਸੇ ਧਿਆਨ ਨਹੀਂ ਗਿਆ। ਦੱਖਣ ਵਿਚ ਤਾਂ ਸਬਜ਼ੀ ਵੇਚਣ ਵਾਲੇ ਮੈਗਜ਼ੀਨ ਰੱਖੀ ਬੈਠੇ ਹੁੰਦੇ ਹਨ। ਸੌ ਦੋ ਸੌ ਦੀ ਸਬਜ਼ੀ ਪਿੱਛੇ ਜੇ ਦਸ ਵੀਹ ਰੁਪਏ ਦਾ ਬਕਾਇਆ ਬਣਦਾ ਹੈ ਤਾਂ ਉਹ ਰਸਾਲਾ ਦੇ ਦਿੰਦੇ ਹਨ। ਸਾਡੇ ਇੱਥੇ ਪੰਜਾਬੀਆਂ ਦੇ ਘਰ ਹਰ ਮਹਿੰਗੀ ਤੋਂ ਮਹਿੰਗੀ ਸ਼ੈਅ ਮਿਲ ਜਾਵੇਗੀ ਪਰ ਕਿਤਾਬਾਂ ਨਹੀਂ ਮਿਲਣਗੀਆਂ। ਪੰਜਾਬੀ ਦੀਆਂ ਤਾਂ ਬਿਲਕੁਲ ਹੀ ਨਹੀਂ। ਕਈ ਵਾਰ ਲੱਗਦਾ ਹੈ ਜੇ ਪੰਜਾਬੀਆਂ ਦੀ ਪੜ੍ਹਣ ਵਾਲੀ ਮਾਨਸਿਕਤਾ ਹੁੰਦੀ ਤਾਂ ਇੱਥੇ ਕਾਲੇ ਦਿਨਾਂ ਵਾਲਾ ਸੰਤਾਪ ਨਾ ਭੋਗਣਾ ਪੈਂਦਾ। ਮੈਰਿਜ ਪੈਲਸਾਂ ਵਾਲਾ ਸਭਿਆਚਾਰ ਨਾ ਵਿਕਸਤ ਹੁੰਦਾ। ਪਰ ਹੁਣ ਗ਼ਦਰੀ ਬਾਬਿਆਂ ਦੇ ਮੇਲਿਆਂ ਅਤੇ ਕੁਝ ਹੋਰ ਮੇਲਿਆਂ ਕਰ ਕੇ ਲੋਕਾਂ ਵਿਚ ਪੁਸਤਕ ਪ੍ਰਤੀ ਮੋਹ ਜਾਗਿਆ ਹੈ। ਇਹ ਚੰਗੇ ਸਮਾਜ ਲਈ ਸ਼ੁੱਭ ਸ਼ਗਨ ਹੈ।

**• ਪੰਜਾਬ ਵਿਚ ਪੰਜਾਬੀ ਭਾਸ਼ਾ ਲਾਗੂ ਹੋਣ ਵਿਚ ਕਿਹੜੀਆਂ ਔਕੜਾਂ ਪੇਸ਼ ਆ ਰਹੀਆਂ ਹਨ?**

ਪੰਜਾਬੀ ਭਾਸ਼ਾ ਇਕ ਲੰਬੇ ਚੌੜੇ ਖਿੱਤੇ ਦੀ ਜ਼ਬਾਨ ਹੈ। ਦੁਨੀਆ ਦੇ ਹਰ ਕੋਣੇ ਵਿਚ ਇਸ ਨੂੰ ਬੋਲਣ ਵਾਲੇ ਮੌਜੂਦ ਹਨ। ਲਗਪਗ 13 ਕਰੋੜ ਤਬਕੇ ਦੀ ਜ਼ਬਾਨ ਹੋਣ ਦੇ ਬਾਵਜੂਦ ਇਹ ਇਤਿਹਾਸ ਅਤੇ ਵਰਤਮਾਨ ਵਿਚ ਆਪਣਾ ਸ਼ਾਹੀ ਰੁਤਬਾ ਹਾਸਿਲ ਨਹੀਂ ਕਰ ਸਕੀ ਹੈ। ਅੱਜ ਸੰਚਾਰ ਦੇ ਸਾਧਨਾਂ ਕਰ ਕੇ ਜਦੋਂ ਪੂਰੀ ਦੁਨੀਆ ਸਿਮਟ ਰਹੀ ਹੈ ਤਾਂ ਪੰਜਾਬੀ ਲਈ ਰਸਤਾ ਹੋਰ ਵੀ ਔਖਾ ਹੋ ਗਿਆ ਹੈ। ਹੁਣ ਮਸਲਾ ਸਿਰਫ਼ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਦਾ ਨਹੀਂ ਹੈ ਸਗੋਂ ਇਸ ਨੂੰ ਬਾਜ਼ਾਰ ਅਤੇ ਰੁਜ਼ਗਾਰ ਦੀ ਭਾਸ਼ਾ ਬਣਾਉਣਾ ਦਾ ਵੀ ਹੈ। ਤਾਹੀਓਂ ਇਹ ਦੁਨੀਆ ਦੇ ਨਕਸ਼ੇ ਤੇ ਟਿਕ ਸਕੇਗੀ। ਕਈ ਵਾਰ ਅਸੀਂ ਜਜ਼ਬਾਤ ਵਿਚ ਆ ਕੇ ਇਸ ਨੂੰ ਧਰਮ ਨਾਲ ਜੋੜ ਕੇ ਕਹਿ ਦਿੰਦੇ ਹਾਂ ਕਿ ਕਿਤੇ ਨਹੀਂ ਚਲੀ ਪੰਜਾਬੀ। ਉਦੋਂ ਸਾਨੂੰ ਇਕ ਵਾਰੀ ਹੋਸ਼ ਵਿਚ ਆ ਕੇ ਸੰਸਕ੍ਰਿਤ ਭਾਸ਼ਾ ਵੱਲ ਝਾਤੀ ਮਾਰ ਲੈਣੀ ਚਾਹੀਦੀ ਹੈ ਕਿ ਉਹ ਕਿੱਤੇ ਸੀ ਤੇ ਹੁਣ ਕਿੱਥੇ ਪਹੁੰਚ ਗਈ ਹੈ।

**• ਤੁਹਾਨੂੰ ਲਿਖਣ ਦੀ ਪ੍ਰੇਰਨਾ ਕਿੱਥੋਂ ਮਿਲੀ ਤੇ ਤੁਸੀਂ ਵੀ ਕਿਸੇ ਨੂੰ ਪ੍ਰੇਰਿਤ ਕਰ ਰਹੇ ਹੋ?**

ਲਿਖਣ ਪੜ੍ਹਨ ਦੇ ਮਾਮਲੇ ਵਿਚ ਅਧਿਆਪਕ ਬਹੁਤ ਵਧੀਆ ਭੂਮਿਕਾ ਅਦਾ ਕਰ ਸਕਦੇ ਹਨ। ਉਨ੍ਹਾਂ ਪਾਸ ਬੱਚੇ ਕੱਚੀ ਮਿੱਟੀ ਵਰਗੇ ਆਉਂਦੇ ਹਨ। ਅਧਿਆਪਕ ਉਨ੍ਹਾਂ ਦੀ ਲਿਆਕਤ ਅਤੇ ਦਿਲਚਸਪੀ ਅਨੁਸਾਰ ਉਨ੍ਹਾਂ ਨੂੰ ਵਧੀਆ ਸੇਧ ਦੇ ਸਕਦਾ ਹੈ। ਮੈਨੂੰ ਇਸ ਪਾਸੇ ਡਾ. ਮਨਮੋਹਨ ਸਿੰਘ ਤੀਰ ਹੁਰਾਂ ਨੇ ਲਾਇਆ। ਉਹ ਸਾਨੂੰ ਪੰਜਾਬੀ ਪੜ੍ਹਾਉਂਦੇ ਸਨ ਅਤੇ ਸਾਨੂੰ ਸਿਲੇਬਸ ਤੋਂ ਬਾਹਰਲੀਆਂ ਕਿਤਾਬਾਂ ਪੜ੍ਹਨ ਲਈ ਕਹਿੰਦੇ। ਉਹ ਸਕੂਲ ਲਾਇਬ੍ਰੇਰੀ ਦੇ ਵੀ ਇੰਚਾਰਜ ਸਨ। ਹਰ ਹਫਤੇ ਕੋਈ ਨਾ ਕੋਈ ਚੰਗੀ ਕਿਤਬ ਪੜ੍ਹਨ ਨੂੰ ਦਿੰਦੇ।

ਮੈਂ ਹੌਲੀ-ਹੌਲੀ ਨਿੱਕੀਆਂ ਕਹਾਣੀਆਂ ਅਤੇ ਕਵਿਤਾਵਾਂ ਲਿਖ ਕੇ ਉਨ੍ਹਾਂ ਨੂੰ ਵਿਖਾਉਣ ਲੱਗਾ। ਉਹ ਮੇਰੀ ਹਰ ਰਚਨਾ ਪੜ੍ਹ ਕੇ ਸੋਧ ਕਰਦੇ ਅਤੇ ਸੁਝਾਓ ਵੀ ਦਿੰਦੇ। ਉਨ੍ਹਾਂ ਵਲੋਂ ਦਿੱਤੀ ਹੱਲਾਸ਼ੇਰੀ ਨਾਲ ਮੈਂ ਲਿਖਣ ਲੱਗ ਪਿਆ। ਅਪਣੇ ਅਧਿਆਪਕਾਂ ਵਾਂਗ ਹੀ ਮੇਰਾ ਵੀ ਆਪਣੇ ਵਿਦਿਆਰਥੀਆਂ ਨਾਲ ਚੰਗਾ ਨਾਤਾ ਹੈ। ਪਿਛਲੇ ਵਰ੍ਹੇ ਜਦੋਂ ਕ੍ਰਿਸ਼ਨ ਕੁਮਾਰ ਡੀ ਜੀ ਐੱਸ ਈ ਨੇ ਸਖ਼ਤੀ ਨਾਲ ਆਪਣੇ ਸਕੂਲ ਦਾ ਮੈਗਜ਼ੀਨ ਕੱਢਣ ਲਈ ਕਿਹਾ। ਇਕ ਦੋ ਨੂੰ ਛੱਡ ਕੇ ਬਾਕੀ ਦੇ ਸਕੂਲ ਤਾਂ ਇਕ ਦੋ ਮੈਗਜ਼ੀਨ ਕੱਢ ਕੇ ਬੈਠ ਗਏ ਪਰ ਮੇਰੇ ਇਹ ਸਖ਼ਤੀ ਬੜੇ ਕੰਮ ਆਈ।

ਮੈਂ ਚਾਰ ਸਾਲ ਤੋਂ ਸਰਕਾਰੀ ਹਾਈ ਸਕੂਲ ਸਾਹਰੀ ਦੇ 'ਸਿਰਜਣਧਾਰਾ' ਮੈਗਜ਼ੀਨ ਰਾਹੀਂ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਨੂੰ ਦਿਸ਼ਾ ਦੇ ਕੇ ਸਾਲਾਨਾ ਰਸਾਲਾ ਕੱਢਦਾ ਰਿਹਾ ਹਾਂ। ਪਿਛਲੇ ਤਿੰਨ ਸਾਲ ਤੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਸਰਾਲਾ ਤੋਂ 'ਨਵਕਿਰਣ' ਰਸਾਲਾ ਕੱਢ ਰਿਹਾ ਹਾਂ। ਇਸ ਵਿਚ ਵੀ ਨੰਨ੍ਹੇ ਲੇਖਕਾਂ ਦੀਆਂ ਸੈਂਕੜੇ ਰਚਨਾਵਾਂ ਛਪੀਆਂ ਹਨ। ਮੈਨੂੰ ਲਗਦਾ ਹੈ ਕਿ ਵੱਡੇ ਹੋ ਕੇ ਇਹ ਨੰਨ੍ਹੇ ਲੇਖਕ ਜ਼ਰੂਰ ਵੱਡੀਆਂ ਪਿਰਤਾਂ ਪਾਉਣਗੇ।

**• ਅੱਜ-ਕੱਲ੍ਹ ਕਿਹੜਾ ਸਾਹਿਤਕ ਕਾਰਜ ਚੱਲ ਰਿਹਾ ਹੈ?**

ਆਦਿਧਰਮ ਲਹਿਰ 'ਤੇ ਕੰਮ ਕਰਦਿਆਂ ਮੈਨੂੰ ਮਹਿਸੂਸ ਹੋਇਆ ਕਿ ਬਾਬੂ ਮੰਗ ਰਾਮ ਮੁਗੋਵਾਲੀਆ ਦੇ ਨਾਲ ਮਹਾਂਪੰਜਾਬ ਵਿਚ ਜਿਹੜੀ 550 ਮਿਸ਼ਨਰੀਆਂ ਦੀ ਫ਼ੌਜ ਸੀ, ਕੁਰਬਾਨੀ ਇਨ੍ਹਾਂ ਦੀ ਵੀ ਘੱਟ ਨਹੀਂ ਸੀ। ਇਹ ਆਪਣੇ ਘਰ ਪਰਿਵਾਰ ਛੱਡ ਕੇ ਆਦਿਧਰਮ ਲੋਕਾਂ ਲਈ ਕੰਮ ਕਰਦੇ ਰਹੇ। ਹੁਣ ਮੇਰਾ ਮਨ ਇਨ੍ਹਾਂ ਮਰਜੀਵੜਿਆਂ ਬਾਰੇ ਲਿਖਣ ਦਾ ਹੈ। ਆਪ ਤਾਂ ਹੁਣ ਇਹ ਦੁਨੀਆ ਵਿਚ ਨਹੀਂ ਹਨ ਪਰ ਇਨ੍ਹਾਂ ਦੇ ਆਰ ਪਰਿਵਾਰ ਤੋਂ, ਆਂਢ ਗੁਆਂਢ ਤੋਂ ਇਨ੍ਹਾਂ ਬਾਰੇ ਜਾਣਕਾਰੀ ਇਕੱਠੀ ਕਰਨ ਦਾ ਮਨ ਵਿਚ ਧਾਰਿਆ ਹੈ। ਇਸ ਤੋਂ ਇਲਾਵਾ ਜਿੱਥੇ-ਜਿੱਥੇ ਵੀ ਆਦਿਧਰਮ ਮੰਡਲ ਦੇ ਆਗੂ ਵਿਚਰਦੇ ਰਹੇ ਹਨ, ਉਸ ਇਲਾਕੇ ਵਿਚ ਇਨ੍ਹਾਂ ਬਾਰੇ ਲੋਕ ਮਨਾਂ ਵਿਚ ਕਾਫ਼ੀ ਕੁਝ ਪਿਆ ਹੈ। ਇਸ ਬਹੁਤ ਕੁਝ ਨੂੰ ਲੋਕਧਾਰਕ ਸਮਗਰੀ ਵਾਂਗ ਟਟੋਲਣ ਦਾ ਮੇਰਾ ਯਤਨ ਹੋਵੇਗਾ। •

## ਡਾ. ਜਸਵੰਤ ਰਾਏ



**• ਕੀ ਤੁਸੀਂ ਹੁਣ ਤਕ ਦੀ ਆਪਣੀ ਸਾਹਿਤਕ ਯਾਤਰਾ ਅਤੇ ਸਾਹਿਤਕ ਹੋਂਦ ਤੋਂ ਸੰਤੁਸ਼ਟ ਹੋ।**

ਪੀਐੱਚਡੀ ਮਗਰੋਂ ਵੀ ਮੇਰੀ ਖੋਜ ਕਾਰਜ ਵਿਚ ਰੁਚੀ ਖ਼ਤਮ ਨਹੀਂ ਹੋਈ ਹੈ। ਇਸ ਤੋਂ ਬਾਅਦ ਮੈਂ ਗ਼ਦਰ ਲਹਿਰ ਤੇ ਖੋਜ ਦਾ ਕੰਮ ਅਰੰਭਿਆ ਹੈ। ਆਪਣੇ ਪਿੰਡ ਦੇ ਅਣਗੌਲੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ, ਜਿਨ੍ਹਾਂ ਨੂੰ ਬਰਮਾ ਕਾਂਸਪਰੇਸੀ ਅਧੀਨ 1916 ਵਿਚ ਫਾਂਸੀ ਲੱਗੀ ਸੀ ਤੇ ਮੈਂ ਇਕ ਇਤਿਹਾਸਕ ਦਸਤਾਵੇਜ਼ ਲਿਖਿਆ ਹੈ। ਇਸ ਉਪਰੰਤ ਮੈਂ 'ਬਾਬੂ ਮੰਗੂਰਾਮ ਮੁਗੋਵਾਲੀਆ : ਗ਼ਦਰੀ ਯੋਧੇ ਤੇ ਆਦਿ ਧਰਮ ਦੇ ਬਾਨੀ ਪੁਸਤਕ' ਲਿਖੀ ਹੈ । ਹੁਣ ਮੈਂ ਕਹਾਣੀਆਂ 'ਤੇ ਕੰਮ ਕਰ ਰਿਹਾ ਹਾਂ। ਕਹਿਣ ਦਾ ਭਾਵ ਇਹ ਹੈ ਕਿ ਮੈਂ ਹੁਣ ਤਕ ਜਿੰਨਾ ਵੀ ਕੰਮ ਕਰ ਸਕਿਆਂ ਹਾਂ ਉਸ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ।

ਰੂਬਰੂ

ਇਨਾਮ-ਸਨਮਾਨ ਬਿਨਾਂ ਕਿਸੇ ਪੱਖਪਾਤ ਅਤੇ ਸਰਕਾਰੀ ਰਾਜਨੀਤਕ ਦਖ਼ਲ ਅੰਦਾਜ਼ੀ ਤੋਂ ਮੁਕਤ ਰਚਨਾ ਦੇ ਮਿਆਰ 'ਤੇ ਮਿਲਣੇ ਚਾਹੀਦੇ ਹਨ...

---

# ਸਮੇਂ ਦੀ ਕਦਰ

ਸਮੇਂ ਦੀ ਕਦਰ ਨਾ ਕਰਨ ਵਾਲਾ ਮਨੁੱਖ ਆਪਣੇ ਤੇ ਦੂਜਿਆਂ ਲਈ ਮੁਸੀਬਤ ਬਣ ਜਾਂਦਾ ਹੈ। ਉਹ ਸਦਾ ਕਾਹਲੀ 'ਚ ਰਹਿੰਦਾ ਹੈ। ਉਹ ਨਾ ਕੋਈ ਕੰਮ ਸਿਰੇ ਚਾੜ੍ਹ ਸਕਦਾ ਹੈ ਨਾ ਹੀ ਸਮੇਂ ਦੀ ਸੰਭਾਲ ਕਰ ਸਕਦਾ...



ਸਮਾਂ ਬਹੁਤ ਹੀ ਕੀਮਤੀ ਹੈ। ਕੋਈ ਗਵਾਚੀ ਚੀਜ਼ ਤਾਂ ਹੱਥ ਆ ਸਕਦੀ ਹੈ, ਪਰ ਬੀਤਿਆ ਸਮਾਂ ਕਿਸੇ ਸਾਧਨ ਜਾਂ ਕੀਮਤ ਨਾਲ ਵੀ ਵਾਪਸ ਨਹੀਂ ਆਉਂਦਾ। ਇਸ ਕਰਕੇ ਸਮੇਂ ਦੇ ਨਿੱਕੇ ਤੋਂ ਨਿੱਕੇ ਅੰਸ਼ ਦਾ ਵੀ ਲਾਭ ਉਠਾਉਣਾ ਚਾਹੀਦਾ ਹੈ। ਪਰ ਭਾਰਤੀ ਲੋਕਾਂ ਵਿਚ ਇਹ ਨੁਕਸ ਆਮ ਹੈ ਕਿ ਉਹ ਸਮੇਂ ਦੀ ਕਦਰ ਕਰਨੀ ਨਹੀਂ ਜਾਣਦੇ। ਅਸੀਂ ਕਿਸੇ ਕੰਮ ਵਿਚ ਥੋੜ੍ਹਾ-ਬਹੁਤ ਵਧੇਰੇ ਸਮਾਂ ਲੱਗ ਜਾਣ ਨੂੰ ਇਕ ਮਾਮੂਲੀ ਗੱਲ ਸਮਝਦੇ ਹਾਂ। ਫਿਰ ਸਾਡੀਆਂ ਆਦਤਾਂ ਅਜਿਹੀਆਂ ਹਨ ਕਿ ਜੇ ਅਸੀਂ ਸੁੱਤੇ ਰਹਾਂਗੇ, ਤਾਂ ਸੁੱਤੇ ਹੀ ਰਹਾਂਗੇ, ਜੇ ਕਿਸੇ ਮਿੱਤਰ ਜਾਂ ਰਿਸ਼ਤੇਦਾਰ ਕੋਲ ਜਾਵਾਂਗੇ, ਤਾਂ ਉਸ ਦੇ ਕੋਲ ਬਹਿ ਕੇ ਬਹੁਤਾ ਸਮਾਂ ਨਸ਼ਟ ਕਰਨ ਨੂੰ ਅਸੀਂ ਚੰਗੀ ਗੱਲ ਸਮਝਦੇ ਹਾਂ। ਸਾਡੇ ਖਾਣ-ਪੀਣ, ਸੌਣ-ਜਾਗਣ, ਦਫ਼ਤਰ ਜਾਣ, ਖੇਡਣ ਤੇ ਪੜ੍ਹਨ ਦਾ ਕੋਈ ਸਮਾਂ ਨਹੀਂ ਹੈ। ਜਦੋਂ ਸਾਡਾ ਜੀ ਕਰਦਾ ਹੈ, ਅਸੀਂ ਖਾਣ ਬਹਿ ਜਾਂਦੇ ਹਾਂ। ਜਦੋਂ ਜੀ ਕਰਦਾ ਹੈ, ਸੌਂ ਜਾਂਦੇ ਹਾਂ ਤੇ ਜਦੋਂ ਜੀ ਕਰਦਾ ਹੈ, ਨੀਂਦ ਤੋਂ ਜਾਗਦੇ ਹਾਂ। ਕਈ ਵਾਰ ਨਾ ਅਸੀਂ ਸੁੱਤੇ ਹੁੰਦੇ ਹਾਂ ਤੇ ਨਾ ਹੀ ਜਾਗਦੇ, ਸਗੋਂ ਮੰਜੇ 'ਤੇ ਪਏ ਇਧਰ-ਓਧਰ ਪਾਸੇ ਮਾਰਦੇ ਰਹਿੰਦੇ ਹਾਂ। ਤੇ ਕਿਸੇ ਦੇ ਕਹਿਣ 'ਤੇ ਵੀ ਨਹੀਂ ਉੱਠਦੇ। ਇਸੇ ਪ੍ਰਕਾਰ ਹੀ ਅਸੀਂ ਜਾਂ ਖੇਡਣ ਵਿਚ ਰੁੱਝੇ ਰਹਾਂਗੇ ਜਾਂ ਰੇਡੀਓ ਸੁਣਨ, ਅਖ਼ਬਾਰਾਂ ਪੜ੍ਹਨ ਜਾਂ ਟੈਲੀਵਿਜ਼ਨ ਦੇਖਣ ਵਿਚ ਹੀ ਮਸਤ ਰਹਾਂਗੇ। ਆਪਣੀਆਂ ਜ਼ਿੰਮੇਵਾਰੀਆਂ ਨੂੰ ਭੁੱਲ ਕੇ ਸਮਾਂ ਨਸ਼ਟ ਕਰਾਂਗੇ।

ਇਨ੍ਹਾਂ ਸਾਰੀਆਂ ਗੱਲਾਂ ਦਾ ਕਾਰਨ ਇਹ ਹੈ ਕਿ ਅਸੀਂ ਵਕਤ ਦਾ ਮੁੱਲ ਪਾਉਣਾ ਨਹੀਂ ਸਿੱਖੇ। ਅਸੀਂ ਵਕਤ ਦੀ ਯੋਗ ਵੰਡ ਕਰਨੀ ਨਹੀਂ ਸਿੱਖੇ। ਅਸੀਂ ਵਕਤੋਂ ਖੁੰਝਣ ਨੂੰ ਰੁਝੇਵੇਂ ਦੀ ਨਿਸ਼ਾਨੀ ਗਿਣਦੇ ਹਾਂ, ਪਰ ਇਹ ਅਣਗਹਿਲੀ ਦੀ ਨਿਸ਼ਾਨੀ ਹੈ। ਬੇਤਰਤੀਬੀ ਦੀ ਨਿਸ਼ਾਨੀ ਹੈ। ਪੰਜਾਬੀ ਵਿਚ ਕਹਿੰਦੇ ਹਨ,'ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ, ਸੋ ਅਸੀਂ ਵੇਲੇ ਤੋਂ ਖੁੰਝ ਕੇ ਹਰ ਕੰਮ ਨੂੰ 'ਟੱਕਰਾਂ ਜੋਗਾ' ਬਣਾ ਲੈਂਦੇ ਹਾਂ। ਇਸ ਤਰ੍ਹਾਂ ਸਾਡੀ ਬਹੁਤ ਸਾਰੀ ਉਮਰ ਕੁਵੇਲੇ ਦੇ ਲੇਖੇ ਲੱਗ ਜਾਂਦੀ ਹੈ ਤੇ ਅਸੀਂ ਹਮੇਸ਼ਾ ਉਡੀਕ ਕਰਦੇ-ਕਰਦੇ ਸਮਾਂ ਗੁਆ ਜਾਂਦੇ ਹਾਂ। ਸੋ ਸਮਾਂ ਨਸ਼ਟ ਕਰ ਕੇ ਅਸੀਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ ਤੇ ਭਾਰੀ ਨੁਕਸਾਨ ਦੇ ਭਾਗੀ ਬਣਦੇ ਹਾਂ। ਸਾਡਾ ਕੋਈ ਵੀ ਕੰਮ ਠੀਕ ਸਮੇਂ ਸਿਰੇ ਨਹੀਂ ਚੜ੍ਹਦਾ ਤੇ ਕਈ ਜ਼ਰੂਰੀ ਕੰਮ ਖ਼ਰਾਬ ਹੋ ਜਾਂਦੇ ਹਨ। ਇਸ ਪ੍ਰਕਾਰ ਸਾਨੂੰ ਬੀਤੇ ਸਮੇਂ ਦੇ ਹੱਥੋਂ ਖੁਸੱਣ ਉੱਤੇ ਪਛਤਾਉਣਾ ਪੈਂਦਾ ਹੈ।

ਅਜਿਹਾ ਆਦਮੀ ਹਮੇਸ਼ਾ ਇਹ ਸ਼ਿਕਾਇਤ ਕਰਦਾ ਹੈ ਕਿ ਉਸ ਕੋਲ ਨਾ ਚਿੱਠੀਆਂ ਲਿਖਣ ਲਈ ਸਮਾਂ ਹੈ, ਨਾ ਫੋਨ ਸੁਣਨ ਲਈ ਤੇ ਨਾ ਹੀ ਕੀਤੇ ਇਕਰਾਰ ਪੂਰੇ ਕਰਨ ਲਈ। ਇਸ ਦੇ ਉਲਟ ਜਿਹੜਾ ਸਮੇਂ ਦੀ ਸੰਭਾਲ ਕਰਨੀ ਜਾਣਦਾ ਹੈ, ਉਸ ਦੇ ਸਾਰੇ ਕੰਮ ਆਪਣੇ ਆਪ ਸਿਰੇ ਚੜ੍ਹਦੇ ਹਨ ਤੇ ਉਹ ਥੋੜ੍ਹੇ ਸਮੇਂ ਵਿਚ ਬਹੁਤੇ ਕੰਮ ਕਰ ਲੈਂਦਾ ਹੈ। ਸਿਆਣਿਆਂ ਦਾ ਕਥਨ ਹੈ ਕਿ ਵੇਲੇ ਨੂੰ ਪਛਾਨਣ ਵਾਲਾ ਤੇ ਸਮੇਂ ਸਿਰ ਕੰਮ ਕਰਨ ਵਾਲਾ ਥੋੜ੍ਹੇ ਸਮੇਂ ਵਿਚ ਕੇਵਲ ਬਹੁਤਾ ਕੰਮ ਹੀ ਨਹੀਂ ਕਰ ਸਕਦਾ ਤੇ ਉਸ ਦਾ ਦਿਨ ਨਿਰਾ ਬਾਰ੍ਹਾਂ ਘੰਟਿਆਂ ਦਾ ਹੀ ਨਹੀਂ ਰਹਿੰਦਾ, ਸਗੋਂ ਛੱਤੀ ਘੰਟਿਆਂ ਦਾ ਹੋ ਜਾਂਦਾ ਹੈ। ਕੇਵਲ ਕੰਮ ਨਾ ਕਰਨ ਵਾਲੇ ਦਾ ਦਿਨ ਬਾਰ੍ਹਾਂ ਘੰਟਿਆਂ ਤੋਂ ਬਾਰ੍ਹਾਂ ਮਿੰਟਾਂ ਦਾ ਹੋ ਕੇ ਨਿਬੜ ਜਾਂਦਾ ਹੈ।

**• ਰਮਨ ਸ਼ਰਮਾ**, 97808-70066

---

# ਵਿਆਕੁਲ ਰੂਹਾਂ ਦੀ ਬਾਤ ਪਾਉਂਦੀ ਸ਼ਾਇਰੀ

• ਬਿੰਦਰ ਬਸਰਾ
98765-46675

ਪਿਛਲੇ ਇਕ-ਦੋ ਦਹਾਕਿਆਂ ਦੌਰਾਨ ਪੰਜਾਬੀ ਸਾਹਿਤਕ ਖੇਤਰ ਵਿਚ ਸੰਪਾਦਤ ਪੁਸਤਕਾਂ ਦਾ ਰੁਝਾਨ ਬਹੁਤ ਵਧਿਆ ਹੈ। ਇਸ ਰੁਝਾਨ ਦੇ ਅੰਤਰਗਤ ਕਹਾਣੀਆਂ ਸੰਗ੍ਰਹਿ ਨਾਲੋਂ ਕਾਵਿ ਸੰਗ੍ਰਹਿ ਵਧੇਰੇ ਪ੍ਰਕਾਸ਼ਤ ਹੋਏ। ਇਨ੍ਹਾਂ ਸੰਗ੍ਰਹਿ ਰਾਹੀਂ ਉਹ ਲੇਖਕ ਵੀ ਸਾਡੇ ਸਾਹਮਣੇ ਆਏ ਜਿਨ੍ਹਾਂ ਲਈ ਆਰਥਿਕ ਤੰਗੀਆਂ-ਤੁਰਸ਼ੀਆਂ ਕਰਕੇ ਖ਼ੁਦ ਦੀ ਪੁਸਤਕ ਛਪਵਾਉਣਾ ਇਕ ਖ਼ਾਬ ਹੀ ਸੀ। ਇਨ੍ਹਾਂ ਸੰਪਾਦਤ ਪੁਸਤਕਾਂ ਨੇ ਜਿੱਥੇ ਪੁਸਤਕ ਸੰਸਾਰ ਨੂੰ ਅਮੀਰ ਕੀਤਾ ਉੱਥੇ ਇਨ੍ਹਾਂ ਪੁਸਤਕਾਂ ਰਾਹੀਂ ਕੁਝ ਸਿਖਾਂਦਰੂ ਲੇਖਕਾਂ ਦੀਆਂ ਕੱਚੀਆਂ-ਪਿਲੀਆਂ ਰਚਨਾਵਾਂ ਵੀ ਪੁਸਤਕ ਸੰਸਾਰ ਵਿਚ ਘੁਸਪੈਠ ਕਰ ਗਈਆਂ। ਅਜਿਹਾ ਇਨ੍ਹਾਂ ਪੁਸਤਕਾਂ ਦੇ ਸੰਪਾਦਕਾਂ ਦੀ ਅਣਗਹਿਲੀ ਕਹੋ ਜਾਂ ਉਨ੍ਹਾਂ ਦਾ ਕਵਿਤਾ ਗ਼ਜ਼ਲ/ ਗੀਤਾਂ ਬਾਰੇ ਅਪੂਰਨ ਗਿਆਨ। ਇਸ ਸਭ ਦੇ ਬਾਵਜੂਦ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸੰਪਾਦਕ ਪੁਸਤਕਾਂ ਰਾਹੀਂ ਨਿੱਗਰ ਸਾਹਿਤ ਪਾਠਕਾਂ ਦੇ ਹੱਥ ਤਕ ਪਹੁੰਚਿਆ ਹੈ ਅਤੇ ਉਹ ਲੇਖਕ/ਸ਼ਾਇਰ ਪਾਠਕਾਂ ਸਾਹਮਣੇ ਆਏ ਜੋ ਆਰਥਿਕ ਥੁੜਾਂ ਕਾਰਨ ਹਨੇਰੇ ਵਿਚ ਬੈਠੇ ਸਨ।

ਚੰਗੀਆਂ ਸੰਪਾਦਕ ਪੁਸਤਕਾਂ ਵਿੱਚੋਂ ਇਕ ਨਾਂ 'ਰੂਹਾਂ ਦੇ ਕਸੀਦੇ' ਕਾਵਿ ਸੰਗ੍ਰਹਿ ਦਾ ਲਿਆ ਜਾ ਸਕਦਾ ਹੈ। ਇਸ ਸੰਗ੍ਰਹਿ ਨੂੰ ਪਰਮਜੀਤ ਕੌਰ ਸਰਹਿੰਦ ਨੇ ਸੰਪਾਦਤ ਕੀਤਾ ਹੈ। ਸਰਹਿੰਦ ਜਿੱਥੇ ਪੰਜਾਬੀ ਸੱਭਿਆਚਾਰ ਦੀ ਵਿਆਖਿਆਕਾਰ ਹੈ ਉੱਥੇ ਹੀ ਚੰਗੀ ਕਵਿਤਾ ਤੇ ਕਹਾਣੀ ਵੀ ਲਿਖਦੀ ਹੈ।

ਸੋ ਉਸ ਦੀ ਚੋਣ ਵੀ ਪਰਪੱਕ ਅਤੇ ਉੱਚੇ ਪਾਏ ਦੀ ਹੈ। ਪੁਸਤਕ ਵਿਚ ਨਵੇਂ ਅਤੇ ਸਥਾਪਿਤ 25 ਸ਼ਾਇਰ ਸ਼ਾਮਲ ਕੀਤੇ ਹਨ। ਹਰ ਸ਼ਾਇਰ ਦੀ ਸ਼ਾਇਰੀ ਦਾ ਆਪਣਾ ਹੀ ਰੰਗ ਪ੍ਰਕਾਸ਼ਮਾਨ ਹੁੰਦਾ ਹੈ। ਨਵੇਂ ਲੇਖਕਾਂ ਨੇ ਆਪਣੇ ਮਨ ਦੇ ਵਲਵਲਿਆਂ ਨੂੰ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਬਿਆਨਿਆ ਹੈ ਤੇ ਸਥਾਪਿਤ ਸ਼ਾਇਰਾਂ ਨੇ ਵੀ ਆਪਣੀ ਪ੍ਰੋੜ੍ਹ ਸੋਚ, ਅਹਿਸਾਸਾਂ ਦੇ ਤਜਰਬਿਆਂ ਦੀ ਵਿਆਖਿਆ ਬਹੁਤ ਹੀ ਸੋਹਣੇ ਸ਼ਬਦਾਂ ਵਿਚ ਕੀਤੀ ਹੈ।

'ਰੂਹਾਂ ਦੇ ਕਸੀਦੇ' ਦੇ ਅਧਿਐਨ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸੰਗ੍ਰਹਿ ਵਿਚਲੇ ਸ਼ਾਇਰ ਆਪਣੇ ਸਮਾਜ ਪ੍ਰਤੀ ਬਾਖ਼ੂਬੀ ਚੇਤੰਨ ਹਨ। ਉਹ ਆਪਣੀਆਂ ਰਚਨਾਵਾਂ ਰਾਹੀਂ ਨਿਜ਼ਾਮ ਦੀ ਲੁੱਟ, ਗ਼ਲਤ ਸਮਾਜਿਕ ਕਦਰਾਂ, ਰਾਜਨੀਤਕ ਕੋਝੀਆਂ ਚਾਲਾਂ ਵਿਰੁੱਧ ਜਿੱਥੇ ਆਵਾਜ਼ ਬੁਲੰਦ ਕਰਦੇ ਹਨ ਉੱਥੇ ਹੀ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੇ ਘੁਣ ਤੋਂ ਬਚਾਉਣ, ਬੇਰੁਜ਼ਗਾਰੀ, ਬਜ਼ੁਰਗਾਂ ਦੀ ਹੋ ਰਹੀ ਦੁਰਗਤੀ ਅਤੇ ਔਰਤਾਂ ਦੇ ਮਾਣ-ਸਨਮਾਨ ਲਈ ਫ਼ਿਕਰਮੰਦ ਵੀ ਹਨ। ਨਮੂਨੇ ਦੇਖੋ :

*ਦੀਨ ਦੁਖੀ ਨੂੰ ਸੀਨੇ ਲਾਈਂ*
*ਸੁੱਖ ਦਾ ਕੋਈ ਗੀਤ ਸੁਣਾਈਂ*
*ਇਹ ਸਾਰਾ ਜਗ ਤੇਰਾ ਆਪਣਾ*
*ਮਨ ਨੂੰ ਇਹ ਸਮਝਾ ਕੇ ਰੱਖੀਂ।*
*ਕਦਰ ਹੁੰਦੀ ਸੀ ਬੁੱਢਿਆਂ ਦੀ*
*ਤੇ ਮਿਲਦਾ ਪਿਆਰ ਸੀ ਬਹੁਤ*
*ਭਲਾ ਹੁਣ ਫੇਰ ਉਹ*
*ਬਾਬੇ ਪਿਆਰੇ ਕੌਣ ਦੇਵੇਗਾ।*
*-(ਕੈਲਾਸ਼ ਅਮਰੋਹੀ)*

*ਆਪਣੇ ਘਰ ਤੋਂ ਦੂਰ ਵਿਚਾਰਾਂ*
*ਸੁਪਨੇ ਦਿਲ ਵਿਚ ਲੈ ਕੇ*
*ਮਿਹਨਤ ਮਿਲੇ ਨਾ ਉਸ ਨੂੰ*
*ਗ਼ੁਰਬਤ ਦੇ ਸੰਗ ਲੜਦਾ।*
*-(ਗੁਰਨਾਮ ਸਿੰਘ ਬਿਜਲੀ)*

ਪੁਸਤਕ ਦੇ ਲੇਖਕ ਆਪਣੀਆਂ ਰਚਨਾਵਾਂ ਰਾਹੀਂ ਨਿਜ਼ਾਮ ਦੀ ਲੁੱਟ, ਗ਼ਲਤ ਸਮਾਜਿਕ ਕਦਰਾਂ ਤੇ ਕੋਝੀਆਂ ਰਾਜਸੀ ਚਾਲਾਂ ਵਿਰੁੱਧ ਜਿੱਥੇ ਆਵਾਜ਼ ਬੁਲੰਦ ਕਰਦੇ ਹਨ ਉੱਥੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੇ ਘੁਣ ਤੋਂ ਬਚਾਉਣ, ਬੇਰੁਜ਼ਗਾਰੀ, ਬਜ਼ੁਰਗਾਂ ਦੀ ਹੋ ਰਹੀ ਦੁਰਗਤੀ ਅਤੇ ਔਰਤਾਂ ਦੇ ਮਾਣ-ਸਨਮਾਨ ਲਈ ਬਹੁਤ ਫ਼ਿਕਰਮੰਦ ਵੀ ਹਨ...




*ਧੁੱਪ ਵਿਚ ਇੱਟਾਂ ਪੱਥ-ਪੱਥ ਕੇ*
*ਘਰ ਬਣਾਉਂਦੇ ਹਾਂ ਜਿਸ ਲਈ*
*ਸਾਡੇ ਝੁੱਗੀ ਜਲਾਉਂਦੀ ਹੈ*
*ਮੇਰੇ ਰੱਬਾ ਤੇਰੀ ਦੁਨੀਆਂ।*
*ਉਦੋਂ ਪਾਣੀਆਂ 'ਚ ਵੀ ਅੱਗ ਲੱਗੀ ਹੋਊ*
*ਧੁਖ਼ਦੇ ਫੁੱਲ ਜਦੋਂ ਸਤਲੁਜ 'ਚ ਹੜ੍ਹੇ ਹੋਣਗੇ।*
*ਦੁਨੀਆ ਦੀ ਇਹ ਕਚਹਿਰੀ ਕੇਹੀ ਹੈ?*
*ਕਿਸ ਨੂੰ ਪੁੱਛਾਂ*
*ਮਿਲਣਾ ਨਿਆਂ ਕੀ ਇੱਥੇ*
*ਨਾ ਜਿੱਥੇ ਅਪੀਲ ਕੋਈ।*
*-(ਪਰਮਜੀਤ ਕੌਰ ਸਰਹਿੰਦ)*

*ਰੁੱਖ ਨੇ ਜਲ ਰਹੇ ਤੜਫਦੇ ਬੋਟ ਨੇ*
*ਜੰਗਲੀ-ਰਾਜ ਹੈ, ਰਾਜ ਵਿਚ ਖੋਟ ਨੇ*
*ਬਹੁਤ ਉਸ ਨੂੰ ਫ਼ਿਕਰ ਸੀ ਮੇਰਾ, ਇਸ ਲਈ*
*ਰਹਿਣ ਨੂੰ ਮੇਰੇ ਅੱਗ ਦਾ ਨਗਰ ਦੇ ਗਿਆ।*
*ਜਿਸ ਰੇਤੇ 'ਤੇ ਆ ਕੇ ਅੱਜ ਕੱਲ੍ਹ*

*ਪੈਰ ਮੇਰੇ ਸੜ ਜਾਂਦੇ ਨੇ*
*ਸੁਪਨੇ ਦੇ ਵਿਚ ਅਕਸਰ 'ਕੋਈ'*
*ਖੇਲ੍ਹਦਾ ਉੱਥੇ ਘਰ-ਘਰ ਹੈ।*
*ਉਹ ਕਿੱਥੇ ਨੇ ਜਿਨ੍ਹਾਂ ਨੂੰ ਮਾਣ*
*ਭਾਰਤ ਆਪਣੇ 'ਤੇ ਸੀ*
*ਸਰਾਭੇ, ਬੋਸ ਤੇ ਸ਼ੇਖਰ ਜਿਹੇ*
*ਕਿੱਥੋਂ ਲਿਆਵੇਂਗਾ।*
*ਕਾਨੂੰਨ ਅੰਨ੍ਹਾ ਹੈ, ਗੂੰਗੇ ਲੋਕ ਹੋਏ*
*ਸ਼ਹਿਰ ਮੇਰੇ ਦੇ*
*ਨਜ਼ਰ ਇਸ ਨੂੰ, ਲੋਕਾਂ ਨੂੰ*
*ਜੀਭ ਆਪਾਂ ਦੇ ਕੇ ਜਾਵਾਂਗੇ।*
*-(ਜਸਵਿੰਦਰ ਦੂਹੜਾ)*

*ਅੱਜ ਦੇ ਪੁੱਤਰ ਧੀਆਂ ਵੇਖ*
*ਪੁੱਠੀਆਂ ਪਈਆਂ ਲੀਹਾਂ ਵੇਖ*
*ਪੱਬਾਂ ਦੇ ਵਿਚ ਧੁੱਤ ਨਸ਼ੇ ਵਿਚ*
*ਕੇਹੀ ਚੱਲ ਪਈ 'ਵਾ ਓਏ ਬਾਪੂ।*
*- (ਡਾ. ਗੁਲਜ਼ਾਰ ਸਿੰਘ 'ਸਭਰਵਾਲ')*

*ਪੱਥਰਾਂ 'ਚ ਤੁਰਿਆ ਜਾ ਰਿਹਾ*
*ਧੁਖ਼ੀਆਂ ਮੈਂ ਨਜ਼ਮਾਂ ਗਾ ਰਿਹਾ*
*ਦਿਨ-ਰਾਤ ਜਿੰਦ ਨੂੰ ਰੋਲ਼ਦਾ*
*ਦੁਖੀ ਹੈ ਜਗ ਜਜ਼ਬਾਤ ਦਾ।*
*ਪੂੰਜੀ ਹੱਕ ਦੀ ਲੁੱਟੀ ਜਾ ਰਹੀ*
*ਜੰਗਲਾਂ ਦੀ ਅੱਗ ਹੈ ਖਾ ਰਹੀ*
*ਜਿਹਨੂੰ ਨਾਗਾਂ ਨੇ ਘੇਰਾ ਪਾ ਲਿਆ*
*ਲਾੜਾ ਹਾਂ ਮੈਂ ਉਸ ਬਰਾਤ ਦਾ।*
*-(ਮਨੀਸ਼ ਕੁਮਾਰ)*

*ਮੈਨੂੰ ਵੱਢਣ ਟੁੱਕਣ ਵਾਲਿਓ!*
*ਮੈਂ ਗ਼ਮਲੇ 'ਚ ਉੱਗਿਆ*
*ਲਾਜਵੰਤੀ ਦਾ ਬੂਟਾ ਨਹੀਂ*
*ਨਾ ਕੋਈ ਬੋਹੜ ਉਜਾੜਾਂ 'ਚ ਉੱਗੀ ਹੋਈ*
*ਨਾ ਹੀ ਤੁਹਾਡੀ ਸ਼ਰਧਾ ਦੇ ਦੇਵਤੇ ਲਈ*
*ਖਿੜਿਆ ਹੋਇਆ ਫੁੱਲ*
*ਮੈਂ ਤਾਂ ਤੀਰ ਹਾਂ।*
*-(ਰਤਨਪਾਲ ਡੂਡੀਆਂ)*

'ਰੂਹਾਂ ਦੇ ਕਸੀਦੇ' ਕਾਵਿ ਸੰਗ੍ਰਹਿ ਦੀਆਂ ਰਚਨਾਵਾਂ ਨੂੰ ਕਿਸੇ ਇਕ ਵਿਚਾਰਧਾਰਾ ਜਾਂ ਲਹਿਰ ਨਾਲ ਜੋੜਨਾ ਅਸੰਭਵ ਹੈ ਕਿਉਂਕਿ ਇਸ ਵਿਚਲੀਆਂ ਰਚਨਾਵਾਂ ਵਿੱਚੋਂ ਜਿੱਥੇ ਵਿਰੋਧੀ ਸੁਰ ਉੱਠਦੀ ਹੈ ਉੱਥੇ ਹੀ ਧਾਰਮਿਕ ਵਿਰਤੀ ਵਾਲੀਆਂ ਰਚਨਾਵਾਂ ਦੇ ਨਾਲ-ਨਾਲ ਪਿਆਰ, ਹਿਜਰ, ਵਸਲ ਦੇ ਖੱਟੇ-ਮਿੱਠੇ ਅਹਿਸਾਸ ਵੀ ਮਹਿਸੂਸ ਹੁੰਦੇ ਹਨ।

ਗੱਲ ਕੀ ਪਰਮਜੀਤ ਕੌਰ ਸਰਹਿੰਦ ਦੀ ਸੰਪਾਦਕੀ ਹੇਠ ਪ੍ਰਕਾਸ਼ਿਤ ਹੱਥਲੀ ਪੁਸਤਕ ਦੀ ਸ਼ਾਇਰੀ ਪੜ੍ਹਕੇ ਮਾਨਣਯੋਗ ਤਾਂ ਹੈ ਹੀ ਇਹ ਨਿੱਜੀ ਲਾਇਬ੍ਰੇਰੀ ਦਾ ਸ਼ਿੰਗਾਰ ਬਣਨ ਦੇ ਕਾਬਿਲ ਵੀ ਹੈ, ਜਿਸ ਲਈ ਉਹ ਵਧਾਈ ਦੀ ਪਾਤਰ ਹੈ।

ਇਸ ਕਾਵਿ ਸੰਗ੍ਰਹਿ ਨੂੰ ਐਵਿਸ ਪਬਲੀਕੇਸ਼ਨਜ਼ ਦਿੱਲੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। 207 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ 350/- ਰੁਪਏ ਰੱਖੀ ਗਈ ਅਤੇ ਇਸ ਨੂੰ ਜ਼ਿਲ੍ਹਾ ਲਿਖਾਰੀ ਸਭਾ ਫ਼ਤਹਿਗੜ੍ਹ ਸਾਹਿਬ ਵੱਲੋਂ ਪੇਸ਼ ਕੀਤਾ ਗਿਆ ਹੈ। •

---

## ਪੁਸਤਕ ਚਰਚਾ

ਕਾਵਿ ਪੁਸਤਕ 'ਮੈਂ ਪਿਛਾਂਹ ਪਰਤਾਂਗਾ' ਪ੍ਰੋ. ਤਰਸੇਮ ਰਾਣਾ ਦੀਆਂ 30 ਕਵਿਤਾਵਾਂ ਦਾ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਦੀ ਸੰਪਾਦਨਾ ਉਨ੍ਹਾਂ ਦੀ ਧਰਮਪਤਨੀ ਦਲਬੀਰ ਕੌਰ ਨੇ ਕੀਤੀ ਹੈ। ਪ੍ਰੋ. ਤਰਸੇਮ ਰਾਣਾ ਫ਼ੌਜ ਵਿਚ ਨੌਕਰੀ ਕਰਦੇ ਹੋਏ ਵੀ ਸਾਹਿਤ, ਸਾਹਿਤਕ ਸਰਗਰਮੀਆਂ ਅਤੇ ਸਾਹਿਤਕ ਮਿੱਤਰਾਂ ਨਾਲ ਜੁੜੇ ਰਹੇ। ਉਨ੍ਹਾਂ ਨੇ ਆਪਣੇ ਜੀਵਨ ਵਿਚ ਜਿਨ੍ਹਾਂ ਤੰਗੀਆਂ ਤੁਰਸ਼ੀਆਂ ਨੂੰ ਸਹਾਰਿਆ, ਜਿਹੜੇ ਔਖੇ ਪੈਂਡਿਆਂ 'ਤੇ ਤੁਰ ਕੇ ਉਹ ਇਸ ਮੁਕਾਮ ਤਕ ਪੁੱਜੇ। ਜਿੰਨੀ ਘਾਲਣਾ ਘਾਲੀ ਅਤੇ ਮਨੁੱਖੀ ਕਦਰਾਂ ਕੀਮਤਾਂ 'ਤੇ ਪਹਿਰਾ ਦਿੱਤਾ, ਉਨ੍ਹਾਂ ਭਾਵਨਾਵਾਂ, ਅਨੁਭਵਾਂ ਅਤੇ ਅਨੁਭੂਤੀਆਂ ਨੂੰ ਆਪਣੀਆਂ ਨਜ਼ਮਾਂ ਵਿਚ ਸਾਕਾਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਪੁਸਤਕ ਦੀ ਪਹਿਲੀ ਤੇ ਟਾਈਟਲ ਕਵਿਤਾ,'ਮੈਂ ਪਿਛਾਂਹ ਪਰਤਾਂਗਾ' ਫ਼ੌਜੀ ਜੀਵਨ ਦੇ ਕਰੜੇ ਯਥਾਰਥ 'ਤੇ ਰੌਸ਼ਨੀ ਪਾਉਂਦੀ ਹੋਈ 'ਮੌਤ' ਨੂੰ ਆਪਣੀ 'ਮਾਂ' ਦਾ ਦਰਜਾ ਦੇ ਕੇ ਪਿਛਾਂਹ ਪਰਤ ਕੇ, ਨਵੇਂ ਸਿਰਿਓਂ ਇਤਿਹਾਸ ਲਿਖਣ ਦੀ ਗੱਲ ਕਰਦਾ ਹੈ। ਕਵਿਤਾ ਦੀਆਂ ਸਤਰ੍ਹਾਂ ਹਨ-

*ਮੌਤ ਦੇ ਸਾਏ ਵਿਚ ਹੀ ਤਾਂ*
*ਮੈਂ ਜਨਮ ਲਿਆ ਹੈ*
*ਮੌਤ ਤਾਂ ਮੇਰੀ ਮਾਂ ਹੈ।*
*ਤੇ ਜਿਸ ਦਿਨ ਮੈਂ ਪਿਛਾਂਹ ਪਰਤਾਂਗਾ*
*ਇਤਿਹਾਸ ਨਵੇਂ ਸਿਰਿਓਂ ਿ*
*ਲਖਿਆ ਜਾਵੇਗਾ।*
*ਲਹੂ ਲੁਹਾਨ ਰਣ ਭੂਮੀ ਵਿੱਚੋਂ*
*ਚਾਨਣ ਦੇ ਬੀਜ ਪੁੰਗਰਣਗੇ*
*ਮੈਂ ਪਿਛਾਂਹ ਪਰਤਾਂਗਾ।'*

ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਫ਼ੌਜੀ ਜੀਵਨ ਨਾਲ ਜੁੜੇ ਪ੍ਰਤੀਕ ਅਤੇ ਬਿੰਬ ਇਨ੍ਹਾਂ ਨੂੰ ਵਿਲੱਖਣਤਾ ਪ੍ਰਦਾਨ ਕਰਦੇ ਹਨ। ਸੰਗ੍ਰਹਿ ਦੀ ਹਰੇਕ ਕਵਿਤਾ ਮਾਨਵਤਾਵਾਦੀ ਸੁਰ, ਮਾਤ ਭੂਮੀ ਦੇ ਮੋਹ ਅਤੇ ਰਿਸ਼ਤਿਆਂ ਦੀ ਸੱਚੀ ਸੁੱਚੀ ਨਿਰਛਲਤਾ ਦੀ ਬਾਤ ਪਾਉਂਦੀਆਂ ਹਨ ਪਰ ਕੁਕਨੂਸ, ਉਦੋਂ ਤਕ, ਕਦੋਂ ਬਦਲੇਗੀ ਰੁੱਤ, ਸੁਣਦੇ ਹਾਂ, ਮੌਨ ਬੁੱਤ, ਸਿਆਹ ਰਾਤ, ਚਲਣਾ ਹੀ ਦਸਤੂਰ, ਜਾਦੂਗਰ, ਉਹ ਨਹੀਂ ਜਾਣਦੇ ਆਦਿ ਨੂੰ ਵਾਰ-ਵਾਰ ਪੜ੍ਹਨ ਨੂੰ ਮਨ ਕਰਦਾ ਹੈ। ਸੰਪਾਦਕਾ ਦਲਬੀਰ ਕੌਰ ਵਲੋਂ ਕੀਤਾ ਗਿਆ ਇਹ ਉਪਰਾਲਾ ਬਹੁਤ ਹੀ ਸਾਰਥਕ ਅਤੇ ਪ੍ਰੇਰਣਾਦਈ ਹੋ ਨਿਬੜਿਆ ਹੈ। ਪ੍ਰੋ. ਰਾਣਾ ਆਪਣੀਆਂ ਕਵਿਤਾਵਾਂ ਰਾਹੀਂ ਸਾਹਿਤ ਜਗਤ ਵਿਚ ਸਾਬਤ ਕਦਮੀ ਮੌਜੂਦ ਹਨ ਤੇ ਰਹਿਣਗੇ।




ਇੰਦਰਜੀਤ ਕੌਰ ਸਿੱਧੂ ਨੇ ਇਕੋ ਸਮੇਂ ਕਹਾਣੀ ਅਤੇ ਕਵਿਤਾ ਦੀ ਸਿਰਜਣਾ ਕੀਤੀ ਹੈ। ਉਸ ਨੇ ਸਵੈਜੀਵਨੀ ਅਤੇ ਵਾਰਤਕ 'ਤੇ ਵੀ ਹੱਥ ਅਜ਼ਮਾਈ ਕੀਤੀ ਹੈ। 'ਹਵਾ ਵਿਚ ਟੰਗੀ ਕਿੱਲੀ' ਉਸ ਦਾ ਛੇਵਾਂ ਕਾਵਿ ਸੰਗ੍ਰਹਿ ਹੈ। ਹੱਥਲੇ ਸੰਗ੍ਰਹਿ ਦੀਆਂ 51 ਕਵਿਤਾਵਾਂ ਵਿੱਚੋਂ ਲੰਘਣ ਉਪਰੰਤ ਕਵਿਤਰੀ ਦੀ ਅਜੋਕੇ ਯਥਾਰਥ 'ਤੇ ਡੂੰਘੀ ਪਕੜ ਅਤੇ ਤੀਬਰ ਗਤੀ ਨਾਲ ਬਦਲਦੇ ਸਰੋਕਾਰਾਂ ਦੀ ਸਮਝ ਦਾ ਪਤਾ ਲੱਗਦਾ ਹੈ। ਇਨ੍ਹਾਂ ਕਵਿਤਾਵਾਂ ਵਿਚ ਮਾਂ ਤੋਂ ਮਾਂ ਤਕ ਦੇ ਸਫ਼ਰ ਤੋਂ ਲੈ ਕੇ ਮਨਫ਼ੀ ਹੁੰਦੇ ਜਾਂਦੇ ਘਰ, ਪਿੰਡ ਇੱਥੋਂ ਤਕ ਕਿ ਮਨੁੱਖ ਵਿੱਚੋਂ ਗੁਆਚ ਰਹੇ ਮਨੁੱਖ ਦੀ ਕਾਵਿਮਈ ਬਾਤ ਪਾਈ ਗਈ ਹੈ। ਅਜੋਕੇ ਡਿਜੀਟਲ ਯੁਗ ਵਿਚ ਮਨੁੱਖ ਦੀ ਹੋਂਦ ਅਤੇ ਸੱਭਿਆਚਾਰਕ ਪੜਾਅ ਸਿਰਫ਼ ਮੋਬਾਈਲ, ਲੈਪਟਾਪ, ਫੇਸਬੁੱਕ, ਟਵਿਟਰ, ਈਮੇਲ 'ਤੇ ਆ ਕੇ ਠਹਿਰ ਗਿਆ ਹੈ। ਅਜਿਹੇ ਦੌਰ ਵਿਚ ਸੱਚ-ਝੂਠ, ਦਿਨ-ਰਾਤ, ਸਵੇਰ-ਹਨੇਰ, ਚੰਗੇ-ਮਾੜੇ ਹੋਣ ਦੇ ਅਰਥ ਹੀ ਬਦਲ ਗਏ ਹਨ।

ਔਰਤ ਦੀ ਹੋਣੀ, ਉਸ ਨੂੰ ਮਿਲੀ ਉਮਰ ਕੈਦ ਤੋਂ ਵੀ ਲੰਬੀ ਕੈਦ, ਪਲ-ਪਲ ਉਸ ਦੀ ਮੁੱਠੀ ਵਿੱਚੋਂ ਕਿਰਦੀ ਉਸ ਦੀ ਧੁੱਪ ਵਰਗੀ ਹੋਂਦ, ਨਿਘਰਦਾ ਲੋਕਤੰਤਰ, ਪੰਜਾਬ ਦੀ ਦੁਰਦਸ਼ਾ, ਰਿਸ਼ਤਿਆਂ ਵਿਚਲਾ ਬਿਗਾਨਾਪਨ ਤੇ ਦੂਰੀਆਂ, ਆਪਣੀਆਂ ਜੜ੍ਹਾਂ ਤੋਂ ਬੇਮੁੱਖ ਹੁੰਦੀ/ਟੁਟਦੀ ਜਾ ਰਹੀ ਨਵੀਂ ਪੀੜ੍ਹੀ ਇਸ ਸਭ ਨੂੰ ਕਵਿਤਰੀ ਨੇ ਬਹੁਤ ਸਰਲ, ਸੰਜਮੀ ਅਤੇ ਸੁਹਜਪੁਣੇ ਨਾਲ ਆਪਣੀਆਂ ਕਵਿਤਾਵਾਂ ਵਿਚ ਵੀ ਇਕ ਵਿਚਾਰਧਾਰਕ ਰਵਾਨਗੀ ਹੈ ਜੋ ਪਾਠਕ ਨੂੰ ਨਾਲ ਜੋੜ ਕੇ ਅੰਤਿਮ ਵਾਕ ਤਕ ਲੈ ਜਾਂਦੀ ਹੈ ਅਤੇ ਪਾਠਕ ਕਵਿਤਾ ਵਿਚਲੇ ਡੂੰਘੇ ਅਰਥਾਂ ਦੇ ਵਹਿਣ ਨਾਲ ਵਗ ਤੁਰਦਾ ਹੈ। ਸ਼ਬਦ ਚੋਣ, ਪ੍ਰਤੀਕਾਂ ਤੇ ਬਿੰਬਾਂ ਦੀ ਸਟੀਕ ਵਰਤੋਂ ਤੇ ਵਿਸ਼ਿਆਂ ਦੀਆਂ ਕਈ ਪਰਤਾਂ ਨੂੰ ਫਰੋਲਣ ਦੀ ਸਲਾਹੀਅਤ ਇਨ੍ਹਾਂ ਕਵਿਤਾਵਾਂ ਨੂੰ ਪੜ੍ਹਨ, ਸਮਝਣ ਤੇ ਵਿਚਾਰਨ ਲਈ ਬਣਾਉਂਦੀ ਹੈ। ਇਨ੍ਹਾਂ ਕਵਿਤਾਵਾਂ 'ਚ ਕੁਦਰਤ, ਸਮਾਜ ਤੇ ਮਨੁੱਖ ਦੀ ਮੌਜੂਦਾ ਸਥਿਤੀ 'ਤੇ ਕਈ ਪ੍ਰਸ਼ਨ ਵੀ ਉਠਾਏ ਗਏ ਹਨ।




**• ਧਰਮਪਾਲ ਸਾਹਿਲ**

ਦੇਸ਼ ਭਗਤੀ ਦੇ ਜਜ਼ਬੇ ਤੋਂ ਵਿਹੂਣੀ ਹੁੰਦੀ ਜਾ ਰਹੀ ਪੀੜ੍ਹੀ ਨੂੰ ਦੇਸ਼ ਭਗਤੀ ਦੀ ਜਾਗ ਲਾਉਂਦਾ 'ਬਾਗ਼ੀ ਸਰਾਭਾ' ਗੁਰਪ੍ਰੀਤ ਸਿੰਘ ਰਟੌਲ ਦੁਆਰਾ ਲਿਖਿਆ ਇਤਿਹਾਸਕ ਨਾਟਕ ਹੈ ਜਿਸ ਵਿਚ ਉਸ ਨੇ ਕਰਤਾਰ ਸਿੰਘ ਸਰਾਭਾ ਦੀ ਦੇਸ਼ ਦੀ ਆਜ਼ਾਦੀ ਲਈ ਮਹਿਜ਼ 19 ਸਾਲ ਦੀ ਉਮਰ ਵਿਚ ਕੀਤੀ ਅਦੁੱਤੀ ਕੁਰਬਾਨੀ ਦੇ ਜਜ਼ਬੇ ਨੂੰ ਅਤੇ ਸ਼ਹਾਦਤ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਬੇਸ਼ੱਕ ਇਸ ਨਾਟਕ ਵਿਚ ਕਰਤਾਰ ਸਿੰਘ ਸਰਾਭਾ ਬਾਰੇ ਲਿਖਿਆ ਹੈ ਪਰ ਇਸ ਵਿਚ ਆਜ਼ਾਦੀ ਦੇ ਸੰਘਰਸ਼ ਵਿਚ ਕਰਤਾਰ ਸਿੰਘ ਸਰਾਭਾ ਦੇ ਸਾਥੀ ਗ਼ਦਰੀਆਂ ਬਾਰੇ ਵੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ ਅਤੇ ਇਨ੍ਹਾਂ ਇਤਿਹਾਸਕ ਪਾਤਰਾਂ ਨੂੰ ਹੂਬਹੂ ਰੂਪ ਵਿਚ ਪੇਸ਼ ਕੀਤਾ ਹੈ।

ਸਰਾਭਾ ਆਪਣੇ ਗ਼ਦਰੀ ਸਾਥੀਆਂ ਸਮੇਤ ਦੇਸ਼ ਦੀ ਆਜ਼ਾਦੀ ਦਾ ਸੁਪਨਾ ਦਿਲ ਵਿਚ ਲੈ ਕੇ ਕਿਵੇਂ ਭਾਰਤ ਪੁੱਜਦਾ ਹੈ ਅਤੇ ਇਸ ਤੋਂ ਪਹਿਲਾਂ ਅਮਰੀਕਾ ਦੇ ਸਾਨਫਰਾਂਸਿਸਕੋ ਦੇ ਯੁਗਾਂਤਰ ਆਸ਼ਰਮ ਵਿਚ ਗ਼ਦਰੀ ਸਾਥੀਆਂ ਨਾਲ ਕਿਹੋ ਜਿਹਾ ਵਿਚਾਰ ਵਟਾਂਦਰਾ ਕਰਦਾ ਹੈ ਉਸ ਬਾਰੇ ਵੱਖ-ਵੱਖ ਪਾਤਰਾਂ ਜਿਵੇਂ ਲਾਲਾ ਹਰਦਿਆਲ, ਸੋਹਣ ਸਿੰਘ ਭਕਨਾ, ਜਵਾਲਾ ਸਿੰਘ ਜਾਂ ਫਿਰ ਕੈਲੇਫੋਰਨੀਆਂ ਵਿਚ ਆਪਣੇ ਸਾਥੀਆਂ ਨਾਲ ਕਿਹੋ ਜਿਹਾ ਸੰਵਾਦ ਰਚਾਉਂਦਾ ਹੈ ਉਸ ਦੀ ਭਾਵਪੂਰਤ ਦ੍ਰਿਸ਼ਾਵਲੀ ਇਸ ਨਾਟਕ ਵਿੱਚੋਂ ਮਾਣਨ ਨੂੰ ਮਿਲਦੀ ਹੈ। ਗ਼ਦਰ ਅਖ਼ਬਾਰ ਦੇ ਜਨਮ ਅਤੇ ਇਸ ਵਿਚ ਛਪਦੀ ਸਮੱਗਰੀ ਬਾਰੇ ਵੀ ਨਾਟਕ ਵਿਚ ਵਿਸਤ੍ਰਿਤ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। ਸਰਾਭੇ ਦੇ ਦੇਸ਼ ਪਰਤਣ, ਆਜ਼ਾਦੀ ਸੰਘਰਸ਼ ਵਿਚ ਕੁੱਦਣ, ਰਾਸ ਬਿਹਾਰੀ ਬੋਸ ਦੀ ਅਗਵਾਈ, ਹਥਿਆਰ ਇਕੱਠੇ ਕਰਨ ਦੀ ਮੁਹਿੰਮ ਅਤੇ 19 ਫਰਵਰੀ ਦੇ ਗ਼ਦਰ ਦੇ ਫੇਲ੍ਹ ਹੋ ਜਾਣ ਬਾਰੇ ਨਾਟਕ ਵਿਚ ਨਾਟਕੀ ਵੇਰਵੇ ਪੇਸ਼ ਹੋਏ ਹਨ। ਜਿੱਥੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਇਸ ਨਾਟਕ ਵਿਚ ਆਇਆ ਹੈ ਗ਼ਦਾਰਾਂ ਦੀ ਨਿਸ਼ਾਨਦੇਹੀ ਵੀ ਨਾਟਕ ਵਿਚ ਪੇਸ਼ ਹੋਈ ਹੈ। ਦੇਸ਼ ਭਗਤੀ ਦੀ ਜਾਗ ਲਾਉਂਦਾ ਇਹ ਨਾਟਕ ਪੜ੍ਹਨਨ ਤੇ ਸਾਂਭਣਯੋਗ ਹੈ।




ਰਵਿੰਦਰ ਰਵੀ ਕੇਵਲ ਪਰਵਾਸੀ ਪੰਜਾਬੀ ਸਾਹਿਤ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਾਹਿਤ ਵਿਚ ਮਹੱਤਵਪੂਰਨ ਸਥਾਨ ਰੱਖਣ ਵਾਲਾ ਸਾਹਿਤਕਾਰ ਹੈ। ਉਸਦੀ ਰਚਨਾ-ਪ੍ਰਕਿਰਿਆ 'ਤੇ ਕਈ ਖੋਜ ਕਾਰਜ ਹੋਏ ਹਨ। ਉਸ ਦੀਆਂ ਪੁਸਤਕਾਂ ਅਤੇ ਮਾਣ ਸਨਮਾਨਾਂ ਦੀ ਗਿਣਤੀ ਬਹੁਤ ਹੈ, ਜਿਹੜੀ ਕਿ ਇਸ ਵਿਚਾਰਧੀਨ ਪੁਸਤਕ ਵਿਚ ਦਿੱਤੀ ਗਈ ਹੈ। 'ਦਰ ਦੀਵਾਰਾਂ ਤੇ ਸਿਆਸੀ ਦੰਦ ਕਥਾ' ਮੂਲ ਪਾਠ ਅਤੇ ਰੰਗਮੰਚਕੀ ਵੇਰਵੇ' ਉਸ ਦੀ ਅਜਿਹੀ ਪੁਸਤਕ ਹੈ ਜਿਸ ਵਿਚ ਉਸ ਦੇ ਉਪਰੋਕਤ ਦੋ ਕਾਵਿ-ਨਾਟਕਾਂ 'ਦਰ ਦੀਵਾਰਾਂ ਅਤੇ ਸਿਆਸੀ ਦੰਦ ਕਥਾ' ਮੂਲ ਪਾਠ ਤੋਂ ਇਲਾਵਾ ਇਨ੍ਹਾਂ ਦੇ ਰੰਗਮੰਚ ਦੇ ਖੇਡੇ ਜਾਣ ਬਾਰੇ ਵਿਸਤ੍ਰਿਤ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ।

'ਦਰ ਦੀਵਾਰਾਂ' ਪਰਵਾਸੀ ਜੀਵਨ ਦੀ ਸਰਬ ਪੱਖੀ ਤਸਵੀਰ ਨੂੰ ਪੇਸ਼ ਕਰਦਾ ਨਾਟਕ ਹੈ ਅਤੇ 'ਸਿਆਸੀ ਦੰਦ ਕਥਾ' 1984 ਦੇ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਅਤੇ ਇਸ ਨਾਲ ਜੁੜੀ ਸਿਆਸਤੀ ਖੇਡ ਦੇ ਘਟਨਾ ਕ੍ਰਮ ਨੂੰ ਆਪਣੇ ਕਲੇਬਰ ਵਿਚ ਬੰਨ੍ਹਦਾ ਹੈ। ਇਸ ਪੁਸਤਕ ਦੀ ਖ਼ਾਸੀਅਤ ਇਹ ਹੈ ਕਿ ਰਵਿੰਦਰ ਰਵੀ ਨੇ ਆਪਣੇ ਇਨ੍ਹਾਂ ਨਾਟਕਾਂ ਦੀ ਪੂਰੀ ਰੂਪ ਰੇਖਾ, ਮੂਲ ਪਾਠ ਤੋਂ ਇਲਾਵਾ ਪਾਤਰਾਂ ਬਾਰੇ ਵੀ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ ਹੈ। ਇਸ ਤੋਂ ਇਲਾਵਾ ਨਾਟਕਾਂ ਦੇ ਪ੍ਰਕਾਸ਼ਿਤ ਹੋਣ ਦੇ ਸਾਲ ਅਤੇ ਮੰਚੀਕਰਨ ਦੇ ਸਾਲ ਵੀ ਦਰਸਾਏ ਗਏ ਹਨ। 'ਮੇਰੇ ਕਾਵਿ ਨਾਟਕ ਅਤੇ ਰੰਗਮੰਚ' ਸਿਰਲੇਖ ਦੇ ਤਹਿਤ ਆਪਣੇ ਨਾਟਕਾਂ ਬਾਰੇ ਜਾਣਕਾਰੀ ਸੰਖੇਪ ਅਤੇ ਸਹਿਜ ਰੂਪ ਵਿਚ ਹੀ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਇਲਾਵਾ ਰਵੀ ਦੇ ਵੱਖ-ਵੱਖ ਨਾਟਕਾਂ ਬਾਰੇ ਵਿਦਵਾਨਾਂ ਦੀ ਰਾਇ, ਟਿੱਪਣੀਆਂ ਅਤੇ ਅਖ਼ਬਾਰੀ ਰੀਵਿਊ ਵੀ ਪਾਠਕਾਂ ਦੇ ਰੂ-ਬਰੂ ਕੀਤੇ ਗਏ ਹਨ। ਰਵਿੰਦਰ ਰਵੀ ਕਿਉਂਕਿ ਅਜੋਕੇ ਸਮਿਆਂ ਦਾ ਇਕ ਵੱਡਾ ਨਾਂ ਹੈ ਇਸ ਕਰਕੇ ਉਸ ਦੀ ਸਾਹਿਤਕਾਰੀ ਉੱਤੇ ਹੋਏ ਖੋਜ-ਕਾਰਜਾਂ, ਉਸਦੀ ਸਮੁੱਚੀ ਸਿਰਜਣਾ ਅਤੇ ਇਨਾਮਾਂ ਸਨਮਾਨਾਂ ਅਤੇ ਪੁਰਸਕਾਰਾਂ ਦੇ ਵੇਰਵਿਆਂ ਤੋਂ ਇਲਾਵਾ ਉਸ ਦੇ ਜੀਵਨ ਅਤੇ ਰਚਨਾ ਬਾਰੇ ਵਿਸਤ੍ਰਿਤ ਜਾਣਕਾਰੀ ਇਸ ਵੱਡਆਕਾਰੀ ਪੁਸਤਕ ਵਿਚ ਸ਼ਾਮਲ ਹੈ।




**• ਸਰਦੂਲ ਸਿੰਘ ਔਜਲਾ**

# ਜੁਝਾਰਵਾਦੀ ਸਾਹਿਤ ਦਾ ਮੇਰੇ ’ਤੇ ਡੂੰਘਾ ਪ੍ਰਭਾਵ

## ਜਸਵਿੰਦਰ

ਰੂਬਰੂ



• ਕੁਲਦੀਪ ਸਿੰਘ ਬੰਗੀ

94174-07778

ਪੰਜਾਬੀ ਸਾਹਿਤ ਵਿਚ ਗ਼ਜ਼ਲ ਵਿਧਾ ਦਾ ਆਪਣਾ ਇਕ ਵੱਖਰਾ ਮੁਕਾਮ ਹੈ। ਪਿਛਲੇ ਕੁਝ ਵਰ੍ਹਿਆਂ ਤੋਂ ਗ਼ਜ਼ਲ ਦੇ ਖੇਤਰ ਵਿਚ ਆਏ ਸਮਰੱਥ ਕਵੀਆਂ ਨੇ ਇਸ ਸਿਨਫ਼ ਨੂੰ ਹੋਰ ਵਿਲੱਖਣ ਵਿਸਥਾਰ ਦਿੱਤਾ ਹੈ, ਜੋ ਰਸ਼ਕ ਕਰਨ ਯੋਗ ਹੈ, ਸਾਹਿਤ ਅਕਾਦਮੀ ਇਨਾਮ ਪ੍ਰਾਪਤ ਜਸਵਿੰਦਰ, ਪੰਜਾਬੀ ਗ਼ਜ਼ਲ ਦੀ ਇਕ ਮਾਣਮੱਤੀ ਪ੍ਰਾਪਤੀ ਦਾ ਨਾਂ ਹੈ। ਜਿਸ ਦੇ ਜ਼ਿਕਰ ਬਿਨਾਂ ਗ਼ਜ਼ਲ ਅਧੂਰੀ ਹੈ। ਪਿਛਲੇ ਦਿਨੀਂ ਜਸਵਿੰਦਰ ਨਾਲ ਰੂ-ਬ-ਰੂ ਹੋਣ ਦਾ ਮੌਕਾ ਮਿਲਿਆ ਪੇਸ਼ ਹੈ ਉਨ੍ਹਾਂ ਨਾਲ ਹੋਏ ਸਵਾਲ-ਜਵਾਬ।

**• ਆਪਣੇ ਪਰਿਵਾਰ ਤੇ ਪਿਛੋਕੜ ਬਾਰੇ ਜਾਣਕਾਰੀ ਦਿਓ।**

ਮੇਰਾ ਜਨਮ 15 ਦਸੰਬਰ, 1956 ਈਸਵੀ ਨੂੰ ਪਿੰਡ ਕਲਾਲ ਵਾਲਾ, ਤਹਿਸੀਲ ਤਲਵੰਡੀ ਸਾਬੋ , ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਅਸੀਂ ਪੰਜ ਭੈਣ ਭਰਾ ਹਾਂ ਜਿਸ ਵਿੱਚੋਂ ਤਿੰਨ ਭੈਣਾਂ ਤੇ ਅਸੀਂ ਦੋ ਭਰਾ ਹਾਂ।

**• ਆਪਣੀ ਵਿੱਦਿਅਕ ਯੋਗਤਾ ਅਤੇ ਨੌਕਰੀ ਬਾਰੇ ਵੀ ਜਾਣਕਾਰੀ ਦਿਓ।**

ਮੇਰੀ ਪ੍ਰਾਇਮਰੀ ਪੱਧਰ ਦੀ ਪੜ੍ਹਾਈ ਆਪਣੇ ਜੱਦੀ ਪਿੰਡ ਕਲਾਲ ਵਾਲਾ ਦੀ ਹੈ। ਫਿਰ ਨਜ਼ਦੀਕ ਪੈਂਦੇ ਪਿੰਡ ਨਥੇਹਾ ਤੋਂ ਨੌਵੀਂ ਤਕ ਦੀ ਪੜ੍ਹਾਈ ਕੀਤੀ ਤੇ ਦਸਵੀਂ ਜਮਾਤ ਬਲਬੀਰ ਸਕੂਲ ਫ਼ਰੀਦਕੋਟ ਤੋਂ ਪਾਸ ਕੀਤੀ। ਰੋੜੇ ਕਾਲਜ ਤੋਂ ਡਿਪਲੋਮਾ ਕਰ ਕੇ ਥਰਮਲ ਪਲਾਂਟ ਰੋਪੜ ਵਿਖੇ ਨੌਕਰੀ ਕੀਤੀ।

**• ਤੁਹਾਨੂੰ ਸਾਹਿਤ ਦੀ ਚੇਟਕ ਕਿਵੇਂ ਲੱਗੀ?**

ਅਸਲ ਵਿਚ ਸਾਹਿਤ ਦਾ ਬੀਜ ਮੇਰੇ ਅੰਦਰੋਂ ਹੀ ਪੁੰਗਰਿਆ। ਮੈਂ ਛੇਵੀਂ ਤੋਂ ਨੌਵੀਂ ਜਮਾਤ ਤਕ ਪਹੁੰਚਦੇ ਸਰਕਾਰੀ ਸਕੂਲ ਨਥੇਹਾ ਦੀ ਲਾਇਬ੍ਰੇਰੀ ਦੀਆਂ ਸਾਰੀਆਂ ਕਿਤਾਬਾਂ ਚਾਰ ਪੰਜ ਸੌ ਤਿੰਨ ਸਾਲਾਂ ਵਿਚ ਪੜ੍ਹ ਦਿੱਤੀਆਂ। ਇਸ ਤੋਂ ਇਲਾਵਾ ਕਿੱਸਾ ਕਾਵਿ, ਹੀਰ ਵਾਰਿਸ, ਜ਼ਿੰਦਗੀ ਬਿਲਾਸ ਆਦਿ ਰਸਾਲੇ ਨਿਰੰਤਰ ਪੜ੍ਹਦਾ ਰਿਹਾ ਹਾਂ।

**• ਤੁਹਾਡੇ ਪਰਿਵਾਰ ਵਿਚ ਵੀ ਸਾਹਿਤਕ ਮਾਹੌਲ ਸੀ?**

ਨਹੀਂ ਸਾਡਾ ਘਰੇਲੂ ਮਾਹੌਲ ਸਾਹਿਤਕ ਨਹੀਂ ਸੀ। ਪਿਤਾ ਖੇਤੀਬਾੜੀ ਕਰਦੇ ਸਨ ਪਰ ਮੇਰੇ ਤੋਂ ਪ੍ਰੇਰਿਤ ਹੋ ਕੇ ਮੇਰੀ ਇਕ ਭੈਣ ਜਗਦੀਪ ਕੌਰ ਬਰਾੜ ਕਵਿਤਾ ਲਿਖਣ ਲੱਗੀ। ਉਸ ਦੀ ਵੀ ਇਕ ਕਿਤਾਬ ਆਈ ਹੈ। ਮੇਰਾ ਛੋਟਾ ਭਰਾ ਗੁਰਦੀਪ ਵੀ ਅਮਰੀਕਾ ਸੈੱਟ ਹੈ ਤੇ ਮੇਰੇ ਤੋਂ ਪ੍ਰੇਰਿਤ ਹੋ ਕੇ ਕਵਿਤਾ ਤੇ ਗੀਤ ਲਿਖਦਾ ਹੈ। ਉੱਥੋਂ ਦੀਆਂ ਸਾਹਿਤ ਸਭਾਵਾਂ ਵਿਚ ਵੀ ਹਾਜ਼ਰੀ ਭਰਦਾ ਹੈ।

**• ਸਾਹਿਤਕ ਖੇਤਰ ਵਿਚ ਤੁਹਾਡਾ ਉਸਤਾਦ?**

ਸਾਹਿਤਕ ਖੇਤਰ ਵਿਚ ਕਿਤਾਬਾਂ ਹੀ ਮੇਰੀਆਂ ਉਸਤਾਦ ਤੇ ਰਾਹ ਦਸੇਰਾ ਹਨ। ਕਿਤਾਬਾਂ ਹੀ ਮੇਰੀਆਂ ਸੱਚੀਆਂ ਦੋਸਤ ਹਨ। ਮੇਰੀ ਸਾਹਿਤਕ ਦੋਸਤੀ ਦਾ ਦਾਇਰਾ ਵੀ ਬਹੁਤ ਜ਼ਿਆਦਾ ਲੰਮਾ ਚੌੜਾ ਨਹੀਂ ਹੈ। ਸਿਰਫ਼ ਕਿਤਾਬਾਂ ਹੀ ਮੇਰਾ ਮਾਰਗ ਦਰਸ਼ਕ ਹਨ।

**• ਤੁਹਾਡੀ ਲੇਖਣੀ ਤੇ ਕਿਸੇ ਖ਼ਾਸ ਸਾਹਿਤ ਦਾ ਪ੍ਰਭਾਵ?**

ਤੁਸੀਂ ਜਿਹੋ ਜਿਹਾ ਸਾਹਿਤ ਪੜ੍ਹਦੇ ਹੋ ਤੁਹਾਡੀ ਲੇਖਣੀ ਅਤੇ ਸ਼ਖ਼ਸੀਅਤ ਦਾ ਉਸ ਉੱਪਰ ਪ੍ਰਭਾਵ ਜ਼ਰੂਰ ਪੈਂਦਾ ਹੈ। ਮੇਰੇ ਉੱਪਰ ਵੀ ਇਹ ਪ੍ਰਭਾਵ ਹੈ। ਜੁਝਾਰਵਾਦੀ ਲਹਿਰ ਦੇ ਸਾਹਿਤ ਦਾ ਮੇਰੇ ’ਤੇ ਕਾਫ਼ੀ ਪ੍ਰਭਾਵ ਰਿਹਾ। ਸੰਤ ਰਾਮ ਉਦਾਸੀ, ਜਗਰੂਪ ਝੁਨੀਰ, ਨਿਰੰਜਨ ਸਿੰਘ ਨੂਰ, ਪ੍ਰਿੰਸੀਪਲ ਤਖ਼ਤ ਸਿੰਘ ਤੋਂ ਇਲਾਵਾ ਜਸਵੰਤ ਸਿੰਘ ਕੰਵਲ, ਈਸ਼ਵਰ ਚਿੱਤਰਕਾਰ, ਪ੍ਰੋਫੈਸਰ ਗੁਰਦਿਆਲ ਸਿੰਘ ਦੇ ਨਾਵਲ ਤੇ ਹੋਰ ਵੀ ਮੈਂ ਆਪਣੀ ਸਮਰੱਥਾ ਅਨੁਸਾਰ ਕਾਫ਼ੀ ਸਾਰਾ ਸਾਹਿਤ ਪੜ੍ਹਿਆ ਜਿਸ ਦਾ ਪ੍ਰਭਾਵ ਹੈ।

**• ਤੁਸੀਂ ਗ਼ਜ਼ਲ ਵਿਧਾ ਹੀ ਕਿਉਂ ਚੁਣੀ?**

ਸੀਮਤ ਸ਼ਬਦਾਂ ’ਚ ਵੱਡੀ ਗੱਲ ਕਰਨੀ ਮੇਰੇ ਦਿਲ ਨੂੰ ਟੁੰਬਦੀ ਹੈ ਜੋ ਗ਼ਜ਼ਲ ਵਿਧਾ ਵਿਚ ਹੀ ਕਹੀ ਜਾ ਸਕਦੀ ਹੈ। ਇਸ ਲਈ ਮੈਂ ਗ਼ਜ਼ਲ ਲਿਖਦਾ ਹਾਂ। ਨਮੂਨੇ ਵਜੋਂ ਕੁਝ ਸ਼ਿਅਰ :

*ਨਮੋਸ਼ੀ ਹਾਰ ਦੀ ਤੇ ਜਿੱਤ ਦਾ*
*ਹੰਕਾਰ ਲਾਹ ਦੇਈਏ*
*ਚਲੋ ਹੁਣ ਫਾਲਤੂ ਚੀਜ਼ਾਂ ਦਾ ਰੂਹ ਤੋਂ*
*ਭਾਰ ਲਾਹ ਦੇਈਏ*
*ਦੋ ਦਿਨ ਦੀ ਖ਼ੁਸ਼ੀ ਮਗਰੋਂ ਨੂੜਨਗੇ*
*ਬਦਨ ਤੇਰਾ*
*ਗੋਟਾ ਇਹ ਦੁਪੱਟੇ ਦਾ ਇਹ ਲੌਣ*
*ਗਰਾਰੇ ਦੀ*
*ਸਾੜ ਕੇ ਮੇਰਾ ਲਹੂ ਮਹਿਕਾਂ ਫ਼ਿਜ਼ਾ ਵਿਚ*
*ਵੰਡਦੀ*
*ਮੇਰੇ ਅੰਦਰ ਧੁਖ ਰਹੀ ਇਹ ਅਗਰਬੱਤੀ*
*ਕੌਣ ਹੈ*
*ਇੱਕ ਪਰਿੰਦਾ ਗੁਟਕਦਾ ਇੱਕਲਾਪੇ*
*ਨੂੰ ਤੋੜਦਾ*
*ਬਾਰੀ ਵਿਚ ਦੀ ਆ ਗਿਆ ਦਿਲਬਰ*
*ਅੱਧੀ ਰਾਤ ਨੂੰ*

**• ਤੁਹਾਡੀ ਇਨਾਮਾਂ ਬਾਰੇ ਕੀ ਰਾਇ ਹੈ? ਤੁਹਾਨੂੰ ਖ਼ੁਦ ਨੂੰ ਵੀ ਸਾਹਿਤ ਅਕਾਦਮੀ ਵੱਲੋਂ ਇਨਾਮ ਮਿਲਿਆ ਹੈ।**

ਕਿਸੇ ਲੇਖਕ ਨੂੰ ਕਿਸੇ ਸੰਸਥਾ ਵੱਲੋਂ ਇਨਾਮ ਮਿਲਣਾ ਚੰਗੀ ਗੱਲ ਹੈ। ਹਰੇਕ ਸੰਸਥਾ ਦੇ ਆਪਣੇ ਨਿਯਮ ਹਨ। ਉਨ੍ਹਾਂ ਦਾ ਆਪਣਾ ਮਿਆਰ ਹੁੰਦਾ ਹੈ ਪਰ ਮੈਂ ਕਿਸੇ ਇਨਾਮ ਮਿਲਣ ਵਾਲੇ ਲੇਖਕ ਨੂੰ ਵੱਖਰੀ ਨਜ਼ਰ ਨਾਲ ਨਹੀਂ ਵੇਖਦਾ। ਮੈਨੂੰ ਸਾਹਿਤ ਅਕਾਦਮੀ ਵੱਲੋਂ ਇਨਾਮ ਮਿਲਿਆ ਸੀ ਜਿਸ ਨੂੰ ਦੂਸਰੇ ਸਾਹਿਤਕਾਰਾਂ ਦੀ ਤਰ੍ਹਾਂ ਜ਼ੁਬਾਨਬੰਦੀ ਸਬੰਧੀ ਆਪਣਾ ਵਿਰੋਧ ਦਰਜ ਕਰਵਾਉਂਦੇ ਹੋਏ ਮੈਂ ਵੀ ਵਾਪਸ ਕਰ ਦਿੱਤਾ।



ਮੈਂ ਗਿਣਾਤਮਕ ਨਾਲੋਂ ਗੁਣਾਤਮਕ ਵਿਚ ਜ਼ਿਆਦਾ ਵਿਸ਼ਵਾਸ ਰੱਖਦਾ ਹਾਂ। ਮੇਰੀ ਲਿਖਣ ਪ੍ਰਕਿਰਿਆ ਧੀਮੀ ਚਾਲੇ ਹੈ ਪਰ ਨਿਰੰਤਰ ਹੈ...

**• ਆਪਣੀ ਲਿਖਣ ਤੇ ਛਪਣ ਪ੍ਰਕਿਰਿਆ ਬਾਰੇ ਜਾਣਕਾਰੀ ਦਿਓ।**

ਅਸਲ ’ਚ ਮੈਂ ਇਕ ਪਾਠਕ ਸੀ ਪਰ ਜਦ ਮੈਂ ਮੈਗਜ਼ੀਨ ਅਖ਼ਬਾਰਾਂ ’ਚ ਕਵਿਤਾਵਾਂ ਬਗੈਰਾ ਪੜ੍ਹਦਾ ਤਾਂ ਮੈਨੂੰ ਲੱਗਦਾ ਇਸ ਤੋਂ ਵਧੀਆ ਤਾਂ ਮੈਂ ਲਿਖ ਸਕਦਾ ਹਾਂ ਫਿਰ ਮੈਂ ਅਖ਼ਬਾਰਾਂ ਮੈਗਜ਼ੀਨਾਂ ਵਿਚ ਵੀ ਛਪਿਆ ਤੇ ਮੇਰੀ ਪਹਿਲੀ ਕਿਤਾਬ 1978 ਵਿੱਚ ਗੀਤਾਂ ਦੀ ‘ਕਾਫ਼ਲੇ’ ਨਾਂ ਹੇਠ ਛਪੀ। ਉਸ ਤੋਂ ਬਾਅਦ ਗੁਰਸ਼ਰਨ ਭਾਅ ਜੀ ਨੇ ‘ਲੇਖ ਸਿਆੜਾਂ’ ਨਾਂ ਹੇਠ ਕਿਤਾਬ ਛਾਪੀ ਜਿਸ ਵਿਚ ਗੀਤ ਅਤੇ ਗ਼ਜ਼ਲਾਂ ਸ਼ਾਮਿਲ ਸਨ। ਉਸ ਤੋਂ ਬਾਅਦ ਨਿਰੋਲ ਗ਼ਜ਼ਲ ਲਿਖਣ ਲੱਗਾ ਤੇ ਤਿੰਨ ਕਿਤਾਬਾਂ ਗ਼ਜ਼ਲ ਦੀਆਂ ਆਈਆਂ ਹਨ। ਪਹਿਲੀ ਕਿਤਾਬ ‘ਕਾਲੇ ਹਰਫ਼ਾਂ ਦੀ ਲੋਅ’ ਦੂਸਰੀ ‘ਕੱਕੀ ਰੇਤ ਦੇ ਵਰਕੇ’ ਤੀਸਰੀ ‘ਅਗਰਬੱਤੀ।’

**• ਸਾਹਿਤਕ ਸਭਾਵਾਂ ਸਬੰਧੀ ਤੁਹਾਡਾ ਕੀ ਨਜ਼ਰੀਆ?**

ਸਾਹਿਤਕ ਸਭਾਵਾਂ ਦਾ ਹੋਣਾ ਸਾਹਿਤ ਲਈ ਸ਼ੁੱਭ ਸ਼ਗਨ ਹੈ। ਜੇਕਰ ਉਹ ਆਪਣੇ ਖੇਤਰ ਵਿਚ ਉਸਾਰੂ ਭੂਮਿਕਾ ਨਿਭਾਉਂਦੀਆਂ ਹਨ ਚਾਹੇ ਉਹ ਇਕ ਸ਼ਹਿਰ ਵਿਚ ਕਿੰਨੀਆਂ ਵੀ ਕਿਉਂ ਨਾ ਹੋਣ।

**• ਸਾਹਿਤ ਸਿਰਜਣਾ ਤੋਂ ਇਲਾਵਾ ਤੁਹਾਡੀਆਂ ਹੋਰ ਗਤੀਵਿਧੀਆਂ?**

ਅਸਲ ਵਿਚ ਮੈਂ ਸਾਹਿਤ ਨਾਲ ਹੀ ਜੁੜਿਆ ਹੋਇਆ ਹਾਂ। ਕੁਝ ਨਾਟਕਾਂ ਤੇ ਟੈਲੀ ਫ਼ਿਲਮਾਂ ਦੇ ਗੀਤ ਵੀ ਮੇਰੇ ਵੱਲੋਂ ਲਿਖੇ ਗਏ ਹਨ ਜੋ ਇਕ ਵਧੀਆ ਤਜਰਬਾ ਰਿਹਾ। ਮੈਨੂੰ ਅੱਛਾ ਲੱਗਾ ਤੇ ਮਨ ਨੂੰ ਤਸੱਲੀ ਵੀ ਮਿਲੀ।

**• ਤੁਹਾਡੀ ਨਵੀਂ ਕਿਤਾਬ ਕਦੋਂ ਆ ਰਹੀ ਹੈ ਪਾਠਕਾਂ ਵਿਚ ਬੜੀ ਬੇਸਬਰੀ ਹੈ?**

ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜ੍ਹਕ ਦੇ ਨਾਲ। ਮੈਂ ਗਿਣਾਤਮਕ ਨਾਲੋਂ ਗੁਣਾਤਮਕ ਵਿਚ ਜ਼ਿਆਦਾ ਵਿਸ਼ਵਾਸ ਰੱਖਦਾ ਹਾਂ ਮੇਰੀ ਲਿਖਣ ਪ੍ਰਕਿਰਿਆ ਧੀਮੀ ਚਾਲ ਹੈ ਪਰ ਮੈਂ ਨਿਰੰਤਰ ਲਿਖ ਰਿਹਾ ਹਾਂ।

**• ਤੁਹਾਡੀ ਲੇਖਣ ਪ੍ਰਕਿਰਿਆ ਵਿਚ ਪਰਿਵਾਰ ਦਾ ਸਹਿਯੋਗ ਕਿਵੇਂ ਹੈ?**

ਪਰਿਵਾਰ ਵੱਲੋਂ ਪੂਰਾ ਸਹਿਯੋਗ ਹੈ। ਮੈਂ 2014 ਵਿਚ ਥਰਮਲ ਪਲਾਂਟ ਰੋਪੜ ਤੋਂ ਸੇਵਾ ਮੁਕਤ ਹੋਇਆਂ, ਮੇਰੀਆਂ ਦੋਨੋਂ ਬੇਟੀਆਂ, ਸਰੀ, ਕੈਨੇਡਾ ਸੈੱਟ ਹਨ। ਅੱਜ ਕੱਲ੍ਹ ਮੈਂ ਅਤੇ ਪਤਨੀ ਵੀ ਉਨ੍ਹਾਂ ਕੋਲ ਰਹਿ ਰਹੇ ਹਾਂ।

**• ਤੁਹਾਡੇ ਚਾਹੁੰਣ ਵਾਲੇ ਪਾਠਕਾਂ ਦਾ ਵਸੀਹ ਘੇਰਾ ਤਾਂ ਪੰਜਾਬ ਵਿਚ ਹੈ, ਪਰ ਤੁਸੀਂ ਪਰਵਾਸ ਕਰ ਗਏ ਅਜਿਹਾ ਕਿਉਂ?**

ਘਰੇਲੂ ਜ਼ਿੰਮੇਵਾਰੀਆਂ ਲਈ ਪਰਵਾਸ ਜ਼ਰੂਰੀ ਸੀ। ਸਾਡੀ ਬੱਚਿਆਂ ਨੂੰ ਜ਼ਰੂਰਤ ਸੀ ਜਿਸ ਕਰਕੇ ਕੈਨੇਡਾ ਜਾਣਾ ਲਾਜ਼ਮੀ ਹੋ ਗਿਆ। ਵੈਸੇ ਫਿਰ ਵੀ ਹਰ ਸਾਲ ਪੰਜਾਬ ਦਾ ਚੱਕਰ ਲਾਈਦਾ ਹੈ।

**• ਤੁਹਾਡੀਆਂ ਬੇਟੀਆਂ ਵਿੱਚੋਂ ਕੋਈ ਬੇਟੀ ਸਾਹਿਤਕ ਰੁਚੀ ਰੱਖਦੀ ਹੈ?**

ਮੇਰੀਆਂ ਬੇਟੀਆਂ ਤੇ ਪਤਨੀ ਮੇਰੀਆਂ ਕਿਤਾਬਾਂ ਜ਼ਰੂਰ ਪੜ੍ਹਦੀਆਂ ਤੇ ਪਸੰਦ ਕਰਦੀਆਂ ਹਨ। ਵੈਸੇ ਉਨ੍ਹਾਂ ਦਾ ਸਾਹਿਤ ਵੱਲ ਜ਼ਿਆਦਾ ਝੁਕਾਅ ਨਹੀਂ ਹੈ।

**• ਪਾਠਕਾਂ ਨੂੰ ਕੋਈ ਸੰਦੇਸ਼?**

ਮੈਂ ਪਾਠਕਾਂ ਨੂੰ ਸੰਦੇਸ਼ ਤਾਂ ਕੀ ਦੇ ਸਕਦਾ ਹਾਂ ਜੀ, ਸਲਾਹ ਦੇਵਾਂਗਾ ਕਿ ਵੱਧ ਤੋਂ ਵੱਧ ਸਾਹਿਤ ਨਾਲ ਜੁੜਨ। ਸਾਹਿਤ ਹੀ ਸਾਨੂੰ ਸੰਵੇਦਨਸ਼ੀਲਤਾ ਪ੍ਰਦਾਨ ਕਰਦਾ ਹੈ ਤੇ ਸਾਹਿਤ ਨਾਲ ਹੀ ਅਸੀਂ ਆਪਣੀ ਜ਼ਿੰਦਗੀ ਨੂੰ ਵਧੀਆ ਢੰਗ ਨਾਲ ਜੀਣ ਦੇ ਸਮਰੱਥ ਹੋ ਸਕਦੇ ਹਾਂ। •

# ਦਬੈਲ ਧਿਰ ਦੀ ਬਾਤ ਪਾਉਂਦੀ ਪੁਸਤਕ

## ਲੂਣਾ ਦੇ ਜਿਨਸੀ ਸਰੋਕਾਰ

• ਪਰਮਜੀਤ ਕੌਰ ਸਰਹਿੰਦ

98728-98599

‘ਲੂਣਾ ਦੇ ਜਿਨਸੀ ਸਰੋਕਾਰ’, (ਜਾਗੀਰਦਾਰੀ ਨਿਜ਼ਾਮ ਵਿਚ ਔਰਤ ਦੀ ਹੈਸੀਅਤ), ਡਾ. ਸਰਵਨ ਸਿੰਘ ਪਰਦੇਸੀ ਦੀ ਇਕ ਵੱਡਆਕਾਰੀ ਤੇ ਵੱਡਮੁੱਲੀ ਸਾਹਿਤਕ ਕਿਰਤ ਹੈ। ਉਨ੍ਹਾਂ ਆਪਣੇ ਵੱਲੋਂ ਲਿਖੇ ਮੁੱਢਲੇ ਸ਼ਬਦਾਂ ਵਿਚ ਹੀ ਦੱਸ ਦਿੱਤਾ ਹੈ ਕਿ ਕਿੱਸਾ ਜਾਗੀਰਦਾਰੀ ਨਿਜ਼ਾਮ ਦੀ ਪੈਦਾਵਾਰ ਹੈ। ਰਾਜੇ-ਮਹਾਰਾਜਿਆਂ ਨੇ ਆਪਣੇ ਮਨੋਰੰਜਨ ਲਈ ਕਾਲਪਨਿਕ ਜਾਂ ਪ੍ਰਚਲਿਤ ਪ੍ਰੇਮ ਕਥਾਵਾਂ ਲਿਖਵਾਈਆਂ ਇਨ੍ਹਾਂ ਵਿਚ ਹੋਰ ਜੋੜ-ਤੋੜ ਵੀ ਹੁੰਦੀ ਗਈ। ਮੁੱਖ ਤੌਰ ’ਤੇ ਕਿੱਸਿਆਂ ਵਿਚ ਪ੍ਰੇਮ ਕਹਾਣੀਆਂ ਦੀ ਭਰਮਾਰ ਹੈ ਪਰ ਕਾਦਰਯਾਰ ਨੇ ਪਹਿਲੀ ਵਾਰ ‘ਪੂਰਨ ਭਗਤ’ ਵਰਗਾ ਸਦਾਚਾਰਕ ਕਿੱਸਾ ਲਿਖ ਕੇ ਵਿਲੱਖਣ ਕੰਮ ਕੀਤਾ ਪਰ ਇਸ ਵਿਚਲੇ ਕਥਾ ਬਿਰਤਾਂਤ ਨੇ ਜਾਗੀਰਦਾਰੀ ਨਿਜ਼ਾਮ ਦੀ ਅੰਦਰਲੀ ਤਹਿ ਵਿਚਲੇ ਵਰਤਾਰੇ ਨੂੰ ਲੋਕਾਂ ਅੱਗੇ ਪ੍ਰਗਟ ਕਰ ਦਿੱਤਾ। ਲੇਖਕ ਅਨੁਸਾਰ ਲੂਣਾ ਤੇ ਪੂਰਨ ਦੇ ਦੁਖਾਂਤ ਦੀ ਅਸਲ ਜੜ੍ਹ ਜਾਗੀਰਦਾਰੀ ਨਿਜ਼ਾਮ ਹੈ।

ਰਾਣੀ ਇੱਛਰਾਂ ਜਾਗੀਰਦਾਰੀ ਨਿਜ਼ਾਮ ਦੀ ਮਾਰ ਕਾਰਨ ਆਪਣੇ ਪਤੀ ਨੂੰ ਦੂਜਾ ਵਿਆਹ ਕਰਨ ਤੋਂ ਨਹੀਂ ਰੋਕ ਸਕਦੀ ਆਪਣੇ ਮਾਸੂਮ ਪੁੱਤਰ ਪੂਰਨ ਨੂੰ ਪਤੀ ਰਾਜੇ ਸਲਵਾਨ ਵੱਲੋਂ ਭੋਰੇ ਪਾਉਣੋਂ ਨਹੀਂ ਵਰਜ ਸਕਦੀ ਅੱਗੋਂ ਪੂਰਨ ਪੁੱਤਰ ਇਸੇ ਨਿਜ਼ਾਮ ਦੇ ਅਧੀਨ ਹੈ ਜੋ ਇਸ ਦੇ ਪਾਏ ਪੂਰਨਿਆਂ ਤੋਂ ਪਿੱਛੇ ਨਹੀਂ ਹਟ ਸਕਦਾ। ਤੀਜੇ ਥਾਂ ਲੂਣਾ ਹੈ ਜਿਸ ਨੂੰ ਉਤਾਰ ਉਮਰੇ ਰਾਜਾ ਸਲਵਾਨ ਰਾਣੀ ਇੱਛਰਾਂ ਦੇ ਹੁੰਦਿਆਂ ਵਿਆਹ ਲਿਆਉਂਦਾ ਹੈ ਜੋ ਉਸਦੀ ਔਲਾਦ ਦੀ ਹਾਣੀ ਹੁੰਦੀ ਹੈ। ਸਲਵਾਨ ਕੇਵਲ ਜਰ ਤੇ ਸਮਾਜਕ ਜ਼ੋਰ ਸਦਕਾ ਕੇਵਲ ਆਪਣੇ ਮਨ ਦੀ ਮੌਜ ਲਈ ਆਪਣੀਆਂ ਇੱਛਾਵਾਂ ਦੀ ਅਮੁੱਕ ਭੁੱਖ ਦੀ ਪੂਰਤੀ ਲਈ ਲੂਣਾ ਨੂੰ ਵਿਆਹ ਲੈਂਦਾ ਹੈ।

ਇਸ ਸਾਰੇ ਕਿੱਸੇ ਦੇ ਦੁਖਾਂਤ ਦਾ ਕਾਰਨ ਮੂਲ ਰੂਪ ਵਿਚ ਹਾਕਮ ਧਿਰ ਯਾਨੀ ਕਿ ਰਾਜਾ ਸਲਵਾਨ ਜਾਂ ਸਮੁੱਚੀ ਵਿਵਸਥਾ ਹੈ। ਪੂਰਨ ਬਾਰ੍ਹਾਂ ਸਾਲ ਕੇਵਲ ਗੋਲੀਆਂ-ਚਾਕਰਾਂ ਦੀ ਦੇਖ-ਰੇਖ ਵਿਚ ਰਹਿੰਦਾ ਦੁਨੀਆਂ ਤੋਂ ਅਟੰਕ ਰਹਿੰਦਾ ਹੈ। ਜਦੋਂ ਬਾਹਰ ਆਉਂਦਾ ਹੈ ਤਾਂ ਮਾਂ ਇੱਛਰਾਂ ਤੇ ਲੂਣਾ ਨੂੰ ਮਿਲਦਾ ਹੈ। ਜੋ ਹਰਕਤ ਲੂਣਾ ਕਰਦੀ ਹੈ ਉਹ ਪੂਰਨ ਆਪਣੇ ਮਾਂ-ਪਿਓ ਜਾਂ ਕਿਸੇ ਨੂੰ ਵੀ ਦੱਸਣੋਂ ਸ਼ਾਇਦ ਇਸੇ ਸੋਚ ਅਧੀਨ ਰੁਕ ਜਾਂਦਾ ਹੈ ਕਿ ਇਹ ਅਣਹੋਣੀ ਕਿਵੇਂ ਬਿਆਨਾਂ ਕਿ ਮੇਰੀ ਮਾਂ ਲੂਣਾ ਨੇ ਮੇਰੇ ’ਤੇ ਮੈਲ਼ੀ ਨਜ਼ਰ ਰੱਖੀ ਜਦੋਂ ਕਿ ਲੂਣਾ ਝੂਠੀ ਤੁਹਮਤ ਲਾ ਕੇ ਇਹ ਦਾਅ ਖੇਡ ਕੇ ਉਸ ਨੂੰ ਮੌਤ ਦੀ ਸਜ਼ਾ ਦਿਵਾਉਂਦੀ ਹੈ।

ਲੇਖਕ ਅਨੁਸਾਰ ਕਾਦਰਯਾਰ ਇੱਥੇ ਲੂਣਾ ਦੇ ‘ਘਟੀਆ’ ਕਿਰਦਾਰ ਨੂੰ ਉਸ ਅੰਦਰਲੀ ਔਰਤ ਦੇ ਦੁਖਾਂਤ ਜਾਂ ਜਜ਼ਬਾਤ ਨਾਲ ਜੋੜਨ ਜਾਂ ਸਮਝਣ ਦੀ ਥਾਂ ਉਸ ਨੂੰ ਸਮਾਜ ਦੇ ਪੈਦਾ ਕੀਤੇ ਹੋਏ ਜਾਤ-ਪਾਤ ਪ੍ਰਬੰਧ ਦੇ ਸਭ ਤੋਂ ਨੀਵੇਂ ਦਰਜੇ ਨਾਲ ਜੋੜਦਾ ਹੈ। ਲੂਣਾ ਨਾਲ ਇਹ ਸਭ ਤੋਂ ਵੱਡੀ ਬੇਇਨਸਾਫ਼ੀ ਹੋਈ ਹੈ। ਮੁੱਢ ਕਦੀਮ ਤੋਂ ਲੂਣਾ ਨੂੰ ਨੀਵੇਂ ਥਾਂ ’ਤੇ ਰੱਖ ਕੇ ਹੀ ਸੋਚਿਆ-ਲਿਖਿਆ ਗਿਆ ਜੋ ‘ਉੱਚੇ ਥਾਂ ਵਾਲਿਆਂ’ ਉਸ ਨਾਲ ਕੀਤੀ ਉਸ ਨੂੰ ਅਣਗੌਲਿਆਂ ਹੀ ਰੱਖਿਆ। ਉਸ ਦੇ ਅੰਦਰ ਦੀ ਥਾਹ ਪਾਉਂਦਿਆਂ ਉਸ ਦੇ ਬੁਨਿਆਦੀ ਹੱਕਾਂ ਜਾਂ ਇੱਛਾਵਾਂ ਦੇ ਹੱਕ ਵਿਚ ਕਿਸੇ ਹਾਅ ਦਾ ਨਾਅਰਾ ਮਾਰਨ ਬਾਰੇ ਨਹੀਂ ਸੋਚਿਆ। ਬਦਲਦੇ ਸਮੇਂ ਨਾਲ ਇਹ ਸਵਾਲ ਉੱਠ ਰਿਹਾ ਹੈ। ਕਾਦਰਯਾਰ ਤੋਂ ਬਾਅਦ ਕਾਲੀਦਾਸ ਨੇ ਵੀ ਲੂਣਾ ਨੂੰ ਚਰਿੱਤਰਹੀਣ ਤੇ ਉਸ ਦੇ ਗੁਨਾਹ ਨੂੰ ਨਾਕਾਬਿਲੇ ਮਾਫ਼ੀ ਕਿਹਾ ਹੈ ਤੇ ਪ੍ਰੋ.ਪੂਰਨ ਸਿੰਘ ਆਪਣੀਆਂ ਲਿਖਤਾਂ ਵਿਚ ਉਨ੍ਹਾਂ ਦਾ ਹੀ ਸਮਰਥਨ ਕਰਦਾ ਹੈ। ਜਿੱਥੇ ਸ਼ਿਵ ਕੁਮਾਰ ਬਟਾਲਵੀ ਨੇ ਲੂਣਾ ਦੀਆਂ ਭਾਵਨਾਵਾਂ ਨੂੰ ਥੋੜ੍ਹਾ-ਬਹੁਤਾ ਸਮਝਿਆ ਹੈ ਉਹ ਵੀ ਉਸ ਨੂੰ ‘ਅੱਗ’ ਦਾ ਨਾਂ ਦੇ ਕੇ ਉਸੇ ਕਤਾਰ ਵਿਚ ਜਾ ਖੜ੍ਹਦਾ ਹੈ।

ਪੁਸਤਕ ਵਿਚ ਰਾਜਾ ਸਲਵਾਨ, ਰਾਣੀ ਇੱਛਰਾਂ, ਲੂਣਾ ਤੇ ਪੂਰਨ ਤੋਂ ਇਲਾਵਾ ਦੋ ਅਹਿਮ ਕਿਰਦਾਰ ਹਨ ਉਹ ਹਨ ਜੋਗ ਮਤ ਦਾ ਮੁਖੀ ਗੋਰਖ ਨਾਥ ਅਤੇ ਰਾਣੀ ਸੁੰਦਰਾਂ। ਪੁਸਤਕ ਵਿਚ ਦੱਸਿਆ ਗਿਆ ਹੈ ਕਿ ਜੋਗ ਮਤ ਵੀ ਰਜਵਾੜਾਸ਼ਾਹੀ ਦੀ ਘੁਟਨ ਤੋਂ ਬਾਗ਼ੀ ਹੋਏ ਲੋਕਾਂ ਦਾ ਸਮੂਹ ਸੀ ਜੋ ਜਥੇਬੰਦਕ ਰੂਪ ਵਿਚ ਉਸ ਦੇ ਖ਼ਿਲਾਫ਼ ਸੋਚਦੇ ਸਨ। ਗੋਰਖ ਨਾਥ ਉਸ ਸਮੇਂ ਦਾ ਵਿਰੋਧੀ ਧਿਰ ਦਾ ਸਿਰ ਕੱਢ ਆਗੂ ਹੋ ਨਿੱਬੜਦਾ ਹੈ।

ਕਿੱਸਿਆਂ ਅਨੁਸਾਰ ਜਦੋਂ ਪੂਰਨ ਨੂੰ ਕੱਟ-ਵੱਢ ਕੇ ਖੂਹ ਵਿਚ ਸੁੱਟਿਆ ਜਾਂਦਾ ਤੇ ਲੂਣਾ ਨੂੰ ਉਸ ਦੀ ਰੱਤ ਸਬੂਤ ਵੱਜੋਂ ਪੇਸ਼ ਕੀਤੀ ਜਾਂਦੀ ਹੈ ਉਹ ਪੂਰਨ ਨੂੰ ਮਰਿਆ ਸਮਝ ਲੈਂਦੇ ਹਨ। ਅਰਸੇ ਪਿੱਛੋਂ ਜਦੋਂ ਸਹਿਬਨ ਹੀ ਗੋਰਖ ਨਾਥ ਖੂਹ ਕੋਲੋਂ ਗੁਜ਼ਰਦਾ ਹੈ ਤਾਂ ਪੂਰਨ ਦੀ ਆਵਾਜ਼ ਸੁਣ ਕੇ ਉਸ ਨੂੰ ਉੱਥੋਂ ਕੱਢਦਾ ਹੈ ਤੇ ਪੂਰਨ ਉਸ ਦਾ ਹੀ ਹੋ ਕੇ ਰਹਿ ਜਾਂਦਾ ਹੈ ਅੱਗੋਂ ਜਾ ਕੇ ਉਸ ਦਾ ਪੈਰੋਕਾਰ ਬਣਦਾ ਹੈ। ਪੂਰਨ ਨਾਲ ਹੋਏ ਜ਼ੁਲਮ ਤੇ ਉਸ ਦੇ ਸੁਭਾਅ ਦੀ ਪੱਕਿਆਈ ਤੇ ਵਫ਼ਾਦਾਰੀ ਗੋਰਖ ਨਾਥ ਸਮਝਦਾ ਹੈ। ਪੂਰਨ ਜੋਗੀ ਬਣ ਜਾਂਦਾ ਹੈ। ਇੱਥੇ ਦੂਜਾ ਕਿਰਦਾਰ ਖ਼ੁਦਮੁਖ਼ਤਿਆਰ ਰਾਣੀ ਸੁੰਦਰਾਂ ਹੈ ਜੋ ਸੂਰਤ ਤੇ ਸੀਰਤ ਤੋਂ




ਬੇਹੱਦ ਸੁਹੱਪਣ ਦੀ ਮਾਲਕ ਹੈ ਉਸ ਨੂੰ ਕੋਈ ਆਮ ਮਰਦ ਪਸੰਦ ਨਹੀਂ ਆਉਂਦਾ ਉਹ ਮਰਦ ਦੇ ਮੱਥੇ ਹੀ ਨਹੀਂ ਲੱਗਦੀ ਇੱਥੋਂ ਤਕ ਕਿ ਜੋਗੀਆਂ ਤਕ ਨੂੰ ਭੀਖ ਵੀ ਆਪ ਨਹੀਂ ਪਾਉਂਦੀ। ਲੇਖਕ ਅਨੁਸਾਰ ਇੱਥੇ ਸੁੰਦਰਾਂ ਜੋਗੀਆਂ ਦੇ ਕਿਰਦਾਰ ਦੀ ਪਰਖ ਦਾ ਪੈਮਾਨਾ ਜਾਂ ਕਸਵੱਟੀ ਬਣ ਕੇ ਉੱਭਰਦੀ ਹੈ। ਜੋਗੀਆਂ ਦੇ ਕਿਰਦਾਰ ਦੀ ਉਸਾਰੀ ਗੁਰੂ ਗੋਰਖ ਨਾਥ ਕਰਦਾ ਹੈ ਤੇ ਜੋਗੀਆਂ ਦੀ ਪਰਖ ਦਾ ਪੈਮਾਨਾ ਗੋਰਖ ਦੇ ਟਿੱਲੇ ਤੇ ਜੋਗਮਤ ਦੀ ਜੂਹ ਤੋਂ ਬਾਹਰ ਹੈ। ਪੂਰਨ ਜੋਗੀ ਦੀ ਵਿਲੱਖਣਤਾ ਨੂੰ ਭਾਂਪਦਿਆਂ ਉਸ ਦੇ ਸੁਨੇਹੇ ਤੋਂ ਸੁੰਦਰਾਂ ਆਪ ਉਸ ਨੂੰ ਭਿੱਖਿਆ ਦੇਣ ਜਾਂਦੀ ਖ਼ੁਦ ਉਸ ਦੀ ਸਵਾਲੀ ਬਣ ਕੇ ਰਹਿ ਜਾਂਦੀ ਹੈ। ਦੂਜੀ ਵਾਰ ਫਿਰ ਗੋਰਖ ਨਾਥ, ਪੂਰਨ ਨੂੰ ਸੁੰਦਰਾਂ ਦੇ ਦਰ ’ਤੇ ਹੀਰੇ-ਮੋਤੀਆਂ ਦੀ ਭਿੱਖਿਆ ਵਾਪਸ ਕਰਨ ਭੇਜਦਾ ਤੇ ਆਮ ਭਿੱਖਿਆ ਖਾਣ-ਪੀਣ ਦੇ ਰੂਪ ਵਿਚ ਮੰਗਣ ਲਈ ਕਹਿੰਦਾ ਹੈ ਤੇ ਸੁੰਦਰਾਂ ਸਾਰੇ ਪਕਵਾਨ ਲੈ ਕੇ ਉਸ ਨਾਲ ਗੋਰਖ ਨਾਥ ਦੇ ਟਿੱਲੇ ’ਤੇ ਜਾਂਦੀ ਹੈ। ਗੋਰਖ ਨਾਥ ਸਾਰੀ ਗੱਲ ਸਮਝਦਾ ਹੈ। ਸੁੰਦਰਾਂ ਦੇ ਮੰਗਣ ’ਤੇ ਆਪਣੇ ਵਫ਼ਾਦਾਰ ਪਿਆਰੇ ਚੇਲੇ ਨੂੰ ਉਸ ਨਾਲ ਤੋਰ ਦਿੰਦਾ ਹੈ।

ਗੋਰਖ ਨਾਥ ਪੂਰਨ ਨੂੰ ਨਵਾਂ ਜੀਵਨ ਦਿੰਦਾ ਹੈ। ਜੀਵਨ ਦਾ ਫ਼ਲਸਫ਼ਾ ਸਿਖਾਉਂਦਾ ਹੈ ਪਰ ਉਹ ਚਾਹੁੰਦਾ ਹੈ ਪੂਰਨ ਮੁੜ ਆਪਣਾ ਨਵਾਂ ਜੀਵਨ ਸ਼ੁਰੂ ਕਰੇ। ਉਹ ਉਸ ਨੂੰ ਜੀਵਨ ਦੀ ਮੁੱਖ ਧਾਰਾ ਨਾਲੋਂ ਤੋੜਨਾ ਨਹੀਂ ਬਲਕਿ ਜੋੜਨਾ ਚਾਹੁੰਦਾ ਹੈ ਪਰ ਪੂਰਨ ਅਜਿਹੀ ਉੱਚੀ ਫ਼ਿਤਰਤ ਦਾ ਮਾਲਕ ਹੈ ਜੋ ਅਸਰ ਗਹਿਰ-ਗੰਭੀਰ ਹੋ ਕੇ ਕਬੂਲਦਾ ਹੈ ਉਸ ਨੂੰ ਤੋੜ ਨਿਭਾਉਂਦਾ ਹੈ। ਰਾਜੇ ਪਿਤਾ ਸਲਵਾਨ ਨਾਲ ਵਫ਼ਾਦਾਰੀ ਨਿਭਾਉਂਦਿਆਂ ਉਸ ਦਾ ਇਮਾਨ ਨਹੀਂ ਡੋਲਦਾ ਉਹ ਆਪਣੇ ਆਚਰਣ ਦੀ ਪ੍ਰਪੱਕਤਾ ਕਾਇਮ ਰੱਖਦਿਆਂ ਮਰਨ ਕਬੂਲ ਕਰਦਾ ਹੈ। ਜਦੋਂ ਉਹ ਗੋਰਖ ਨਾਥ ਦਾ ਚੇਲਾ ਬਣਦਾ ਹੈ ਤਾਂ ਵੀ ਆਚਰਣ ਦੀ ਪੱਕਿਆਈ ਨੂੰ ਸਾਬਤ-ਸਬੂਤ ਰੱਖਦਾ ਹੈ। ਪੂਰਨ ਦਾ ਕਿਰਦਾਰ ਮੁੱਢ ਤੋਂ ਹੀ ਨਿੱਗਰ ਰਹਿੰਦਾ ਹੈ। ਲੇਖਕ ਅਨੁਸਾਰ ਜਦੋਂ ਪੂਰਨ ਦੇ ਵਾਪਸ ਟਿੱਲੇ ’ਤੇ ਜਾਣ ਮਗਰੋਂ ਸੁੰਦਰਾਂ ਜਾਨ ਦੇ ਦਿੰਦੀ ਹੈ, ਮਹਿਲ ਤੋਂ ਛਾਲ ਮਾਰ ਦਿੰਦੀ ਹੈ ਤਾਂ ਗੋਰਖ ਨਾਥ ਬਹੁਤ ਉਦਾਸ ਹੁੰਦਾ ਹੈ। ਪੂਰਨ ਗ਼ਮਗੀਨ ਨਹੀਂ ਹੁੰਦਾ ਕਿਉਂਕਿ ਉਸਦੀ ਵਫ਼ਾਦਾਰੀ ਗੋਰਖ ਨਾਲ ਹੈ ਸੁੰਦਰਾਂ ਨਾਲ ਨਹੀਂ। ਗੋਰਖ ਨਾਥ ਕਹਿੰਦਾ ਹੈ “ਪੂਰਨਾ! ਸੁੰਦਰਾਂ ਦੀ ਜਾਨ ਤਾਂ ਤੂੰ ਲੈ ਹੀ ਲਈ ਹੈ, ਜਾਹ ਹੁਣ ਆਪਣੇ ਮਾਂ-ਬਾਪ ਨੂੰ ਮਿਲ ਆ! ਉਨ੍ਹਾਂ ਦਾ ਦਿਲ ਹੀ ਠੰਢਾ ਕਰ ਜਾ ਕੇ, ਹੋ ਸਕਦਾ ਹੈ ਇਸ ਤਰ੍ਹਾਂ ਤੇਰੇ ਮਨ ਨੂੰ ਵੀ ਚੈਨ ਆ ਜਾਵੇ” ਗੁਰੂ ਦਾ ਹੁਕਮ ਮੰਨ ਕੇ ਪੂਰਨ ਆਪਣੇ ਵਤਨ ਸਿਆਲਕੋਟ ਵੱਲ ਤੁਰ ਪੈਂਦਾ ਹੈ। ਹਰ ਅਗਨੀ ਪ੍ਰੀਖਿਆ ਵਿੱਚੋਂ ਸਾਬਤ ਨਿਕਲ ਆਉਣ ਵਾਲਾ ਪੂਰਨ ਅਸਲ ਵਿਚ ਪੂਰਨ ਮਨੁੱਖ ਜਾਪਦਾ ਹੈ ਜੋ ਹਰ ਔਖੇ-ਬਿਖੜੇ ਪੈਂਡੇ ’ਤੇ ਅਡੋਲ ਤੁਰਦਾ ਜਾਂਦਾ ਹੈ। ਭਗਤ ਪੂਰਨ ਨਾਇਕ ਬਣ ਕੇ ਉੱਭਰਿਆ ਹੈ।

ਯੂਨੀਸਟਾਰ ਬੁਕਸ ਮੋਹਾਲੀ ਵਲੋਂ ਪ੍ਰਕਾਸ਼ਤ ਇਸ ਪੁਸਤਕ ਦੀ ਕੀਮਤ 495 ਰੁਪਏ ਹੈ। ਡਾ. ਪਰਦੇਸੀ ਧੰਨਵਾਦ ਤੇ ਮੁਬਾਰਕ ਦੇ ਹੱਕਦਾਰ ਹਨ। •

# ਵਿਗਿਆਨਕ ਗਲਪ ਦੀ ਪੱਕੀ ਪੈੜ ਰੰਗ ਦੀ ਬਾਜ਼ੀ

• ਜਸਬੀਰ ਕਲਸੀ

81468-13291


ਚੌਥੀ ਪੀੜ੍ਹੀ ਦਾ ਪ੍ਰਤੀਬੱਧ ਅਤੇ ਪ੍ਰਤੀਨਿੱਧ ਕਹਾਣੀਕਾਰ ਅਜਮੇਰ ਸਿੱਧੂ ਦੋ ਦਹਾਕਿਆਂ ਦੌਰਾਨ ਪੰਜਾਬੀ ਕਹਾਣੀ ਨੂੰ ਵਿਭਿੰਨਤਾ ਦੇ ਪੱਖੋਂ ਅਮੀਰ ਕਰ ਰਿਹਾ ਹੈ। ਹੁਣ ਉਸ ਦਾ ਨਵ-ਪ੍ਰਕਾਸ਼ਿਤ ਕਹਾਣੀ ਸੰਗ੍ਰਹਿ ‘ਰੰਗ ਦੀ ਬਾਜ਼ੀ’ ਰਾਹੀਂ ਇਕ ਨਵੀਂ ਸ਼ਾਖ ‘ਵਿਗਿਆਨਕ ਕਲਪਨਾ ਦੇ ਗਲਪ ਤਕ ਪਹੁੰਚ’ ਲੈ ਕੇ ਹਾਜ਼ਰ ਹੈ :

ਕਹਾਣੀ ‘ਕਿਊਟਾ ਕਿਊਟਾ ਤਾਰੇ ਤਾਰੇ’ ਰੋਮਨ ਸਟਾਕਰ ਅਤੇ ਸਾਥੀ ਵਿਗਿਆਨੀ ਨੇ ਅੱਧੀ ਰਾਤ ਤਕ ਪ੍ਰਯੋਗਸ਼ਾਲਾ ਵਿਚ ਪਾਲਤੂ ਜਾਨਵਰ ਬਿੱਲੀ ਅਤੇ ਕੁੱਤੇ ਦੇ ਵੱਖ-ਵੱਖ ਢੰਗ ਤਰੀਕੇ ਨਾਲ ਤਰਲ ਪੀਣ ਬਾਰੇ ਖੋਜ ਕਰ ਸਿਧਾਂਤ ਲੱਭਿਆ, ਜੋ ਵਾਰਤਕ ਸ਼ੈਲੀ ਵਿਚ ਕਹਾਣੀ ਤੇ ਵਾਰਤਕ ਦਾ ਸੁਮਿਸ਼ਰਣ ਹੈ। ਇਸ ਬੰਦ ਅੰਤ ਵਾਲੀ ਰਚਨ ਦਾ ਵਿਚਲਾ ਹਿੱਸਾ ਕੁਝ ਕੁ ਬੀਤੇ ਸਮੇਂ ਦਾ ਤੇ ਬਾਕੀ ਵਰਤਮਾਨ ਹੈ।

‘ਅੰਨ੍ਹੇ ਸੁਜਾਖੇ’ ਦਾ ਡਾ. ਏ.ਐਸ. ਬਾਠ ਮੂਲ ਰੂਪ ਪੰਜਾਬੀ ਹੈ। ਵਿਦੇਸ਼ ਵਿਚ ‘ਡੌਲੀ’ ਨਾਂ ਦੀ ਭੇਡ ਦਾ ਕਲੋਨ ਤਿਆਰ ਕਰਨ ਵਾਲੀ ਟੀਮ ਵਿਚ ਕੰਮ ਕਰ ਰਿਟਾਇਰਮੈਂਟ ਤੋਂ ਬਾਅਦ ਪੰਜਾਬ ਵਿਚ ਪ੍ਰਯੋਗਸ਼ਾਲਾ ਬਣਾ ਕੇ ਆਲੇ ਦੁਆਲੇ ਦੇ ਲੋਕਾਂ ਨਾਲ ਜੁੜਦਾ ਹੈ। ਪਰ ਲੋਕ ਉਸ ਦੀਆਂ ਪ੍ਰਯੋਗੀ ਕਹਾਣੀਆਂ ਸੁਣ ਕੇ ਗੱਪਾਂ ਛੱਡੀ ਜਾਂਦੇ, ਮਨਮੁਖ ਬੰਦਾ, ਕੂੜ ਪ੍ਰਚਾਰ ਕਰਨ ਵਾਲਾ ਤੇ ਇਹ ਗੱਲਾਂ ਹੋ ਨਹੀਂ ਸਕਦੀਆਂ ਕਹਿੰਦੇ ਹਨ। ਅੰਤ ਡਾ. ਨੂੰ ਉਹੀ ਸਮੁੰਦਰ ਉੱਤੇ ਬਣੇ ਸ਼ਹਿਰ ਵਾਲੀ ਗੱਲ ਯਾਦ ਆਈ ਤਾਂ ਅੱਖਾਂ ਕਿਤਾਬਾਂ ਦੇ ਰੈਕ ਵੱਲ ਗਈਆਂ ਤਾਂ ਕਹਾਣੀ ਦਾ ਕੌਨਟਰੀ ਆਫ ਬਲਾਈਂਡ ਯਾਦ ਆਈ ਤਾਂ ਉਹ ਸਕਾਟਲੈਂਡ ਵਾਪਸ ਪਰਤ ਜਾਣ ਦਾ ਫ਼ੈਸਲਾ ਕਰ ਲੈਂਦਾ ਹੈ ਵਿਗਿਆਨਕ ਜਾਣਕਾਰੀ ਬਣ ਉਭਰਦੀ ਕਹਾਣੀ ਆਦਿ ਬੰਦ ਅੰਤ ਵਾਲੀ ਹੈ।

‘ਦਿ ਲੈਨਿਨਜ਼ ਫਰੌਮ ਕਲੋਨ ਵੈਲੀ’ ਕਹਾਣੀ ‘ਵਿਗਿਆਨੀਆਂ ਨੂੰ ਮਿਲੀ ਮਨੁੱਖੀ ਕਲੋਨ ਬਣਾਉਣ ਦੀ ਇਜਾਜ਼ਤ ’ ਖ਼ਬਰ ਨਾਲ ਸ਼ੁਰੂ ਹੋ 25 ਜਨਵਰੀ 2021 ਦੀ ਪੱਟੀ ਵਿਖਾਉਂਦੀ ਨੂੰ ਵੇਖ ਰਹੇ ਪਾਤਰ ਨੇ ਅੱਗੇ ਕੰਪਿਊਟਰ ਚਲਾ ਕੇ ਕਈ ਸਾਈਟਾਂ ਵੇਖੀਆਂ ਤੋਂ 2002, 1997, 1996 ਅਤੇ 2001 ਦੇ ਕਲੋਨ ਦੀ ਖੋਜ ਵੇਖਦਿਆਂ ਪਾਤਰ ‘ਬਲੈਕ ਸ਼ੀਪ’ ਨਾਂ ਦੀ ਕਵਿਤਾ ਯਾਦ ਆਉਣ ਤੇ ਬਚਪਨ ਵਿਚ ਚਲਾ ਜਾਂਦਾ ਹੈ ਤਾਂ ਪਿਛਲਝਾਤ ਰਾਹੀਂ ਪਾਤਰ ਦਾ ਸੰਖੇਪ ਪਿਛੋਕੜ ਅਤੇ ਪਾਤਰ ਦੀ ਨਿਗ੍ਹਾ ਜ਼ਰੀਏ ਸੁਰਤੀ ਕੰਧਾਂ ’ਤੇ ਲੱਗੇ ਪੋਸਟਰਾਂ ਉੱਤੇ ਜੰਮਦੀ ਹੈ। ਮੁੜ ਵਰਤਮਾਨ ਕੰਪਿਊਟਰ ਚਲਦਾ ਹੈ, ਡੈਸਕਟੌਪ ’ਤੇ ਲੱਗੀ ਦੂਜੇ ਪਾਤਰ ਦੇ ਚਿਹਰੇ ਦੀ ਤਸਵੀਰ ਰਾਹੀਂ ਸੁਰਤੀ ਮੁੜ ਪਿਛਲੇ ਸਮੇਂ ਵਿਚ ਮਾਸਕੋ ਯੂਨੀਵਰਸਿਟੀ ਦੀ 2014 ਪੜ੍ਹਾਈ ਸਮੇਂ ਦੀ ਰਾਜਨੀਤਿਕ ਤਬਦੀਲੀ ਆਦਿ ਦੀ ਸੂਚਨਾ ਹੈ। ਮਾਸਕੋ ਤੋਂ ਅੱਗੇ ਸਕਾਟਲੈਂਡ ਵਿਖੇ ਪੜ੍ਹਾਈ ਤੇ 2018 ਵਿਚ ਭਾਰਤ ਵਾਪਸੀ ਦੀ ਸੂਚਨਾ ਹੈ। ਇੰਡੀਅਨ ਰੈਵੋਲਿਊਸ਼ਨਰੀ ਪਾਰਟੀ ਵਿਚ ਕੰਮ ਕਰਨ ਦੇ ਵੇਰਵੇ ਲੈਨਿਨ ਦੇ ਸਰੀਰ ਦੀ ਸੰਭਾਲ ਦੇ ਜ਼ਿਕਰ ਤੋਂ ਅੱਗੇ ਇਨ੍ਹਾਂ ਪਾਤਰਾਂ ਦੁਆਰਾ ਖੋਜਾਂ ਕਰਨ ਦੇ ਵੇਰਵੇ ਹਨ। 2021, 2025, 2030 ਤੇ 2057 ਦੀਆਂ ਮਿਤੀਆਂ ਦੇ ਸਿਰਲੇਖ ਹੇਠ ਲੈਨਿਨ ਦਾ ਕਲੋਨ ਤਿਆਰ ਕਰਨ ਦੀ ਕਹਾਣੀ ਭਾਰਤ ਵਿਚ ਕ੍ਰਾਂਤੀ ਦੀ ਯੋਜਨਾ ਹੈ ਪਰ ਬਣਾਏ ਕਲੋਨ ਦੇ ਵਾਰਿਸ ਬੱਚਿਆਂ ਦਾ ਸੰਤੁਲਿਤ ਜਨਮ ਸੰਭਵ ਨਾ ਹੋਣ ਦੇ ਕਾਰਨ ਦੀ ਕਹਾਣੀ ਬਹੁਤ ਰੌਚਿਕ ਪਿਛਲਝਾਤ ਜੁਗਤਾਂ ਨਾਲ ਸਬੰਧਤ ਸੰਭਾਵਨਾਵਾਂ ਭਰਪੂਰ ਯਥਾਰਥ ਜ਼ਰੀਏ ਭਾਰਤ ਦੀ ਕਮਿਊਨਿਸਟ ਪਾਰਟੀ ਦਾ ਸੰਸਾਰ ਦੇ ਸੰਦਰਭ ਵਿਚ ਵਿਸ਼ਲੇਸ਼ਣ ਵਾਲੀ ਕਹਾਣੀ ਹੈ।

‘ਮੈਂ ਮਾਂ’ ਇਕ ਬੱਚੇ ਦੀਆਂ ਦੋ ਮਾਵਾਂ ਹਨ। ਇਸ ਗੁੰਝਲ ਦੇ ਪਿਛੋਕੜ ਨੂੰ ਪਿਛਲਝਾਤ ਰਾਹੀਂ, ਇਕ ਮਾਂ-ਪਿਉ ਪੈਸੇ ਵੱਲੋਂ ਅਮੀਰ ਪਰ ਬੱਚੇ ਦੀ ਘਾਟ ਸੀ। ਦੂਜੇ ਮਾਂ-ਪਿਉ ਦੇ ਤਿੰਨ ਬੇਟੀਆਂ ਸਨ ਕਿ ਪਿਉ ਕਾਰੋਬਾਰ ਦੇ ਘਾਟੇ ਕਾਰਨ ਗ਼ਰੀਬ ਹੋਇਆ ਕਿ ਬੇਟੀਆਂ ਦੀ ਉਚੇਰੀ ਸਿੱਖਿਆ ਦਾ ਪਿਉ ਦਾ ਸੁਪਨਾ ਟੁੱਟ ਗਿਆ, ਫਿਰ ਪਿਉ ਦੀ ਤਾਂ ਐਕਸੀਡੈਂਟ ਵਿਚ ਮੌਤ ਵੀ ਹੋ ਗਈ। ਇਕ ਬੇਟੀ ਨੇ ਪਿਉ ਦਾ ਸੁਪਨਾ ਪੂਰਾ ਕਰਨ ਲਈ ਭਾਰਤ ਆਏ ਅਮਰੀਕਨ ਗੋਰੇ ਅਮੀਰ ਮਾਂ ਪਿਉ ਵੱਲੋਂ ਔਲਾਦ ਲਈ ਇਕ ਸਰਰੋਗੇਟ ਮਦਰ ਭਾਵ ਕਿਰਾਏ ਉੱਤੇ ਕੁੱਖ ਦੇਣ ਵਾਲੀ ਮਾਂ ਬਣ ਗਈ ਸੀ, ਇਸ ਕਿਰਾਏ ਦੀ ਕੁੱਖ ਨੇ ਅਧੂਰੀ ਪੜ੍ਹਾਈ ਪੂਰੀ ਕਰਾਈ। ਅਮਰੀਕਾ ਵਿਚ ਨੌਕਰੀ ਦਿਵਾਈ। ਮੈਰਿਜ਼ ਲਾਈਫ਼ ਮਿਲੀ ਪਰ ਦਸ ਸਾਲ ਬੱਚਾ ਨਾ ਜੰਮਣ ਦੀ ਸ਼ਰਤ ਜ਼ਰੀਏ ਤਰੱਕੀ ਲਈ। ਇੰਨੇ ਲੰਮੇ ਸਮੇਂ ਵਿਚਕਾਰ ਪਤੀ ਵੀ ਸਾਥ ਛੱਡ ਗਿਆ। ਸਮਾਂ ਲੰਘ ਚੁੱਕਾ ਹੋਣ ਕਰਕੇ ਤੇ ਅਬੌਰਸ਼ਨ ਕਰਵਾਉਣ ਕਰਕੇ ਆਪਣੇ ਬੱਚੇ ਨੂੰ ਜਨਮ ਦੇਣ ਦਾ ਮੌਕਾ ਖ਼ਤਮ ਹੋ ਗਿਆ ਤਾਂ ਜਿਸ ਮਾਂ ਨੂੰ, ਭੈਣਾਂ ਨੂੰ ਸਹਾਰਾ ਦਿੱਤਾ ਅੰਤ ਉਹ ਵੀ ਦੂਰ ਹੋ ਗਈਆਂ ਸਨ। ਕਿਰਾਏ ਦੀ ਕੁੱਖ ਜ਼ਰੀਏ ਪੈਦਾ ਕਰਕੇ ਗੋਰੇ ਜੋੜੇ ਨੂੰ ਦਿੱਤੇ ਬੱਚੇ ਉੱਤੇ ਚੌਵੀ ਸਾਲ ਬਾਅਦ ਮੁੜ ਮਿਲਣ ਤੇ ਕੋਰਟ ਰਾਹੀਂ ਮਾਂ ਦਾ ਹੱਕ ਲੈਣ ਦੇ ਕੇਸ ਵਿਚ ਸ਼ਾਮਲ ਹੋਈ ਤੇ ਫ਼ੈਸਲਾ ਸੁਣਿਆ, ‘ਬੱਚੇ ਦੀਆਂ ਖ਼ੁਸ਼ੀਆਂ ਵਿਚ ਰੁਕਾਵਟ ਨਾ ਪਾਵੇ ਤੇ ਆਪਣੀ ਮਮਤਾ




ਦੀ ਪੂਰਤੀ ਲਈ ਕੋਈ ਅਲਟਰਨੇਟਿਵ ਦੇਖੇ।’ ਪਿਛਲਝਾਤ ਜ਼ਰੀਏ ਪੇਸ਼ ਕਹਾਣੀ ਅੱਤ ਸੰਵੇਦਨਸ਼ੀਲਤਾ ਤੇ ਡਾਕਟਰੀ ਵਿਗਿਆਨ ਦੀਆਂ ਖੋਜਾਂ ਅਤੇ ਕੁਦਰਤੀ ਜੀਵਨ ਨੂੰ ਮੁੱਖ ਕਰਕੇ ਨਵ ਯਥਾਰਥ ਦੀ ਵਿਲੱਖਣਤਾ ਬੰਦ ਅੰਤ ਤੋਂ ਖੁੱਲ੍ਹੇ ਅੰਤ ਦਾ ਪ੍ਰਸ਼ਨ ਦੇ ਕੇ ਖ਼ਤਮ ਹੁੰਦੀ ਹੈ।

ਉਪਰੋਕਤ ਚਾਰ ਗਲਪ ਕਹਾਣੀਆਂ ਤੋਂ ਇਲਾਵਾ ਸਮਕਾਲ ਦੇ ਸਮਾਜਿਕ ਸਰੋਕਾਰਾਂ ਦੇ ਗੂੜ੍ਹੇ-ਫਿੱਕੇ ਰੰਗਾਂ ਦੀ ਪੇਸ਼ਕਾਰੀ ਕਰਦੀ ‘ਰੰਗ ਦੀ ਬਾਜ਼ੀ ’ ਯਾਰ ਮਾਰ ਦੀ ਕਹਾਣੀ ਹੈ। ਸਕੂਲ ਅਧਿਆਪਕ ਵਰਗ ਵਿਚ ਪ੍ਰਤੀਬੱਧ ਅਤੇ ਚਾਪਲੂਸ ਮਨੁੱਖੀ ਸੁਭਾਅ ਵਿੱਚੋਂ ਭ੍ਰਿਸ਼ਟ ਢੰਗ ਨਾਲ਼ ਚਾਪਲੂਸ ਪਾਸ ਹੈ। ਅਖੀਰ ਸਟੇਟ ਐਵਾਰਡ ਚਾਪਲੂਸ ਲੈ ਜਾਂਦਾ ਹੈ।

‘ਕੁਰੁਕਸ਼ੇਤਰ ਤੋਂ ਪਾਰ’ ਪੰਜਾਬ ’84 ਦੇ ਨਜਾਇਜ਼ ਫਸਾਏ ਤੇ ਦੋ ਨੰਬਰ ਵਿਚ ਵਿਦੇਸ਼ ਪਹੁੰਚੇ, 13-14 ਸਾਲ ਸੰਘਰਸ਼ਸ਼ੀਲ ਗੁਜ਼ਾਰਦਿਆਂ ਪਿੱਛੇ ਨੂੰਹ-ਸਹੁਰੇ ਦੀਆਂ ਬੁਰੀਆਂ ਆਦਤਾਂ ਦੀਆਂ ਖ਼ਬਰਾਂ ਨੇ ਇੰਡੀਆ ਲੈ ਆਂਦਾ।

‘ਲਿਫ਼ੀ ਲਗਰ ਦੇ ਫੁੱਲ’ ਦਸਵੀਂ ਜਮਾਤ ਦੀ ਟੀਨ ਏਜਰ ਕੁੜੀ ਦੀ ਵਰਤਮਾਨ ਮਾਨਸਿਕਤਾ ਤੋਂ ਬੀਤ ਚੁੱਕੇ ਰਾਹੀਂ ਮੁੜ ਵਰਤਮਾਨ ਰਾਹੀਂ ਕਿਰਾਏਦਾਰ ਮਾਪੇ ਮੁੰਡੇ ਦੇ ਕੱਪੜੇ, ਸਾਈਕਲ ਆਦਿ ਦੀ ਪਹਿਲਾ ਵਰਤੋਂ ਤੋਂ ਬਾਅਦ ਦੂਸਰੇ ਬੱਚੇ ਕੁੜੀ ਨੂੰ ਵਰਤਣ ਲਈ ਦਿੰਦੇ ਹਨ। ਪਰ ਉਹ ਖ਼ੁਸ਼ ਹਨ। ਇਸ ਬਾਰੇ ਮਕਾਨ ਮਾਲਕ ਕੁੜੀ ਕਿਰਾਏਦਾਰ ਅੰਕਲ ਨਾਲ ਵਿਚਾਰ ਵੀ ਸਾਂਝੇ ਕਰਦੀ ਹੈ। ਪਰ ਉਹ ਕੁੜੀ ਸਮਝ ਜਾਂਦੀ ਹੈ ਤੇ ਆਪਣੇ ਭਰਾ ਦੇ ਪਹਿਨਣ ਤੋਂ ਬਾਅਦ ਮਿਲਦੇ ਕੱਪੜੇ ਪਾਉਣ ਤੋਂ ਇਨਕਾਰ ਨਹੀਂ ਕਰਨਾ ਬਲਕਿ ਘਰ ਦੇ ਗੇਟ ਉੱਤੇ ਪਿਉ ਅਤੇ ਭਰਾ ਦੇ ਨਾਂ ਦੀ ਨੇਮ ਪਲੇਟ ਵਿਚ ਜੋੜ-ਤੋੜ ਕਰ ਕੇ ਭਰਾ ਅਤੇ ਭੈਣ ਦਾ ਸਾਂਝਾ ਨਾਂ ਲਿਖ ਦਿੰਦੀ ਹੈ। ਪਿਛਲਝਾਤ ਨੇ ਖੁੱਲ੍ਹੇ ਅੰਤ ਰਾਹੀਂ ਕੁੜੀ ਮੁੰਡਾ ਬਰਾਬਰ ਹਨ ਜਾਂ ਨਹੀਂ ਪ੍ਰਸ਼ਨ ਉਭਾਰਿਆ ਹੈ।

‘ਜ਼ਖ਼ਮੀ ਖੰਭਾਂ ਦੀ ਫੜਫੜਾਹਟ’ ਸ਼ਹਿਰੀ ਵਿਅਕਤੀ ਦੀ ਐਕਸੀਡੈਂਟ ਜ਼ਰੀਏ ਇਕੱਲਤਾ ਪਤਨੀ ਵੱਲੋਂ ਭਰਾ ਦੇ ਵਿਆਹ ਵਿਚ ਸ਼ਮੂਲੀਅਤ ਕਰਕੇ ਤੇ ਦੂਸਰੀ ਸਵੇਰ ਨੂੰ ਪਿੰਡ ਤੋਂ ਭਰਾ ਦੇ ਆ ਜਾਣ ਤੋਂ ਮਰਦਾਨਗੀ ਮਾਨਸਿਕਤਾ ਵਿਰੋਧੀ-ਜੁੱਟ ਦਾ ਯਥਾਰਥ ਖੁੱਲ੍ਹੇ ਅੰਤ ਵਾਲਾ ਹੈ। ਅਜਮੇਰ ਸਿੱਧੂ ਨੇ ਆਧੁਨਿਕ ਪੰਜਾਬੀ ਬਿਰਤਾਂਤ ਨੂੰ ਨਵ-ਪੂੰਜੀਵਾਦੀ ਤੇ ਵਿਗਿਆਨਕ ਯੁੱਗ-ਵਿਸ਼ੇਸ਼ ਦੇ ਸੁਭਾਅ ਅਨੁਕੂਲ ਗਲਪੀ-ਵਾਰਤਕ ਦੇ ਮਾਧਿਅਮ ਰਾਹੀਂ ਜਟਿਲ ਸੰਰਚਨਾ ਵਾਲਾ ਬਣਾਉਂਦਿਆਂ ਆਪਣਾ ਨਿਵੇਕਲਾ ਕਥਾ-ਮਾਡਲ ਉਸਾਰਿਆ ਹੈ। ਉਸ ਨੇ ਵਿਗਿਆਨਕ ਖੋਜਾਂ ਦੇ ਰਾਹ ਟੁਰੇ ਲੋਕਾਂ ਦੀ ਜਟਿਲ ਅਵਸਥਾ ਨੂੰ ਆਪਣੇ ਕਥਾ-ਬਿਰਤਾਂਤ ਵਿਚ ਪੇਸ਼ ਕੀਤਾ ਹੈ। ਅਜਮੇਰ ਦੀ ਪੁਸਤਕ ਤਰਕਭਾਰਤੀ ਪ੍ਰਕਾਸ਼ਨ ਬਰਨਾਲਾ ਵਲੋਂ ਪ੍ਰਕਾਸ਼ਤ ਕੀਤੀ ਗਈ ਹੈ। ਇਸ ਜ਼ਰੀਏ ਪਾਠਕ ਦੀ ਵਿਗਿਆਨਕ ਕਲਪਨਾ ਦੇ ਗਲਪ ਤਕ ਪਹੁੰਚ ਹੋਈ ਹੈ। ਇਹ ਪਹੁੰਚ ਉਸ ਦੀ ਕਥਾ-ਰਚਨਾ ਦਾ ਵਿਸ਼ੇਸ਼ ਹਾਸਿਲ ਹੈ। ਪੰਜਾਬੀ ਸਾਹਿਤ ਵਿਚ ਵਿਗਿਆਨਕ ਗਲਪ ਦੀ ਪੱਕੀ ਪੈੜ ਦੇ ਨਿਸ਼ਾਨ ਅਜਮੇਰ ਸਿੱਧੂ ਦੀ ਗਲਪ ਚੇਤਨਾ ਰਾਹੀਂ ਪੇਸ਼ ਹੋ ਕੇ ਇਤਿਹਾਸਕ ਅਤੇ ਨਿਵੇਕਲੀ ਪਛਾਣ ਵਜੋਂ ਦਰਜ ਹੋਣਗੇ। •

## ਪੁਸਤਕ ਚਰਚਾ

ਮੋਹਨ ਗਿੱਲ ਦੀ ਵਿਚਾਰ ਚਰਚਾ ਅਧੀਨ ਪੁਸਤਕ ਵਿਚ ਉਸ ਨੇ 86 ਕਵਿਤਾਵਾਂ 15 ਟੱਪੇ ਅਤੇ ਪੰਜਾਬੀ ਸਾਹਿਤ ਦੀ ਨਵੀਂ ਵੰਨਗੀ ਹਾਇਕੂ ਸ਼ੁਮਾਰ ਕੀਤੇ ਹਨ। ਕਵੀ ਨੇ ਪ੍ਰੌੜ ਵਾਰਤਕਾਰ ਵਜੋਂ ਸੈਲਫੀ ਤੇ ਹਾਇਕੂ ਬਾਬਤ ਕੀਮਤੀ ਜਾਣਕਾਰੀ ਪੇਸ਼ ਕੀਤੀ ਹੈ।

ਪੁਸਤਕ ਦੀਆਂ ਬਹੁਤੀਆਂ ਕਵਿਤਾਵਾਂ ਛੋਟੀਆਂ ਤੇ ਬੁਝਾਰਤ ਵਰਗੀਆਂ ਹਨ। ਇਨਸਾਨੀ ਜ਼ਿੰਦਗੀ ਦੇ ਸੁਭਾਅ ਅਤੇ ਕੁਦਰਤ ਦੀ ਕਾਇਆ ਤੋਂ ਲੈ ਕੇ ਇਨਸਾਨੀ ਸੁਭਾਅ ’ਤੇ ਭਾਰੂ ਪੈ ਰਹੀ ਖ਼ੁਦਗਰਜ਼ੀ ਤਕ ਸ਼ਾਇਦ ਹੀ ਇਨਸਾਨੀ ਜ਼ਿੰਦਗੀ ਦਾ ਕੋਈ ਪੱਖ ਹੋਵੇ ਜਿਸ ਨੂੰ ਲੇਖਕ ਨੇ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਨਾ ਬਣਾਇਆ ਹੋਵੇ। ਕਵੀ ਨੇ ਕਵਿਤਾ ਸੈਲਫੀ ਵਿਚ ਸਾਹਿਤਕ ਮਨ ਦੀ ਵਿਸ਼ਾਲ ਉਡਾਰੀ ਸਮਰੱਥਾ ਦਾ ਪ੍ਰਤੱਖ ਪ੍ਰਮਾਣ ਦਿੱਤਾ ਹੈ। ਸੈਲਫੀ ਦਾ ਭੂਤ ਅੱਜਕੱਲ੍ਹ ਭਲਾ ਕਿਸ ’ਤੇ ਸਵਾਰ ਨਹੀਂ? ਪਰ ਅਸਲ ਵਿਚ ਸੈਲਫੀ ਇਨਸਾਨ ’ਤੇ ਭਾਰੂ ਹੋ ਰਹੀ ਇਕੱਲਤਾ ਦਾ ਸਬੂਤ ਹੈ:

ਹੁਣ ਤਾਂ
ਆਪਣੀ ਫੋਟੋ ਵੀ
ਆਪ ਖਿੱਚਦਾ ਹੈ-
ਕਿੰਨਾ ਇਕੱਲਾ
ਹੋ ਗਿਆ ਹੈ ਆਦਮੀ।

ਪੰਜਾਬ ’ਚ ਵਗ ਰਹੇ ਨਸ਼ਿਆਂ ਦੇ ਦਰਿਆ ਦਾ ਫਿਕਰ ਕਵੀ ਨੇ ਕਵਿਤਾ ‘ਕੱਲਰ’ ਵਿਚ ਕੀਤਾ ਹੈ। ਬਰਾਂਡਿਡ ਪਹਿਰਾਵਿਆਂ, ਡਰਾਮੇਬਾਜ਼ੀ ਅਤੇ ਦੂਜਿਆਂ ਸਹਾਰੇ ਪਛਾਣ ਬਣਾਉਣ ਦੇ ਰੁਝਾਨ ਤੋਂ ਲੈ ਕੇ ਇਨਸਾਨ ਦੇ ਦੋਗਲੇ ਕਿਰਦਾਰ, ਰੁੱਖਾਂ ਦੀ ਅਹਿਮੀਅਤ, ਰਾਜਸੀ ਲੋਕਾਂ ਦੇ ਮਤਲਬੀ ਕਿਰਦਾਰ, ਰਿਸ਼ਤਿਆਂ ਦੇ ਘਟ ਰਹੇ ਮੋਹ , ਅੱਥਰੇ ਫੈਸ਼ਨ ਅਤੇ ਜਵਾਨੀ ਦੇ ਵਧ ਰਹੇ ਪ੍ਰਵਾਸ ਆਦਿ ਤਕ ਸਭ ਦਾ ਬਾਖੂਬੀ ਵਰਣਨ ਕੀਤਾ ਹੈ। ਕਵੀ ਨੇ ਅਸਲ ਸ਼ਾਂਤੀ ਦੀ ਪ੍ਰਾਪਤੀ ਦਾ ਵਰਣਨ ਕਵਿਤਾ ‘ਸ਼ਾਂਤੀ’ ਵਿਚ ਕੀਤਾ ਹੈ। ਇਨਸਾਨ ਦੀ ਮਤਲਬ ਪ੍ਰਸ਼ਤੀ ਦੇ ਬਖੀਏ ਕਵਿਤਾ ‘ਲੋੜਾਂ’ ਵਿਚ ਉਧੇੜੇ ਹਨ। ਆਪਣਿਆਂ ਨਾਲ ਮਿਲ ਕੇ ਰੂਹ ਨੂੰ ਮਿਲਣ ਵਾਲੀ ਖੁਸ਼ੀ ਦੀ ਗੱਲ ਕਵਿਤਾ ‘ਖੁਸ਼ਬੂ’ ਵਿਚ ਕੀਤੀ ਹੈ। ਕਿਹਾ ਜਾ ਸਕਦਾ ਹੈ ਕਿ ਕਵੀ ਨੇ ਛੋਟੀਆਂ ਕਵਿਤਾਵਾਂ ਰਾਹੀਂ ਵੱਡੇ ਅਤੇ ਨਿਵੇਕਲੇ ਸੁਨੇਹੇ ਦਿੱਤੇ ਹਨ। ਦੁਆ ਹੈ ਕਵੀ ਦੀ ਕਲਮ ਇਸੇ ਤਰ੍ਹਾਂ ਪੰਜਾਬੀ ਸਾਹਿਤ ਦੀ ਸੇਵਾ ਵਿਚ ਸਰਗਰਮੀ ਨਾਲ ਵਿਚਰਦੀ ਰਹੇ।




ਜੱਗੀ ਬਰਾੜ ਸਮਾਲਸਰ ਪਰਵਾਸੀ ਲੇਖਿਕਾ ਹੈ। ਵਿਚਾਰ ਚਰਚਾ ਅਧੀਨ ਪੁਸਤਕ ਵਿਚ ਲੇਖਿਕਾ ਵੱਲੋਂ 127 ਕਵਿਤਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਬਹੁਤੀਆਂ ਕਵਿਤਾਵਾਂ ਵਿਚ ਵਿਦੇਸ਼ ਦੀ ਜ਼ਿੰਦਗੀ ਜਾਂ ਫਿਰ ਵਿਦੇਸ਼ ਜਾਣ ਦੀ ਲਾਲਸਾ ਨਾਲ ਸਬੰਧਤ ਵਿਸ਼ੇ ਛੋਹੇ ਹਨ। ਕਵਿਤਾ ਇਸ਼ਤਿਹਾਰ ਵਿਚ ਮਾਪਿਆਂ ਵੱਲੋਂ ਹਰ ਹਾਲਤ ਵਿਚ ਆਪਣੇ ਪੁੱਤਰ ਦੀ ਸ਼ਾਦੀ ਵਿਦੇਸ਼ੀ ਕੰਨਿਆ ਨਾਲ ਕਰਨ ਦੇ ਆਲਮ ਦਾ ਜ਼ਿਕਰ ਕੀਤਾ ਹੈ। ਕਵਿਤਾ ਅੱਜਕੱਲ੍ਹ ਕੈਨੇਡਾ ਵਿਚ ਕੈਨੇਡਾ ਦੀ ਜ਼ਿੰਦਗੀ ਦਾ ਬਾਖੂਬੀ ਵਰਣਨ ਕੀਤਾ ਹੈ। ਕਵਿਤਾਵਾਂ ਗਰੀਟਿੰਗ ਕਾਰਡ, ਪਰਦੇਸੀ ਲੋਥਾਂ, ਵਲਗਣ ਅਤੇ ‘ਵਿਚ ਕੈਨੇਡਾ’ ਆਦਿ ’ਚ ਵੀ ਵਿਦੇਸ਼ੀ ਜ਼ਿੰਦਗੀ ਦਾ ਵਰਣਨ ਕੀਤਾ ਗਿਆ ਹੈ। ਰੋਜ਼ੀ ਰੋਟੀ ਲਈ ਪਰਦੇਸਾਂ ਵਿਚ ਗਏ ਨੌਜਵਾਨਾਂ ਦੀਆਂ ਅਣਹੋਈਆਂ ਮੌਤਾਂ ਦਾ ਕਾਲਜੇ ਨੂੰ ਧੂਹ ਪਾਉਣ ਵਾਲਾ ਜ਼ਿਕਰ ਵੀ ਇਨ੍ਹਾਂ ਕਵਿਤਾਵਾਂ ’ਚ ਕੀਤਾ ਗਿਆ ਹੈ।

ਪੰਜਾਬ ਵਿਚ ਵਧ ਰਹੇ ਨਸ਼ਿਆਂ ਦੇ ਪ੍ਰਕੋਪ ਦਾ ਦਰਦ ਲੇਖਕਾ ਨੇ ਕਵਿਤਾ ‘ਨਵ-ਵਿਆਹੀ ਦੀ ਜ਼ੁਬਾਨੀ’ ਵਿਚ ਕੀਤਾ ਹੈ। ਆਪਣੇ ਪਿੰਡ ਦੇ ਬੱਸ ਅੱਡੇ ਦਾ ਵਿਸਥਾਰਤ ਦ੍ਰਿਸ਼ ਕਵਿਤਾ ‘ਮੈਂ ਬੱਸ ਅੱਡਾ ਹਾਂ ਸਮਾਲਸਰ ਦਾ’ ਵਿਚ ਦਿਲਚਸਪ ਤਰੀਕੇ ਨਾਲ ਕੀਤਾ ਹੈ। ਪੰਜਾਬ ਦੀ ਪ੍ਰਦੂਸ਼ਿਤ ਹੋ ਰਹੀ ਧਰਤੀ ਤੋਂ ਲੈ ਕੇ ਵਿਕਾਊ ਹੋ ਰਹੀ ਪੈਲੀ, ਖ਼ਤਮ ਹੋ ਰਹੀ ਭਾਈਚਾਰਕ ਸਾਂਝ, ਕਿਸਾਨ




ਖੁਦਕੁਸ਼ੀਆਂ, ਅਲੋਪ ਹੋ ਰਹੀ ਸ਼ਰਮ ਹਯਾ,ਦੁੱਧ ਦਹੀ ਦੀ ਜਗਾ ਵਗ ਰਹੇ ਨਸ਼ਿਆਂ ਦੇ ਦਰਿਆ, ਨੌਜਵਾਨਾਂ ਦੀਆਂ ਬੇਵਕਤੀ ਮੌਤਾਂ, ਕੁੜੀਆਂ ’ਤੇ ਹੋ ਰਹੇ ਤੇਜ਼ਾਬੀ ਹਮਲੇ ਅਤੇ ਪੈਦਾ ਹੋ ਰਹੀ ਪੰਜਾਬੀ ਭਾਸ਼ਾ ਤੋਂ ਬੇਮੁਖਤੀ ਤਕ ਦਾ ਹਰ ਫ਼ਿਕਰ ਕਵਿਤਾ ‘ਹੈ ਕੋਈ ਵੀਰ’ ਵਿਚ ਕੀਤਾ ਗਿਆ ਹੈ।


ਪੁਸਤਕ ਦੀਆਂ ਸਾਰੀਆਂ ਹੀ ਕਵਿਤਾਵਾਂ ਜ਼ਿੰਦਗੀ ਦੇ ਅੰਗ ਸੰਗ ਤੁਰਦੀਆਂ ਤਲਖ਼ ਹਕੀਕਤਾ ਨਾਲ ਖਹਿ ਕੇ ਲੰਘਦੀਆਂ ਪ੍ਰਤੀਤ ਹੁੰਦੀਆਂ ਹਨ। ਸ਼ਾਇਦ ਇਸੇ ਕਾਰਨ ਹੀ ਪਾਠਕ ਦੀ ਦਿਲਚਸਪੀ ਪੁਸਤਕ ਦੇ ਸ਼ੁਰੂ ਤੋਂ ਅਖੀਰ ਤੱਕ ਬਣੀ ਰਹਿੰਦੀ ਹੈ।

• ਬਿੰਦਰ ਸਿੰਘ ਖੁੱਡੀ ਕਲਾਂ

ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਦੀ ਸਮੁੱਚੀ ਰਚਨਾਕਾਰੀ ਤੇ ਜੀਵਨ ਯਾਦਾਂ ਬਾਰੇ ਸੰਪਾਦਿਤ ਪੁਸਤਕ ਦਾ ਇਹ ਨਵਾਂ ਸੰਸਕਰਣ ਹੈ। ਪੰਜਾਬੀ ਜਗਤ ਜਾਣਦਾ ਹੈ ਕਿ ਨਾਨਕ ਸਿੰਘ (1897-1971) ਨੇ ਆਪਣੀ ਸਾਰੀ ਹਯਾਤੀ ਸਾਹਿਤ ਰਚਨਾ ਦੇ ਲੇਖੇ ਲਾਈ। ਉਸ ਦੀ ਆਪਣੀ ਉਮਰ ਦੇ ਵਰ੍ਹਿਆਂ ਬਰਾਬਰ ਕਿਤਾਬਾਂ ਦੀ ਲੰਮੀ ਸੂਚੀ ਹੈ।

ਇਸ ਪੁਸਤਕ ਵਿਚ ਸੁਝਵਾਨ ਸੰਪਾਦਕਾਂ ਨੇ ਢੁਕਵੀਂ ਤਰਤੀਬ ਦਿੱਤੀ ਹੈ। ਪੁਸਤਕ ਦੇ ਤਿੰਨ ਭਾਗ ਹਨ। ਰਚਨਾ ਵੰਨਗੀ ਵਿਚ ਨਾਨਕ ਸਿੰਘ ਦੀਆਂ ਕਵਿਤਾਵਾਂ ਬੈਂਤ, ਸ਼ੀਹਰਫੀਆਂ ਧਾਰਮਿਕ ਕਵਿਤਾਵਾਂ, ਨਾਨਕ ਸਿੰਘ ਦੇ ਲਿਖੇ ਆਖਰੀ ਨਾਵਲ ਦਾ ਕਾਂਡ, ਕਹਾਣੀ ਕੱਲੋ, ਵਾਰਤਕ ਰਚਨਾਵਾਂ ਮਹਾਨ ਵਿਚਾਰ, ਨਾਟਕ ਚੌੜ ਚਾਨਣ ਨਾਨਕ ਸਿੰਘ ਦੇ ਜੀਵਨ ਕਾਲ ਤੇ ਪੁਰਸਕਾਰ ਪ੍ਰਾਪਤੀ, ਬੱਚਿਆਂ ਨਾਲ ਪ੍ਰੋ. ਮੋਹਨ ਸਿੰਘ ਨਾਲ ਦੁਰਲਭ ਤਸਵੀਰਾਂ ਹਨ। ਦੂਸਰੇ ਭਾਗ ਵਿਚ ਨਾਨਕ ਸਿੰਘ ਦੀ ਅਜ਼ੀਮ ਸ਼ਖ਼ਸੀਅਤ ਨੂੰ ਰੌਸ਼ਨ ਕਰਦੇ 13 ਵਿਦਵਾਨਾਂ ਦੇ ਲੇਖ ਹਨ ਜਿਨ੍ਹਾਂ ਵਿਚ ਬਰਜਿੰਦਰ ਸਿੰਘ ਹਮਦਰਦ, ਵਰਿੰਦਰ ਵਾਲੀਆ, ਮੁਖਤਾਰ ਗਿੱਲ, ਸ਼ਿੰਗਾਰਾ ਸਿੰਘ ਭੁੱਲਰ, ਡਾ. ਕੁਲਦੀਪ ਸਿੰਘ ਧੀਰ, ਸਤਿੰਦਰ ਸਿੰਘ ਨੂਰ, ਡਾ ਮੋਹਨਜੀਤ ਤੇ ਕਰਮਜੀਤ ਸਿੰਘ ਸੂਰੀ ਦੀਆਂ ਨਾਨਕ ਸਿੰਘ ਨਾਲ ਜੁੜੀਆਂ ਮਿੱਠੀਆਂ ਯਾਦਾਂ ਹਨ। ਤੀਸਰੇ ਭਾਗ ਵਿਚ ਨਾਨਕ ਸਿੰਘ ਦੇ ਨਾਵਲਾਂ ਵਿੱਚੋਂ ਲਏ ਪ੍ਰਸਿੱਧ ਪਾਤਰ ਕਿਦਾਰ (ਪਵਿੱਤਰ ਪਾਪੀ), ਬਾਬਾ ਰੋਡੂ ਸਰੋਜ ਦੇਸ਼ ਵੰਡ ਬਾਰੇ ਨਾਵਲ, ਕਹਾਣੀ ਸੰਗ੍ਰਹਿ ਸੁਨਹਿਰੀ ਜਿਲਦ, ਨਾਨਕ ਸਿੰਘ ਦੀ ਕਵੀਸ਼ਰੀ ਬਾਰੇ ਡਾ ਕੁਲਦੀਪ ਸਿੰਘ ਧੀਰ, ਸਤੀਸ਼ ਕੁਮਾਰ ਵਰਮਾ, ਹਰਬੰਸ ਸਿੰਘ ਧੀਮਾਨ, ਡਾ. ਜਗਦੀਸ਼ ਕੌਰ ਵਾਡੀਆ, ਪ੍ਰੋ ਸ ਸੋਜ਼ , ਨਾਵਲ ਮਤਰੇਈ ਮਾਂ ਦਾ ਵਿਸ਼ਲੇਸ਼ਣ ਸਮੇਤ 16 ਲੇਖ ਹਨ। ਪੁਸਤਕ, ਯੁਗ ਪੁਰਸ਼ ਨਾਨਕ ਸਿੰਘ ਦੇ ਲੱਖਾਂ ਪਾਠਕਾਂ, ਖੋਜਾਰਥੀਆਂ ਤੇ ਵਿਦਵਾਨਾਂ ਲਈ ਬਹੁਮੁਲੀ ਸੁਗਾਤ ਹੈ। ਸੰਪਾਦਕ ਸਾਹਿਬਾਨ ਤੇ ਪ੍ਰਕਾਸ਼ਕ ਜਸਵਿੰਦਰ ਪੰਜਾਬੀ ਦੀ ਮਿਹਨਤ ਨੂੰ ਸਲਾਮ।

• ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ




‘ਮਨ ਦੇ ਮੋਤੀ’ ਸੁਰਿੰਦਰ ਦੀਪ ਦੀ ਪਲੇਠੀ ਪੁਸਤਕ ਹੈ ਜਿਸ ’ਚ ਕੁਲ 55 ਮਿੰਨੀ ਕਹਾਣੀਆਂ ਹਨ। ਇਹ ਜ਼ਿਆਦਾਤਰ ਔਰਤਾਂ ਨਾਲ ਸਬੰਧਤ ਹਨ ਕਿ ਕਿਵੇਂ ਅੱਜ ਵੀ ਔਰਤਾਂ ਦੀਆਂ ਭਾਵਨਾਵਾਂ ਨੂੰ ਸਮਝਿਆ ਨਹੀਂ ਜਾ ਰਿਹਾ ਬੇਸ਼ਕ ਉਹ ਪੜ੍ਹ ਲਿਖ ਗਈਆਂ ਹਨ ਫਿਰ ਵੀ ਕਿਧਰੇ ਨਾ ਕਿਧਰੇ ਵਖਰੇਵਾਂ ਝਲਕਦਾ ਹੈ ਤੇ ਕਾਫੀ ਕਹਾਣੀਆਂ ਅਜਿਹੀਆਂ ਵੀ ਹਨ ਜੋ ਸਮਾਜਿਕ ਬੁਰਾਈਆਂ ਨਾਲ ਸਬੰਧਿਤ ਹਨ। ਕਹਾਣੀ ‘ਆਪਣਾ ਘਰ’ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਔਰਤ ਵੀ ਚਾਹੁੰਦੀ ਹੈ ਕਿ ਉਸ ਦਾ ਕੋਈ ਆਪਣਾ ਘਰ ਹੋਵੇ ਤੇ ਉਹ ਵੀ ਸਵੈ ਨਿਰਭਰ ਹੋਵੇ। ਇਸ ਤੋਂ ਇਲਾਵਾ ਫੋਟੋ, ਬੁੱਕਲ ਵਾਲਾ ਦੀਵਾ, ਸੁਖਣਾ, ਰਮਨ ਦੀ ਇੱਛਾ, ਫੁੱਲ ਗਰੰਟੀ, ਸ਼ਗਨ ਅਪਸ਼ਗਨ , ਪਹਿਲ ਆਦਿ ਕਹਾਣੀਆਂ ਸਾਡੇ ਸਮਾਜ ਦੀ ਅਜੋਕੀ ਵਿਵਸਥਾ ਤੇ ਸੋਚ ਨੂੰ ਦਰਸਾਉਂਦੀਆਂ ਹਨ।

ਇਨ੍ਹਾਂ ਕਹਾਣੀਆਂ ਵਿਚ ਲੇਖਕਾ ਨੇ ਦੱਸਿਆ ਕਿ ਕਿਸ ਤਰ੍ਹਾਂ ਸਾਡੇ ਸਮਾਜ ਦੀ ਹਾਲਤ ਨਿਘਾਰ ਵੱਲ ਜਾ ਰਹੀ ਹੈ ਕਿਵੇਂ ਲੋਕਾਂ ਵਿਚ ਝੂਠ ਬੋਲਣਾ, ਵਹਿਮ ਭਰਮ, ਨਸ਼ੇ ਕਰਨਾ ਸਭ ਵਧਦਾ ਜਾ ਰਿਹਾ ਹੈ। ਲੇਖਕਾ ਦਾ ਲਿਖਣ ਢੰਗ ਬਹੁਤ ਹੀ ਸਪਸ਼ਟ ਹੈ ਤੇ ਹਰ ਇਕ ਕਹਾਣੀ ਵਿਚ ਕੁਝ ਨਵਾਂ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਸਾਰੀਆਂ ਕਹਾਣੀਆਂ ਵਿਚ ਗਤੀਸ਼ੀਲਤਾ ਹੈ। ਸ਼ੈਲੀ ਵਿਚ ਨਿਵੇਕਲਾਪਣ ਹੈ। ਇਸ ਤੋਂ ਬਿਨਾਂ ਕਹਾਣੀ ‘ਫਾਦਰਜ਼ ਡੇਅ’ ਵਿਚ ਲੇਖਕਾ ਨੇ ਇਹ ਦਿਖਾਇਆ ਹੈ




ਕਿ ਪੁੱਤਰਾਂ ਨਾਲੋ ਧੀਆਂ ਮਾਪਿਆਂ ਦਾ ਜ਼ਿਆਦਾ ਧਿਆਨ ਰੱਖਦੀਆਂ ਹਨ ਜਦ ਕਿ ਪੁੱਤਰ ਆਪਣੇ ਸੰਸਕਾਰ ਭੁੱਲ ਜਾਂਦੇ ਹਨ। ਆਪਣੀਆਂ ਜ਼ਿਆਦਾਤਰ ਕਹਾਣੀਆਂ ਵਿਚ ਲੇਖਕਾ ਨੇ ਅਜੋਕੀ ਨਾਰੀ ਨੂੰ ਮੁੱਖ ਰੱਖ ਕੇ ਉਸ ਦਾ ਸੁਹਜਮਈ ਚਿਤਰਨ ਕੀਤਾ ਹੈ।

ਅਜੋਕੀ ਨਾਰੀ ਵਧੇਰੇ ਸੂਝਵਾਨ ਹੋ ਰਹੀ ਹੈ ਜਿਸ ਕਾਰਨ ਉਹ ਅਗਾਂਹਵਧੂ ਵੀ ਹੋ ਰਹੀ ਹੈ ਤੇ ਉਹ ਚਾਹੁੰਦੀ ਹੈ ਕਿ ਸਮਾਜ ਵਿਚ ਉਸ ਨੂੰ ਉਸ ਦਾ ਬਣਦਾ ਸਥਾਨ ਮਿਲੇ। ਲੇਖਕਾ ਦਾ ਕਹਾਣੀ ਸੰਗ੍ਰਿਹ ਸਮਾਜਿਕ, ਰਾਜਸੀ, ਆਰਥਿਕ, ਨੈਤਿਕ ਮਸਲਿਆਂ ਪ੍ਰਤੀ ਸੰਜੀਦਾ ਹੈ। ਸੁੰਦਰ ਦਿੱਖ ਵਾਲੀ ਇਸ ਪੁਸਤਕ ਦਾ ਸੁਆਗਤ ਹੈ।

• ਇੰਦਰਪ੍ਰੀਤ ਕੌਰ

ਕੌਮੀ ਪਤ੍ਰਿਕਾ

## ਕੁਝ ਕਹਿੰਦੀ ਐ ਤਸਵੀਰ...

• ਯਸ਼ਵੀਰ ਗੋਇਲ, ਬਠਿੰਡਾ।



ਸਾਡਾ ਪਤਾ ਹੈ :

# ਮੰਦੇ ਬੋਲ ਨਾ ਬੋਲੀਏ

• ਬਲਬੀਰ ਸਿੰਘ ਸੱਗੂ
94171-70515

ਇਹ ਬਿਲਕੁੱਲ ਸਹੀ ਹੈ ਕਿ ਮਨੁੱਖੀ ਜੀਵਨ ਪਰਮਾਤਮਾ ਦੀ ਵੱਡਮੁੱਲੀ ਦੇਣ ਹੈ। ਮਨੁੱਖੀ ਜੂਨ ਨੂੰ ਸਾਰੇ ਜੀਵ-ਜੰਤੂਆਂ ਨਾਲੋਂ ਉੱਤਮ ਮੰਨਿਆ ਜਾਂਦਾ ਹੈ। ਜਿਵੇਂ ਸਾਡੇ ਸਰੀਰ ਦੇ ਹਰੇਕ ਅੰਗ ਦੀ ਬੜੀ ਮਹੱਤਤਾ ਹੈ, ਉਸੇ ਤਰ੍ਹਾਂ ਜ਼ਬਾਨ ਵੀ ਇਕ ਅਨਮੋਲ ਤੋਹਫ਼ਾ ਹੈ, ਜਿਸ ਨਾਲ ਅਸੀਂ ਆਪਣੇ ਵਿਚਾਰ ਅਤੇ ਸੁਝਾਅ ਦੂਸਰਿਆਂ ਅੱਗੇ ਰਖਦੇ ਹਾਂ। ਬੋਲ-ਚਾਲ ਨਾਲ ਹੀ ਮਨੁੱਖੀ ਰਿਸ਼ਤੇ ਬਣਦੇ ਹਨ। ਇਹ ਵੀ ਸੱਚ ਹੈ ਕਿ ਕਿਸੇ ਵਿਅਕਤੀ ਦੀ ਪਛਾਣ ਉਸ ਦੇ ਕੱਪੜਿਆਂ ਤੋਂ ਨਹੀਂ ਸਗੋਂ ਉਸਦੇ ਵਿਚਾਰਾਂ ਤੋਂ ਹੁੰਦੀ ਹੈ।

ਘੱਟ ਅਤੇ ਮਿੱਠਾ ਬੋਲਣ ਦੇ ਨਤੀਜੇ ਹਮੇਸ਼ਾ ਹੀ ਸਾਰਥਿਕ ਹੁੰਦੇ ਹਨ। ਚੰਗੀ ਸ਼ਖ਼ਸੀਅਤ ਵਾਲਾ ਵਿਅਕਤੀ ਹਮੇਸਾ ਹੀ ਸੋਚ ਸਮਝ ਕੇ ਬੋਲਦਾ ਹੈ ਤੇ ਉਸ ਦੇ ਵਿਚਾਰ ਹਮੇਸ਼ਾ ਹੀ ਸੁਣਨ ਵਾਲੇ 'ਤੇ ਚੰਗਾ ਪ੍ਰਭਾਵ ਪਾਉਂਦੇ ਹਨ। ਉਹ ਹਮੇਸ਼ਾ ਨਾਪ-ਤੋਲ ਕੇ ਬੋਲਦਾ ਹੈ ਅਤੇ ਉਸ ਦੇ ਵਿਚਾਰਾਂ ਦੀ ਮਹਿਕ ਸੁਣਨ ਵਾਲੇ ਦੀ ਜ਼ਿੰਦਗੀ ਨੂੰ ਰੁਸ਼ਨਾ ਦਿੰਦੀ ਹੈ। ਅਸਲੀ ਮਨੁੱਖ ਉਹੀ ਹੈ ਜੋ ਹਮੇਸ਼ਾ ਘੱਟ ਅਤੇ ਲੋੜ ਅਨੁਸਾਰ ਸਮੇਂ ਦੀ ਨਜ਼ਾਕਤ ਨੂੰ ਸਮਝ ਕੇ ਬੋਲੇ।

ਦੂਜੇ ਪਾਸੇ ਸਾਨੂੰ ਸਾਡੇ ਆਲੇ-ਦੁਆਲੇ ਕੁਝ ਵਿਅਕਤੀ ਹਮੇਸ਼ਾ ਬੇਤੁਕਾ ਬੋਲ ਕੇ ਦੂਜਿਆਂ ਦੇ ਮਨਾਂ ਵਿਚ ਗ਼ਲਤ-ਫਹਿਮੀਆਂ ਪੈਦਾ ਕਰਦੇ ਵੀ ਮਿਲ ਜਾਂਦੇ ਹਨ। ਇਹੋ ਜਿਹੇ ਵਿਅਕਤੀ ਹਮੇਸ਼ਾ ਹੀ ਲੋਕਾਂ ਦੇ ਦਿਲਾਂ ਵਿਚ ਇਕ-ਦੂਜੇ ਪ੍ਰਤੀ ਨਫ਼ਰਤ ਦਾ ਬੀਜ ਬੋ ਦਿੰਦੇ ਹਨ ਜੋ ਅੱਗੇ ਜਾ ਕੇ ਲੜਾਈ ਝਗੜੇ ਦਾ ਕਾਰਨ ਬਣਦੇ ਹਨ। ਬੇਤੁਕਾ ਬੋਲਣ ਵਾਲਾ ਵਿਆਕਤੀ ਹਮੇਸ਼ਾ ਹੀ ਦੂਜਿਆਂ ਦੀਆਂ ਨਜ਼ਰਾਂ ਵਿਚ ਨਿਖੇਧੀ ਤੇ ਨਿੰਦਕ ਦਾ ਪਾਤਰ ਬਣਿਆ ਰਹਿੰਦਾ ਹੈ। ਕਈ ਵਾਰ ਤਾਂ ਇਹੋ ਜਿਹੇ ਵਿਅਕਤੀ ਸਮਾਜ ਲਈ ਕਈ ਘਾਤਕ ਮੁਸੀਬਤਾਂ ਵੀ ਖੜ੍ਹੀਆਂ ਕਰ ਦਿੰਦੇ ਹਨ। ਇਹੋ ਜਿਹੇ ਵਿਆਕਤੀ ਸਮਾਜ ਦੀ ਤਰੱਕੀ ਵਿਚ ਹਮੇਸ਼ਾ ਅੜਿੱਕੇ ਬਣ ਜਾਂਦੇ ਹਨ। ਜੇ ਅਸੀਂ ਸਾਡੇ ਪਰਿਵਾਰਾਂ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਲੜਾਈ-ਝਗੜੇ ਸਿਰਫ ਇਕ ਦੂਜੇ ਪ੍ਰਤੀ ਵਰਤੇ ਗਏ ਬੇਤੁਕੇ ਵਿਚਾਰਾਂ ਕਰਕੇ ਹੀ ਹੁੰਦੇ ਹਨ ਜੋ ਅੱਗੇ ਜਾ ਕੇ ਕਈ ਅਣਕਿਆਸੇ ਨਤੀਜਿਆਂ ਦਾ ਕਾਰਨ ਬਣ ਜਾਂਦੇ ਹਨ। ਪਰਿਵਾਰਾਂ ਦਾ ਟੁੱਟਣਾ ਜ਼ਿਆਦਾਤਰ ਇਕ ਦੂਜੇ ਪ੍ਰਤੀ ਵਰਤੇ ਬੇਤੁਕੇ ਵਿਚਾਰ ਹੀ ਹੁੰਦੇ ਹਨ।



ਜੇ ਅਸੀਂ ਆਪਣੇ ਆਲੇ-ਦੁਆਲੇ ਨਿਗ੍ਹਾ ਮਾਰੀਏ ਤਾਂ ਸਾਨੂੰ ਇਹੋ ਜਿਹੀਆਂ ਉੱਚੀਆਂ ਸ਼ਖ਼ਸੀਅਤਾਂ ਵੀ ਮਿਲ ਜਾਣਗੀਆਂ ਜਿਨ੍ਹਾਂ ਦੀ ਬੋਲ-ਬਾਣੀ ਠੀਕ ਨਾ ਹੋਣ ਕਾਰਨ ਉਹ ਲੋਕਾਂ ਦੇ ਦਿਲਾਂ ਵਿਚ ਸਤਿਕਾਰਯੋਗ ਨਹੀਂ ਹਨ। ਅਸਲ ਵਿਚ ਇਹੋ ਜਿਹੇ ਵਿਆਕਤੀ ਆਪਣੀ ਹੀ ਹਉਮੈ ਵਿਚ ਰਹਿੰਦੇ ਹਨ ਉਹ ਦੂਜਿਆਂ ਦੀਆਂ ਜ਼ਰੂਰਤਾਂ ਵੱਲ ਧਿਆਨ ਨਹੀਂ ਦਿੰਦੇ। ਇਸ ਤਰ੍ਹਾਂ ਦੇ ਵਿਅਕਤੀ ਰੁੱਖੀ ਤਸੀਰ ਦੇ ਮਾਲਕ ਹੁੰਦੇ ਹਨ।

ਅਸਲ ਵਿਚ ਬੋਲਣਾ ਵੀ ਇਕ ਕਲਾ ਹੈ। ਬੋਲਣ ਲੱਗਿਆਂ ਇਹ ਜ਼ਰੂਰ ਸਮਝ ਲਿਆ ਜਾਵੇ ਕਿ ਜੋ ਅਸੀਂ ਬੋਲ ਰਹੇ ਹਾਂ ਸਮੇਂ ਤੇ ਸਥਿਤੀ ਮੁਤਾਬਿਕ ਠੀਕ ਹੈ ਜਾਂ ਨਹੀਂ। ਜਿਸ ਵਿਸ਼ੇ 'ਤੇ ਤੁਸੀਂ ਬੋਲਣਾ ਹੈ ਕਿ ਉਸ ਸਬੰਧੀ ਪੂਰੀ ਜਾਣਕਾਰੀ ਵੀ ਹੈ ਕਿਉਕਿ ਐਵੇਂ ਪਾਣੀ 'ਚ ਡਾਂਗਾਂ ਮਾਰਨ ਨਾਲ ਵੀ ਸਾਡੇ ਵਿਚਾਰ ਦੂਸਰੇ 'ਤੇ ਕੋਈ ਚੰਗਾ ਪ੍ਰਭਾਵ ਨਹੀਂ ਪਾ ਸਕਦੇ। ਬੋਲਦੇ ਸਮੇਂ ਲੋੜ ਅਨੁਸਾਰ ਸਬਦਾਂ ਨੂੰ ਲੈਅ 'ਚ ਬੋਲੋ ਕਿਉਕਿ ਬਿਨਾਂ ਵਜ੍ਹਾ ਸ਼ਬਦਾਂ ਨੂੰ ਉੱਚੀ-ਨੀਵੀਂ ਆਵਾਜ਼ ਨਾਲ ਵੀ ਸ਼ਬਦਾਂ ਦੇ ਅਰਥ ਬਦਲ ਜਾਂਦੇ ਹਨ। ਹਮੇਸ਼ਾ ਹੀ ਤਰਕ, ਹਲੀਮੀ ਅਤੇ ਮਿਠਾਸ ਨਾਲ ਬੋਲਿਆ ਜਾਵੇ। ਇਹ ਵੀ ਧਿਆਨ ਰੱਖਿਆ ਜਾਵੇ ਕਿ ਸਾਡਾ ਮਸਲਾ ਵੀ ਹੱਲ ਹੋ ਜਾਵੇ ਤੇ ਕਿਸੇ ਵੀ ਵਿਅਕਤੀ ਦੇ ਮਨ ਨੂੰ ਕੋਈ ਠੇਸ ਵੀ ਨਾ ਪਹੁੰਚੇ, ਜਿਵੇਂ ਕਹਿੰਦੇ ਹੁੰਦੇ ਹਨ ਕਿ ਸੱਪ ਵੀ ਮਰ ਜਾਵੇ ਤੇ ਸੋਟੀ ਵੀ ਨਾ ਟੁੱਟੇ। •

# ਸਮਰੱਥ ਸੋਚ ਦੀ ਧਾਰਨੀ ਬਣੇ ਨੌਜਵਾਨ ਪੀੜ੍ਹੀ

• ਤਰਸੇਮ ਸਿੰਘ ਭੰਗੂ
94655-6214

ਕਿਸੇ ਵੀ ਮੁਲਕ ਦੇ ਤੰਦਰੁਸਤ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ, ਨੌਜਵਾਨ ਪੀੜ੍ਹੀ ਅਤੇ ਰਾਹ ਦਸੇਰੇ ਹੁੰਦੇ ਹਨ ਬਜ਼ੁਰਗ। ਬਜ਼ੁਰਗਾਂ ਤੋਂ ਨੌਜਵਾਨਾਂ ਨੇ ਸੇਧ ਲੈ ਕੇ ਮਜ਼ਬੂਤ ਸਮਾਜ ਦਾ ਨਿਰਮਾਣ ਕਰਨਾ ਹੁੰਦਾ ਹੈ। ਉਹ ਸਮਾਜ ਜਿੱਥੇ ਹਰ ਕਿਸੇ ਲਈ ਸਿਰ ਲੁਕਾਉਣ ਨੂੰ ਛੱਤ,ਖਾਣ ਲਈ ਰੋਟੀ ਅਤੇ ਤਨ ਢੱਕਣ ਵਾਸਤੇ ਕੱਪੜੇ ਜਿਹੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਹੋ ਸਕੇ। ਪਰ ਅਜੋਕਾ ਨੌਜਵਾਨ ਆਪਣੀ ਸਮਰਥਾ ਪਛਾਨਣ ਦੀ ਕੋਸ਼ਿਸ਼ ਹੀ ਨਹੀਂ ਕਰ ਰਿਹਾ। ਬਜ਼ੁਰਗ ਰਾਹ ਦਸੇਰਾ ਬਨਣ ਦੀ ਬਜਾਇ ਚੌਧਰੀ ਬਣਿਆ ਹੋਇਆ ਹੈ। ਇਸ ਮੁਲਕ ਵਿਚ ਖ਼ਾਸ ਕਰਕੇ ਬਜ਼ੁਰਗ ਨੌਜਵਾਨਾਂ ਨੂੰ ਅੱਗੇ ਆਉਣ ਹੀ ਨਹੀਂ ਦੇਣਾ ਚਾਹੁੰਦੇ। ਧਿਆਨ ਮਾਰ ਕੇ ਵੇਖਣ ਦੀ ਲੋੜ ਹੈ, ਸਿਰਫ਼ ਭਾਰਤ ਨੂੰ ਛੱਡ ਕੇ ਦੂਜੇ ਮੁਲਕਾਂ ਦੇ ਆਗੂ ਨੌਜਵਾਨ, ਸਿਹਤਮੰਦ ਅਤੇ ਪੜ੍ਹੇ ਲਿਖੇ ਹਨ। ਬਾਬੇ ਨਾਨਕ ਦੇ ਬੋਲਾਂ ਅਨੁਸਾਰ ਸੱਤਰ ਦੇ ਮੱਤਹੀਣ ਨੂੰ ਇਸ ਮੁਲਕ ਦਾ ਆਗੂ ਬਣਾਇਆ ਜਾਂਦਾ ਹੈ। ਬੇਸ਼ੱਕ ਉਸ ਨੂੰ ਲੋਕਾਂ ਵਿਚ ਲੈ ਕੇ ਜਾਣ ਲਈ ਚਾਰ ਮਦਦਗਾਰ ਲਾਉਣੇ ਪੈਣ।

ਸੋਚੀ-ਸਮਝੀ ਸਾਜ਼ਿਸ਼ ਅਧੀਨ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿਚ ਧੱਕਿਆ ਜਾ ਰਿਹਾ ਹੈ। ਧਰਮ-ਕਰਮ ਦੀ ਹੱਦੋਂ ਵੱਧ ਪ੍ਰੇਰਨਾ ਦੇ ਕੇ ਨਵੀਂ ਸੋਚ ਨੂੰ ਇਸ ਕਦਰ ਖੁੰਢਾ ਕੀਤਾ ਜਾ ਰਿਹਾ ਹੈ ਕਿ ਉਹ ਆਰਥਿਕ ਪਾੜੇ ਨੂੰ ਸਿਰਫ਼ ਆਪਣੇ ਪਿਛਲੇ ਜਨਮ ਦੇ ਕਰਮਾਂ ਦੇ ਫਲ ਨਾਲ ਹੀ ਜੋੜ ਕੇ ਵੇਖਣ। ਬੱਚਿਆਂ ਨੂੰ ਪੜ੍ਹਾਉਣ ਲਈ ਤਾਂ ਡਿਗਰੀ ਦੀ ਜ਼ਰੂਰਤ ਹੈ ਪਰ ਪੜ੍ਹਿਆਂ-ਲਿਖਿਆਂ ਨੂੰ ਸਬਕ ਦੇਣ ਲਈ ਅਨਪੜ੍ਹ ਸਾਧ ਹੀ ਕਾਫ਼ੀ ਨੇ, ਜੋ ਆਪਣੀ ਡਿਊਟੀ ਬਾਖੂਬੀ ਨਿਭਾਅ ਰਹੇ ਹਨ। ਵਿਡੰਬਨਾ ਇਹ ਹੈ ਕਿ ਡਿਗਰੀ ਪ੍ਰਾਪਤ ਨੌਜਵਾਨ ਨੂੰ ਆਪਣੀ ਉੱਚ ਵਿੱਦਿਆ ਪ੍ਰਾਪਤ ਡਿਗਰੀ ਉੱਤੇ ਯਕੀਨ ਘੱਟ ਹੈ ਤੇ ਕੱਚਘਰੜ ਪ੍ਰਚਾਰਕ ਦੀ ਮਿਥਿਹਾਸਕ ਕਥਾ ਉੱਤੇ ਵੱਧ। ਧਰਮ ਇਕ ਜੀਵਨ ਜਾਚ ਅਤੇ ਨਿੱਜੀ ਆਜ਼ਾਦੀ ਹੈ,ਪਰ ਜੀਵਨ ਜਾਚ ਦਾ ਇਹ ਮਤਲਬ ਨਹੀਂ ਕਿ ਤੁਸੀਂ ਆਪਣੀ ਸੋਚ ਹੀ ਖੁੰਢੀ ਕਰ ਲਓ।

ਸਾਬਕਾ ਸਰਕਾਰ ਨੇ ਬੇਰੁਜ਼ਗਾਰਾਂ ਉਤੇ ਪਰਉਪਕਾਰ ਕਰਦਿਆਂ ਕਿਹਾ ਸੀ ਕਿ ਤੀਰਥ ਯਾਤਰਾ ਵਾਲੀ ਹਰੇਕ ਰੇਲ ਗੱਡੀ ਵਿਚ ਪੰਝੀ ਸੀਟਾਂ ਬੇਰੁਜ਼ਗਾਰਾਂ ਲਈ ਰਾਖਵੀਆਂ ਹੋਣਗੀਆਂ। ਮੌਜੂਦਾ ਸਰਕਾਰ ਨੇ ਵੀ ਸੱਤਾ 'ਚ ਆਉਣ ਲਈ ਮੁਫ਼ਤ ਮੋਬਾਈਲ ਫੋਨਾਂ ਦਾ ਚੋਗਾ ਸੁੱਟਿਆ ਸੀ। ਆਪਣਾ ਕਾਰਜਕਾਲ ਪੂਰਾ ਕਰਨ ਜਾ ਰਹੀ ਕੇਂਦਰ ਸਰਕਾਰ ਵੱਲੋਂ ਵੀ ਹਰੇਕ ਦੇ ਖਾਤੇ ਵਿਚ ਪੰਦਰਾਂ ਲੱਖ ਆਉਣ ਦਾ ਜੁਮਲਾ ਹਰੇਕ ਦੀ ਯਾਦ ਦਾ ਹਿੱਸਾ ਹੈ।

ਕੀ ਬੇਰੁਜ਼ਗਾਰ ਨੌਜਵਾਨ ਖ਼ੁਦ ਸਮਰੱਥ ਨਹੀਂ ਹੋਣਾ ਚਾਹੁੰਦਾ? ਕੀ ਉਹ ਇਹ ਸੋਚਣਾ ਨਹੀਂ ਚਾਹੁੰਦਾ ਕਿ ਖੈਰਾਤ ਵਿਚ ਮਿਲੀਆਂ ਸਹੂਲਤਾਂ ਹੀ ਪ੍ਰਾਪਤ ਕਿਉਂ ਕਰੇ? ਪਰ ਦਾਤੇ ਬਣੇ ਸ਼ਾਸਕ ਸੋਚਦੇ ਹਨ ਕਿ ਨੌਜਵਾਨ ਇਹ ਸੋਚ ਹੀ ਨਾ ਸਕਣ ਕਿ ਉਹ ਬੇਰੁਜ਼ਗਾਰ ਹੀ ਕਿਉਂ ਹਨ ? ਤੇ ਚੰਦ ਲੋਕਾਂ ਕੋਲ ਏਨੀ ਮਾਇਆ ਕਿਵੇਂ ਆ ਗਈ?

ਉਸ ਨੌਜਵਾਨ ਨੇ ਮੁਲਕ ਦੀ ਤਕਦੀਰ ਕੀ ਬਦਲਣੀ ਹੈ, ਜੋ ਖੈਰਾਤ ਵਿਚ ਮਿਲੀਆਂ ਸਹੂਲਤਾਂ ਉਤੇ ਨਿਰਭਰ ਹੈ। ਜਿਸ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਹੀ ਨਹੀਂ, ਆਪਣੀ ਤਕਦੀਰ ਹੀ ਅਜਿਹੀ ਸਮਝਦਾ ਹੈ। ਇਸ ਮੁਲਕ ਵਿਚ ਅਨਪੜ੍ਹ ਸੱਸ ਪੜ੍ਹੀ-ਲਿਖੀ ਨੂੰਹ ਦੀ ਭੂਤਨੀ ਭੁਲਾਈ ਫਿਰਦੀ ਹੈ। ਅਨਪੜ੍ਹ ਪਿਉ ਇੰਜੀਨੀਅਰ ਪੁੱਤਰ ਦੀ ਡਿਗਰੀ ਪੱਲੇ ਬੰਨ੍ਹਣ ਨੂੰ ਤਿਆਰ ਨਹੀਂ। ਪਰੇਸ਼ਾਨ ਹੋਈ ਨੌਜਵਾਨੀ ਸੰਘਰਸ਼ ਕਰਨ ਦੇ ਬਦਲੇ ਨਸ਼ਿਆਂ 'ਚ ਗਲਤਾਨ ਹੋ ਰਹੀ ਹੈ। ਕੀ ਨੌਜਵਾਨ ਇਹ ਸੋਚਣ ਦੀ ਕੋਸ਼ਿਸ਼ ਕਰੇਗਾ ਕਿ ਜੋ ਦਾਤੇ ਅੱਜ ਸਾਨੂੰ ਮੁਫ਼ਤ ਸਹੂਲਤਾਂ ਦੇ ਕੇ ਆਲਸੀ ਤੇ ਨਿਕੰਮੇ ਬਣਾ ਰਹੇ ਹਨ, ਕੱਲ੍ਹ ਨੂੰ ਜੇ ਇਹ ਸਹੂਲਤਾਂ ਬੰਦ ਕਰ ਦਿੱਤੀਆਂ ਤਾਂ ਮਿਹਨਤ ਕਰਕੇ ਆਪਣੀਆਂ ਅਤੇ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰ ਸਕਣਗੇ ?

ਇਕ ਦਿਨ ਇਕ ਟੀ.ਵੀ. ਚੈਨਲ ਉੱਤੇ ਖ਼ਬਰ ਆ ਰਹੀ ਸੀ ਕਿ ਇਕ ਜ਼ਿਲ੍ਹੇ ਦਾ ਮੁਖੀ ਅਫ਼ਸਰ ਅਜੋਕੇ ਯੁੱਗ ਵਿਚ ਇਕ ਐਪ ਲਾਂਚ ਕਰਦਾ ਹੈ, ਜਿਸ ਰਾਹੀਂ ਮੁਹੱਲਿਆਂ 'ਚ ਭੁੱਖਿਆਂ ਦੀ ਪਛਾਣ ਕਰਕੇ ਸੂਚਨਾ ਦਿੱਤੀ ਜਾ ਸਕਦੀ ਹੈ। ਸਮਾਜਸੇਵੀ ਅਤੇ ਵਾਲੰਟੀਅਰ ਹੋਟਲਾਂ 'ਚੋਂ ਬਚਿਆ-ਖੁਚਿਆ ਖਾਣਾ, ਜੋ ਅਗਲੇ ਦਿਨ ਤਕ ਖਰਾਬ ਹੀ ਹੋ ਜਾਣਾ ਹੈ, ਉਹ ਘਰ-ਘਰ ਪਹੁੰਚਾਉਣਗੇ ਤਾਂ ਕਿ ਰਿਸ਼ੀਆਂ-ਮੁਨੀਆਂ ਦੇ ਦੇਸ਼ ਵਿਚ ਕੋਈ ਭੁੱਖਾ ਨਾ ਸੌਂ ਜਾਵੇ। ਪਰ ਏਹ ਯਤਨ ਕਿਉਂ ਨਹੀਂ ਕੀਤਾ ਗਿਆ ਕਿ ਉਹ ਭੁੱਖਾ ਰਿਹਾ ਹੀ ਕਿਉਂ ? ਇਸਦਾ ਜੁਆਬ ਕਿਸੇ ਕੋਲ ਨਹੀਂ।

ਸਰਕਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦੇ ਕੇ ਬਾਂਹ ਫੜਨ ਦੀ ਬਜਾਇ ਵੱਖ-ਵੱਖ ਮੁਫ਼ਤਖੋਰੀਆਂ ਸਕੀਮਾਂ ਦੇ ਕੇ ਮੰਗਤੇ ਬਣਾ ਰਹੀਆਂ ਹਨ। ਅਜੋਕਾ ਪੜ੍ਹਿਆ-ਲਿਖਿਆ ਨੌਜਵਾਨ ਅਨਪੜ੍ਹ ਸਾਧਾਂ ਦੇ ਡੇਰਿਆਂ ਦੀ ਭੀੜ ਬਣ ਰਿਹਾ ਹੈ। ਕੱਚਘਰੜ ਪ੍ਰਚਾਰਕ ਵੱਲੋਂ 'ਦੋ ਦੂਣੀ ਅੱਠ' ਅਤੇ 'ਪੱਥਰ ਹੱਸ ਪਿਆ' ਵਰਗੇ ਅਖੌਤੀ ਧਾਰਮਿਕ ਵਿਖਿਆਨ ਸੁਣ ਕੇ ਯਕੀਨ ਕਰ ਰਿਹਾ ਹੈ ਪਰ ਇਹ ਪੁੱਛਣ ਦੀ ਜੁਰੱਅਤ ਨਹੀਂ ਕਰਦਾ ਕਿ ਦੋ ਦੂਣੀ ਅੱਠ ਨਹੀਂ ਹੁੰਦੇ ਅਤੇ ਪੱਥਰ ਕਦੀ ਹੱਸਦੇ ਨਹੀਂ। ਅਜਿਹੇ ਸੁਆਲ ਕਰਨਾ ਅਵੱਗਿਆ ਸਮਝਦਾ ਹੈ।

ਜਿਸਨੂੰ ਕੋਈ ਕੰਮ ਨਹੀਂ,ਉਹ ਲੰਮਾ ਚੋਲ਼ਾ ਪਹਿਨਕੇ ਉਪਦੇਸ਼ਕ ਬਣ ਜਾਂਦਾ ਹੈ, ਕਿਸੇ ਡੇਰੇ ਦਾ ਸੰਤ ਬਣ ਜਾਂਦਾ ਹੈ। ਸਮਾਜ ਸੇਵਾ ਦੇ ਨਾਂ 'ਤੇ ਅਖੌਤੀ ਸਮਾਜਸੇਵੀ ਬਣ ਜਾਂਦਾ ਹੈ, ਝੰਡਾ ਫੜ ਕੇ ਨੇਤਾਗਿਰੀ ਕਰਨ ਲੱਗ ਜਾਂਦਾ ਹੈ। ਕਿਉਂਕਿ ਇਨ੍ਹਾਂ ਕੰਮਾਂ ਲਈ ਕਿਸੇ ਯੋਗਤਾ ਦੀ ਜ਼ਰੂਰਤ ਨਹੀਂ। ਘਰ ਭਾਵੇਂ ਕਦੀ ਕਾਂ-ਕੁੱਤੇ ਨੂੰ ਵੀ ਟੁੱਕ ਨਾ ਸੁੱਟਿਆ ਹੋਵੇ, ਘਰ ਨਿੱਕੀ ਵੱਛੀ ਵੀ ਨਾ ਰੱਖੀ ਹੋਵੇ, ਜਾਨਵਰ ਅਤੇ ਗਊ ਰੱਖਿਅਕ ਬਣ ਜਾਂਦਾ ਹੈ। ਆਪਣੇ ਘਰ ਦਾ ਕੂੜਾ ਦੂਜੇ ਦੀ ਕੰਧ ਨਾਲ ਲਾਉਣ ਵਾਲਾ ਝਾੜੂ ਫੜ ਕੇ ਤਸਵੀਰਾਂ ਖਿਚਵਾਉਂਦਾ ਸਫ਼ਾਈ ਮੁਹਿੰਮ ਦਾ ਆਗੂ ਬਣਨ ਦਾ ਨਾਟਕ ਕਰਦਾ ਹੈ।

ਅੱਜ ਨੌਜਵਾਨਾਂ ਨੂੰ ਅਜਿਹੇ ਪਾਖੰਡੀਆਂ ਅਤੇ ਸਰਕਾਰ ਚਲਾ ਰਹੇ 'ਜ਼ਿੰਮੇਵਾਰ' ਲੋਕਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਜੋ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਬਜਾਇ ਮੁਫ਼ਤਖੋਰੀਆਂ ਸਹੂਲਤਾਂ ਦੇ ਕੇ ਸ਼ਕਤੀਹੀਣ, ਨਿਕੰਮੇ ਅਤੇ ਆਲਸੀ ਬਣਾ ਰਹੇ ਹਨ। ਧਾਰਮਿਕਤਾ ਦੇ ਨਾਂ 'ਤੇ ਵਿਛਾਏ ਜਾ ਰਹੇ ਜਾਲ਼ ਤੋਂ ਸੁਚੇਤ ਹੋ ਕੇ ਆਪਣੇ ਆਪ ਨੂੰ ਬਚਾਉਣ ਦੀ ਲੋੜ ਹੈ। ਅੱਜ ਨੌਜਵਾਨੀ ਨੂੰ ਇਹ ਸੋਚਣ ਦੀ ਲੋੜ ਹੈ ਕਿ ਕਿਸੇ ਉਤੇ ਨਿਰਭਰ ਹੋ ਕੇ, ਨਿਰਭਰ ਹੀ ਰਿਹਾ ਜਾ ਸਕਦਾ ਹੈ, ਕਾਮਯਾਬ ਨਹੀਂ। ਕਿਸੇ ਸਿਆਣੇ ਦਾ ਕਥਨ ਹੈ, ਕਿ ਜ਼ਿਆਦਾ ਦੇਰ ਕੁੱਛੜ ਰਹਿਣ ਵਾਲਾ ਬੱਚਾ ਬਹੁਤ ਦੇਰ ਬਾਅਦ ਤੁਰਨਾ ਸਿੱਖਦਾ ਹੈ। ਨਿਕੰਮੇ ਪੁੱਤਰ ਤੋਂ ਤਾਂ ਮਾਂ-ਬਾਪ ਵੀ ਕੰਨੀ ਕਤਰਾਉਣ ਲੱਗ ਪੈਂਦੇ ਹਨ। ਦਰ ਆਏ ਮੰਗਤੇ ਨੂੰ ਵੀ ਅਸੀਂ ਕਹਿ ਦਿੰਦੇ ਹਾਂ, 'ਕਿ ਹੱਥੀਂ ਕੰਮ ਕਰ,ਹੱਟਾ ਕੱਟਾ ਏਂ।'

ਆਖ਼ਰ 'ਚ ਕਹਿਣਾ ਬਣਦਾ ਹੈ ਕਿ ਜੇ ਨੌਜਵਾਨ ਨੇ ਨਾ ਸੋਚਿਆ ਤਾਂ ਭੀੜ ਹੀ ਬਣਿਆ ਰਹੇਗਾ। ਸਿਆਣੇ ਭੀੜ ਦੀ ਤੁਲਨਾ ਭੇਡਾਂ ਨਾਲ ਕਰਦੇ ਹਨ ਜੋ ਇਕ ਦੂਜੀ ਦੇ ਪਿੱਛੇ ਮੈਂਅ-ਮੈਂਅ ਕਰਦੀਆਂ ਹੀ ਤੁਰਦੀਆਂ ਹਨ, ਸੱਜੇ-ਖੱਬੇ ਨਹੀਂ ਵੇਖਦੀਆਂ।

ਅੱਜ ਨੌਜਵਾਨ ਨੂੰ ਬੱਕਰੀਆਂ ਦੇ ਇੱਜੜ ਵਿਚ ਰਹਿ ਕੇ ਪਲ਼ੇ, ਬੱਕਰੀ ਬਣ ਚੁੱਕੇ ਸ਼ੇਰ ਦੇ ਉਸ ਬੱਚੇ ਵਾਂਗ ਆਪਣੀ ਤਾਕਤ ਦਾ ਅਹਿਸਾਸ ਖ਼ੁਦ ਕਰਨਾ ਪੈਣਾ ਹੈ। ਉਸਦੇ ਸ਼ੇਰ ਹੋਣ ਦੀ ਫੂਕ ਉਸਦੇ ਕੰਨ ਵਿਚ ਸਹੂਲਤਾਂ ਦੇ ਕੇ ਨਿਕੰਮੇ ਅਤੇ ਆਲਸੀ ਬਣਾਉਣ ਵਾਲਿਆਂ ਨਹੀਂ ਮਾਰਨੀ! •

> ਪੜ੍ਹਿਆਂ-ਲਿਖਿਆਂ ਨੂੰ ਸਬਕ ਦੇਣ ਲਈ ਅਨਪੜ੍ਹ ਸਾਧ ਹੀ ਕਾਫ਼ੀ ਨੇ, ਜੋ ਆਪਣੀ ਡਿਊਟੀ ਬਾਖੂਬੀ ਨਿਭਾਅ ਰਹੇ ਹਨ। ਵਿਡੰਬਨਾ ਇਹ ਹੈ ਕਿ ਡਿਗਰੀ ਪ੍ਰਾਪਤ ਨੌਜਵਾਨ ਨੂੰ ਆਪਣੀ ਉੱਚ ਵਿੱਦਿਆ ਪ੍ਰਾਪਤ ਡਿਗਰੀ ਉੱਤੇ ਯਕੀਨ ਘੱਟ ਹੈ ਤੇ ਕੱਚਘਰੜ ਪ੍ਰਚਾਰਕ ਦੀ ਮਿਥਿਹਾਸਕ ਕਥਾ ਉੱਤੇ ਵੱਧ...



ਵਿਅੰਗ

# ਯੋਗ ਨਿਗਰਾਨ ਅਮਲੇ ਦੀ ਤਲਾਸ਼





• ਪ੍ਰਿੰ. ਬਲਦੇਵ ਸਿੰਘ ਆਜ਼ਾਦ
94176-71364

ਪ੍ਰਿੰਸੀਪਲ ਕਲੇਸ਼ ਕੁਮਾਰ ਮਿੱਤਰ ਨੇ ਸਾਲਾਨਾ ਪ੍ਰੀਖਿਆ ਨੇੜੇ ਹੋਣ ਕਰਕੇ ਅੱਜ ਆਪਣੇ ਸਮੁੱਚੇ ਸਟਾਫ ਦੀ ਹੰਗਾਮੀ ਮੀਟਿੰਗ ਬੁਲਾਈ ਹੋਈ ਹੈ। ਜਿਸ ਵਿਚ ਪ੍ਰੀਖਿਆ ਕੇਂਦਰ ਵਾਸਤੇ ਯੋਗ ਨਿਗਰਾਨ ਅਮਲੇ ਦੀ ਤਲਾਸ਼ ਲਈ ਅਧਿਆਪਕ ਆਪੋ-ਆਪਣੇ ਵਿਚਾਰ ਪੇਸ਼ ਕਰ ਰਹੇ ਹਨ।

'ਪ੍ਰਿੰਸੀਪਲ ਸਾਹਿਬ ਜੀ, ਐਤਕੀਂ ਆਪਾਂ ਉਹੀ ਨਿਗਰਾਨ ਅਮਲਾ ਆਪਣੇ ਸੈਂਟਰ ਵਿਚ ਲਗਾਉਣਾ ਹੈ, ਜਿਹੜਾ ਖਾਣ-ਪੀਣ ਵਾਲਾ ਹੋਵੇ ਤਾਂ ਕਿ ਖਾਣ-ਪੀਣ ਉਪਰੰਤ ਉਹ ਆਪਣੇ ਬੱਚਿਆਂ ਨੂੰ ਪਰਚੀਆਂ ਦੇ ਖੁੱਲ੍ਹੇ ਗੱਫੇ ਦੇ ਕੇ ਨਿਹਾਲ ਕਰ ਸਕੇ। ਪਿਛਲੇ ਸਾਲ ਵੈਸ਼ਨੂੰ ਬੰਦਿਆਂ ਨੇ ਆਪਣਾ ਬੜਾ ਲਹੂ ਪੀਤਾ ਸੀ। ਖ਼ਰਚਾ ਵੀ ਵਾਧੂ ਕਰਵਾ ਦਿੱਤਾ ਤੇ ਜੁਆਕਾਂ ਨੂੰ ਖੰਘਣ ਵੀ ਨਹੀਂ ਦਿੱਤਾ।' ਪੀ.ਟੀ.ਆਈ. ਮਿੱਠਾ ਸਿੰਘ ਹਰਖੀ ਸਭ ਤੋਂ ਪਹਿਲਾਂ ਪ੍ਰਵਚਨ ਕਰਦੇ ਹਨ।

'ਪਿਆਰੇ ਮਿੱਤਰੋ, ਐਸ ਵਾਰ ਉੱਪਰੋਂ ਵੀ ਪੂਰੀ ਸਖ਼ਤਾਈ ਹੋਣ ਦੀ ਸੰਭਾਵਨਾ ਐ। ਪਰ ਕੋਈ ਨਾ, ਵੇਖੀ ਜਾਊ ਜੋ ਹੋਊ। ਤੁਸੀਂ ਨਕਲ ਫ਼ੰਡ ਪੰਜ ਸੌ ਰੁਪਿਆ ਪ੍ਰਤੀ ਬੱਚਾ ਲੈ ਲਓ। ਏਸ ਨਕਲ ਫ਼ੰਡ ਵਿੱਚੋਂ ਹੀ ਆਪਾਂ ਨਿਗਰਾਨ ਅਮਲੇ ਨੂੰ ਸੋਮਰਸ ਪਿਆਉਣੈ, ਡਲਾ ਸਾਹਿਬ ਛਕਾਉਣੈ, ਫਲਾਈਂਗ ਵਾਲਿਆਂ ਦਾ ਪਿਸਤੇ-ਬਦਾਮਾਂ ਨਾਲ ਮੂੰਹ ਜੁਠਾਉਣੈ ਅਤੇ ਦਫ਼ਤਰ ਵਾਲਿਆਂ ਦੇ ਅਗਾਊਂ ਛਾਪਾ- ਸਕੁਐਡ ਸਬੰਧੀ ਸੂਚਨਾ ਦੇਣ ਹਿਤ ਤਿਲ-ਫੁੱਲ ਝੋਲੀ ਵਿਚ ਪਾਉਣੈ ... ਤੁਸੀਂ ਸਾਰੇ ਮਿੱਤਰ ਨਕਲ ਫੰਡ ਵਿਚ ਰਲ-ਮਿਲ ਕੇ ਭਰਪੂਰ ਯੋਗਦਾਨ ਪਾਓ। ਹਾਂ, ਦੱਸੋ ਫਿਰ ਕਿਹੜੇ-ਕਿਹੜੇ ਬੰਦੇ ਰੱਖਣੇ ਆਂ ਐਤਕੀਂ ਸੈਂਟਰ ਵਿਚ ...।' ਪ੍ਰਿੰਸੀਪਲ ਕਲੇਸ਼ ਕੁਮਾਰ ਮਿੱਤਰ ਜ਼ਰੂਰੀ ਨਿਰਦੇਸ਼ ਦੇਣ ਤੋਂ ਬਾਅਦ ਆਪਣੇ ਸਟਾਫ਼ ਨੂੰ ਟੋਂਹਦੇ ਹਨ।

'ਅੰਗਰੇਜ਼ੀ ਤੇ ਸਮਾਜਿਕ ਸਿੱਖਿਆ ਵਾਸਤੇ ਤਾਂ ਬਲੈਕੀਆਂ ਦਾ ਮੁਕੇਸ਼ ਮੁੱਚਰ ਠੀਕ ਰਹੂ ਜੀ। ਸ਼ਹਿਰ ਵਿਚ ਉਸ ਨੇ ਆਪਣੀ ਇਕ ਅਕੈਡਮੀ ਵੀ ਖੋਲ੍ਹੀ ਹੋਈ ਐ। ਨਕਲ ਦੇ ਖੇਤਰ ਵਿਚ ਉਸ ਨੇ ਤੇ ਉਸ ਦੀ ਅਕੈਡਮੀ ਨੇ ਬਹੁਤ ਮੱਲਾਂ ਮਾਰੀਆਂ ਹੋਈਆਂ ਹਨ। ਉਹ ਤਾਂ ਐਨਾ ਨਿਡਰ ਐ ਕਿ ਚਲਦੀ ਪ੍ਰੀਖਿਆ ਦੌਰਾਨ ਬੋਰਡ 'ਤੇ ਹੀ ਸੁਆਲ ਹੱਲ ਕਰ ਦਿੰਦੈ। ਨਿਡਰ ਹੋਵੇ ਵੀ ਕਿਉਂ ਨਾ, ਉਹ ਆਪਣੇ ਇਲਾਕੇ ਦੇ ਚੋਟੀ ਦੇ ਨੇਤਾ ਸ੍ਰੀ ਲੋਟੂ ਲਾਲ ਜੀ ਨੂੰ ਹਰ ਇਲੈਕਸ਼ਨ ਵਿਚ ਚੋਣ ਫੰਡ ਖੁੱਲ੍ਹੇ ਦਿਲ ਨਾਲ ਭੇਟ ਕਰਦੈ ਅਤੇ ਹਰ ਰੋਜ਼ ਉਹਦੀ ਚੌਕੀ ਵੀ ਭਰਦੈ।' ਡਰਾਇੰਗ ਟੀਚਰ ਸ੍ਰੀ ਲੀਲੂ ਲੂਤਲ ਜੀ ਨੇ ਪ੍ਰੀਖਿਆ ਕੇਂਦਰ ਲਈ ਯੋਗ ਅਧਿਆਪਕ ਦੀ ਦੱਸ ਪਾਉਂਦਿਆਂ ਆਪਣੀ ਹਵਾੜ ਕੱਢੀ।

'ਹਿੰਦੀ ਵਾਸਤੇ ਸ਼ੂਕਾ ਠਰਕੀ ਠੀਕ ਰਹੇਗਾ। ਊਂ ਵੀ ਬੰਦਾ ਰੌਣਕੀ ਐ ਤੇ ਖਾਣ-ਪੀਣ ਵਿਚ ਪੂਰਾ ਵਿਸ਼ਵਾਸ ਰੱਖਦੈ।' ਸਾਇੰਸ ਮਾਸਟਰ ਭਿੰਦਰ ਭੇੜੂ ਜੀ ਟੀਂਡੇ ਵਾਂਗ ਤਿੜਕੇ।

'ਉਹਨੂੰ ਹਿੰਦੀ ਕਿੱਥੇ ਆਉਂਦੀ ਐ ਯਾਰ। ਨੋਟਾਂ ਦੀ ਪੰਡ ਦੇ ਕੇ ਤਾਂ ਉਹ ਮਾਸਟਰ ਭਰਤੀ ਹੋਇਐ। ਜੇ ਕੋਈ ਜੁਆਕ ਸੁਆਲ ਪੁੱਛ ਲਏ ਤਾਂ ਉਸ ਨੂੰ ਭੂਤਰੀ ਢਾਂਡੀ ਵਾਂਗ ਪੈ ਨਿਕਲਦੈ। ਅਖੇ ਸਹੁਰੀ ਦੇ ਭੋਰਾ ਆਰਾਮ ਵੀ ਨਹੀਂ ਕਰਨ ਦਿੰਦੇ। ਥੋਨੂੰ ਭਲਾ ਗਾਈਡ ਕਾਸਨੂੰ ਲੁਆਈ ਐ, ਓਸ ਤੋਂ ਵੇਖ ਲਓ।' ਸ਼ੂਕੇ ਠਰਕੀ ਦਾ ਇਕ ਸ਼ੁਭਚਿੰਤਕ ਉਸ ਨੂੰ ਦੁੱਧ ਵਿਚ ਪੱਤੀ ਪਾਉਂਦਾ ਹੈ।

'ਭਾਈਜਾਨ, ਇਹ ਤਾਂ ਸਾਰੇ ਜਾਣਦੇ ਹਨ ਕਿ ਸ਼ੂਕਾ ਠਰਕੀ ਹਿੰਦੀ ਤੋਂ ਬਿਲਕੁਲ ਕੋਰਾ ਹੈ ਪਰ ਗਾਈਡ ਤੋਂ ਪਰਚੀਆਂ ਪੁੱਟਣੀਆਂ ਕਿਹੜੀਆਂ ਔਖੀਆਂ ਨੇ? ਨਾਲੇ ਚੌਕੀ ਵਾਲਾ ਠਾਣੇਦਾਰ ਇਹਦਾ ਚੰਗਾ ਜਾਣੂੰ ਐ। ਹਰ ਰੋਜ਼ ਕੱਠੇ ਬਹਿ ਕੇ ਦਾਰੂ ਪੀਂਦੇ ਹਨ। ਜੇ ਕੱਲ ਨੂੰ ਪ੍ਰੀਖਿਆ ਕੇਂਦਰ ਵਿਚ ਕੋਈ ਗੜਬੜ ਹੋਗੀ ਤਾਂ ਸ਼ੂਕਾ ਠਰਕੀ ਆਪੇ ਸਾਂਭ ਲਵੇਗਾ।' ਪ੍ਰਿੰਸੀਪਲ ਸਾਹਿਬ ਜੀ, ਤੁਸੀਂ ਠਰਕੀ ਨੂੰ ਨਿਗਰਾਨ ਲਾਜ਼ਮੀ ਲਾਓ।"

'ਠੀਕ ਆ ਭੇੜੂ ਜੀ, ਸ਼ੂਕਾ ਠਰਕੀ ਸੁਪਰਵਾਈਜ਼ਰ ਦੇ ਤੌਰ 'ਤੇ ਪੱਕਾ। ਹੁਣ ਕਿਸੇ ਮੈਡਮ ਦੀ ਦੱਸ ਵੀ ਪਾਓ। ਲੜਕੀਆਂ ਵਾਸਤੇ ਲੇਡੀ ਨਿਗਰਾਨ ਵੀ ਤਾਂ ਜ਼ਰੂਰ ਚਾਹੀਦੀ ਐ।' ਪ੍ਰਿੰਸੀਪਲ ਕਲੇਸ਼ ਕੁਮਾਰ ਮਿੱਤਰ ਹੰਗਾਮੀ ਮੀਟਿੰਗ ਦੀ ਪੂਰੀ ਮੁਸਤੈਦੀ ਨਾਲ ਪ੍ਰਧਾਨਗੀ ਕਰ ਰਹੇ ਸਨ।

'ਲੜਕੀਆਂ ਵਾਸਤੇ ਨਿਗਰਾਨ ਦੇ ਤੌਰ 'ਤੇ ਮਨੀਸ਼ਾ ਮੈਡਮ ਠੀਕ ਰਹੂ ਜੀ। ਹੈ ਵੀ ਉਹ ਸਾਇੰਸ ਮਿਸਟ੍ਰੈਸ। ਮੈਥ ਅਤੇ ਸਾਇੰਸ ਦੇ ਪੂਰੇ ਮਾਹਿਰ ਹਨ। ਊਂ ਵੀ ਨਰਮ ਸੁਭਾਅ ਦੇ ਹਨ। ਜੇ ਕੋਈ ਅਧਿਆਪਕ ਧੱਕੇ ਨਾਲ ਸੈਂਟਰ ਵਿਚ ਜਾ ਕੇ ਬੱਚਿਆਂ ਨੂੰ ਪਰਚੀਆਂ ਵਗੈਰਾ ਦੇ ਆਵੇ ਤਾਂ ਉਹ ਬਹੁਤਾ ਵਿਰੋਧ ਵੀ ਨਹੀਂ ਕਰਦੇ।'

'ਮਿੱਤਰ ਪਿਆਰਿਓ, ਡਿਪਟੀ ਸੁਪਰਡੈਂਟ ਲਈ ਵੀ ਕੋਈ ਲਾਇਕ ਜਿਹਾ ਅਧਿਆਪਕ ਚੁਣ ਲਓ ਲੱਗਦੇ ਹੱਥ।' ਪ੍ਰਿੰਸੀਪਲ ਸਾਹਿਬ ਅੱਜ ਹੀ ਪ੍ਰੀਖਿਆ ਕੇਂਦਰ ਲਈ ਸਮੁੱਚੇ ਸਟਾਫ਼ ਦੀ ਚੋਣ ਕਰ ਲੈਣਾ ਚਾਹੁੰਦੇ ਸਨ।

'ਚੂਚੀ ਚੂੰਢੀ-ਵੱਢ ਡਿਪਟੀ ਸੁਪਰਡੈਂਟ ਵਾਸਤੇ ਫੰਨੇ ਖਾਂ ਰਹੂ ਜੀ। ਨਕਲ ਮਰਵਾਉਣ ਦਾ ਉਸਦਾ ਪਿਛਲੇ ਪੱਚੀ ਸਾਲ ਦਾ ਸਫ਼ਲ ਤਜਰਬਾ ਐ। ਬੱਚਿਆਂ ਦੇ ਦਸਤਖ਼ਤ ਕਰਵਾਉਂਦਿਆਂ-ਕਰਵਾਉਂਦਿਆਂ ਉਹ ਬੜੀ ਫ਼ੁਰਤੀ ਨਾਲ ਪਰਚੀਆਂ ਵੀ ਸਪਲਾਈ ਕਰ ਦਿੰਦਾ ਐ ਤੇ ਜੇ ਕਿਤੇ ਸੈਂਟਰ ਵਿਚ ਫਲਾਈਂਗ ਵਾਲੇ ਆ ਧਮਕਣ ਤਾਂ ਮੌਕਾ ਸੰਭਾਲਣ ਦੀ ਪੂਰੀ ਯੋਗਤਾ ਵੀ ਰੱਖਦੈ। ਵੈਸੇ ਚੂਚੀ ਦਾਰੂ ਪੀਣ ਦਾ ਸ਼ੌਕੀਨ ਐ ਤੇ ਦਾਰੂ ਪੀ ਕੇ ਖਰੀ ਵੀ ਜ਼ਰੂਰ ਕਰਦੈ। ਜੇ ਇਸ ਨੂੰ ਦਾਰੂ ਪ੍ਰੀਖਿਆ ਦੌਰਾਨ ਪਿਆਈ ਤਾਂ ਜੁਆਕਾਂ ਦੇ ਚੂੰਢੀਆਂ ਵੱਢੂ ਤੇ ਜੇ ਬਾਅਦ ਵਿਚ ਪਿਆਈ ਤਾਂ ਆਪਣੇ ਵੱਢੂ। ਹੁਣ ਫ਼ੈਸਲਾ ਸਾਰਾ ਸਟਾਫ ਕਰ ਲਓ ਕਿ ਚੂੰਢੀਆਂ ਜੁਆਕਾਂ ਦੇ ਵਢਾਉਣੀਆਂ ਕਿ ਆਵਦੇ।' ਸਕੂਲ ਦਾ ਸੇਵਾਦਾਰ ਸੁੱਚਾ ਸਿੰਘ ਸੁਰਮਚੂ ਵੀ ਨਕਲ ਦੇ ਇਸ ਮਹਾਂਕੁੰਭ ਵਿਚ ਆਪਣਾ ਭਰਪੂਰ ਯੋਗਦਾਨ ਪਾਉਣ ਲਈ ਔਨ ਰੈੱਡ-ਐਲਰਟ ਖੜ੍ਹਾ ਸੀ।

'ਤੇ ਕਲਰਕ ਦਾ ਕੰਮ ਕੌਣ ਸਾਂਭੂ? ਇਹਦੇ ਲਈ ਕੋਈ ਢੁੱਕਵਾਂ ਜਿਹਾ ਬੰਦਾ ਲੱਭੋ।' ਪ੍ਰਿੰਸੀਪਲ ਸਾਹਿਬ ਨੇ ਸਮੁੱਚੇ ਸਟਾਫ ਵੱਲ ਘੋਖਵੀਂ ਨਿਗਾ ਨਾਲ ਤੱਕਿਆ।

'ਇਹਦੇ ਲਈ ਡਰਾਇੰਗ ਟੀਚਰ ਪੜਤਾ ਸਿੰਘ ਸੰਧੂ ਠੀਕ ਰਹੂ ਜੀ। ਉਹਨੂੰ ਸੀਟਿੰਗ-ਪਲਾਨ ਬਣਾਉਣ ਦਾ ਪੂਰਾ ਤਜਰਬਾ ਐ। ਪ੍ਰਸ਼ਨ ਪੱਤਰ ਅਤੇ ਆਨਸਰ ਸ਼ੀਟਾਂ ਦਾ ਬੈਲੈਂਸ ਕੱਢਣਾ ਉਹਦੇ ਲਈ ਚੁਟਕੀ ਦਾ ਕੰਮ ਐ। ਆਪਣੇ ਸਕੂਲ ਦੇ ਬੱਚੇ ਉਹ ਹਰ ਰੋਜ਼ ਇਕ ਵੱਖਰੇ ਕਮਰੇ ਵਿਚ ਕੱਢ ਦਿਆ ਕਰੂ। ਜਿਸ ਨਾਲ ਆਪਾਂ ਸਮੂਹਿਕ ਰੂਪ ਵਿਚ ਬੇ-ਝਿਜਕ ਹੋ ਕੇ ਬੱਚਿਆਂ ਨੂੰ ਨਕਲ ਕਰਵਾ ਦਿਆ ਕਰਾਂਗੇ ਤੇ ਆਪਣਾ ਰਿਜ਼ਲਟ ਸੌ ਪ੍ਰਸੈਂਟ ਪੱਕਾ। ਬਾਕੀ ਪੜਤਾ ਸਿੰਘ ਸੰਧੂ ਦੇ ਦਫ਼ਤਰ ਵਿਚ ਵੀ ਪੂਰੇ ਸੈੱਲ ਹਨ। ਕਿਹੜੇ ਪਾਸੇ ਕਿਹੜੀ ਫਲਾਈਂਗ ਪਾਰਟੀ ਜਾ ਰਹੀ ਐ- ਇਹਦੀ ਜਾਣਕਾਰੀ ਉਸ ਨੂੰ ਮਿੰਟ-ਮਿੰਟ ਬਾਅਦ ਮਿਲਦੀ ਰਹਿੰਦੀ ਐ। ਰੱਬ ਨਾ ਕਰੇ, ਜੇ ਕੋਈ ਜੁਆਕ ਨਕਲ ਮਾਰਦਾ ਫੜਿਆ ਵੀ ਜਾਵੇ ਤਾਂ ਉਸ ਨੂੰ ਬਚਾਉਣ ਲਈ ਉਹਦੇ ਕੋਲ ਅਨੇਕਾਂ ਹੀ ਗੋਲਡਨ ਫਾਰਮੂਲੇ ਹਨ।

ਪੜਤਾ ਸਿੰਘ ਸੰਧੂ ਦੀਆਂ ਸੇਵਾਵਾਂ ਹਾਸਿਲ ਕਰਨ ਲਈ ਤਾਂ ਬਹੁਤ ਸਾਰੇ ਸੈਂਟਰ ਮੁਖੀ ਹੁਣ ਤੋਂ ਹੀ ਉਹਦੇ ਨਾਲ ਜੋੜ-ਤੋੜ ਕਰਨ ਲੱਗ ਪਏ ਹਨ। ਜੇ ਤੁਸੀਂ ਹੁਕਮ ਕਰੋ ਤਾਂ ਮੈਂ ਉਸ ਨੂੰ ਆਪਣੇ ਸੈਂਟਰ ਵਿਚ ਲਿਆ ਸਕਦਾ ਹਾਂ।' ਲਾਇਬ੍ਰੇਰੀ ਅਟੈਂਡੈਂਟ ਚਰਨ ਸਿੰਘ ਚਸਕੀ ਵੀ ਸਾਲਾਨਾ ਪ੍ਰੀਖਿਆ ਬਾਰੇ ਪੂਰਾ ਚਸਕਾ ਰੱਖਦਾ ਸੀ।

'ਠੀਕ ਐ ਮਿੱਤਰ ਪਿਆਰਿਓ, ਮੈਂ ਤੁਹਾਡੇ ਸਭਨਾ ਵੱਲੋਂ ਦੱਸੇ ਗਏ ਨਿਗਰਾਨ ਅਮਲੇ ਨੂੰ ਆਪਣੇ ਸਕੂਲ ਦੇ ਸੈਂਟਰ ਵਿਚ ਲਿਆਉਣ ਦੀ ਪੂਰੀ ਕੋਸ਼ਿਸ਼ ਕਰਾਂਗਾ। ਆਪਾਂ ਸਾਰਿਆਂ ਨੇ ਰਲ-ਮਿਲ ਸਰਪੰਚਾਂ ਦੇ ਕਾਕੇ ਕੰਤਾ ਕੋਕੜੂ, ਜ਼ੈਲਦਾਰਾਂ ਦੇ ਹੜ੍ਹੋਕਨ ਹੁੱਜਤੀ ਅਤੇ ਜਥੇਦਾਰ ਘਪਲਾ ਸਿੰਘ ਨਿਰਦੋਸ਼ ਦੇ ਕਾਕੇ ਝੰਡੂ ਝਖੇੜਾ ਨੂੰ ਮੈਰਿਟ ਲਿਸਟ ਵਿਚ ਲਿਆਉਣ ਲਈ ਵਿਸ਼ੇਸ਼ ਉਪਰਾਲੇ ਕਰਨੇ ਹਨ। ਇਨ੍ਹਾਂ ਸਭ ਮਿੱਤਰਾਂ ਦੀ ਅਪਾਰ ਕਿਰਪਾ ਨਾਲ ਹੀ ਮੈਨੂੰ ਪਿਛਲੇ ਸਾਲ ਸਟੇਟ ਐਵਾਰਡ ਮਿਲਿਆ ਸੀ। ਵੈਸੇ ਵੀ ਇਹ ਸਭ ਹਰ ਔਕੜ ਵਿਚ ਆਪਣੇ ਅੰਗ-ਸੰਗ ਰਹਿੰਦੇ ਹਨ।

ਬਾਕੀ ਤੁਸੀਂ ਸਾਰੇ ਹੀ ਸਿਆਣੇ ਅਤੇ ਪੂਰੇ ਤਜਰਬੇਕਾਰ ਹੋ। ਆਪੋ-ਆਪਣੇ ਰਿਜ਼ਲਟ ਬਣਾਉਣ ਲਈ ਤੁਸੀਂ ਬੱਚਿਆਂ ਨੂੰ ਮਹੱਤਵਪੂਰਨ ਪ੍ਰਸ਼ਨਾਂ 'ਤੇ ਨਿਸ਼ਾਨੀਆਂ ਲੁਆ ਦਿਓ ਤਾਂ ਕਿ ਸਾਰੇ ਬੱਚੇ ਅੱਜ ਤੋਂ ਹੀ ਪਰਚੀਆਂ ਬਣਾਉਣ ਦੇ ਨੇਕ ਕਾਰਜ ਵਿਚ ਜੁਟ ਜਾਣ।' •

> 'ਅੰਗਰੇਜ਼ੀ ਤੇ ਸਮਾਜਿਕ ਸਿੱਖਿਆ ਵਾਸਤੇ ਤਾਂ ਬਲੈਕੀਆਂ ਦਾ ਮੁਕੇਸ਼ ਮੁੱਚਰ ਠੀਕ ਰਹੂ ਜੀ। ਸ਼ਹਿਰ ਵਿਚ ਉਸ ਨੇ ਆਪਣੀ ਇਕ ਅਕੈਡਮੀ ਵੀ ਖੋਲ੍ਹੀ ਹੋਈ ਐ। ਨਕਲ ਦੇ ਖੇਤਰ ਵਿਚ ਉਸ ਨੇ ਤੇ ਉਸ ਦੀ ਅਕੈਡਮੀ ਨੇ ਬਹੁਤ ਮੱਲਾਂ ਮਾਰੀਆਂ ਹੋਈਆਂ ਹਨ। ਉਹ ਤਾਂ ਐਨਾ ਨਿਡਰ ਐ ਕਿ ਚਲਦੀ ਪ੍ਰੀਖਿਆ ਦੌਰਾਨ ਬੋਰਡ 'ਤੇ ਹੀ ਸੁਆਲ ਹੱਲ ਕਰ ਦਿੰਦੈ।

## ਪੁਸਤਕ ਚਰਚਾ


ਜਸਵੰਤ ਜੱਸੀ ਸ਼ੀਮਾਰ ਦਾ ਇਹ ਪਲੇਠਾ ਕਾਵਿ-ਸੰਗ੍ਰਹਿ ਹੈ। ਸੰਗ੍ਰਹਿ ਵਿਚ ਸ਼ਾਮਲ ਕਵਿਤਾ ਦੀ ਗੱਲ ਕਰੀਏ ਤਾਂ ਇਹ ਰਵਾਇਤੀ ਕਿਸਮ ਦੀ ਸਰਲੀਕ੍ਰਿਤ ਕਵਿਤਾ ਹੈ। ਹਾਲੇ ਇਹ ਕਵਿਤਾ ਅਭਿਧਾ ਮੂਲਕ ਅਰਥਾਂ ਦੀ ਪ੍ਰਤੀਤੀ ਕਰਵਾਉਣ ਤਕ ਹੀ ਸੀਮਿਤ ਹੈ। ਜਸਵੰਤ ਜੱਸੀ ਦੀ ਕਾਵਿ ਸੰਸਾਰ ਵਿਚ ਇਹ ਸ਼ਮੂਲੀਅਤ ਮੁਬਾਰਕ ਹੈ ਪਰ ਹਾਲੇ ਉਸਨੇ ਇਸ ਖੇਤਰ ਵਿਚ ਲੰਮਾ ਸਫ਼ਰ ਤੈਅ ਕਰਨਾ ਹੈ। ਪਰਵਾਸੀ ਕਵਿਤਾ ਵਿਚ ਭੂ ਹੇਰਵਾ ਸ਼ੁਰੂਆਤੀ ਦੌਰ ਵਿਚ ਭਾਰੂ ਰਿਹਾ ਹੈ। ਨਸਲੀ ਵਿਤਕਰਾ ਵੀ ਇਸ ਦਾ ਅੰਗ ਬਣ ਚੁਕਿਆ ਹੈ ਲੇਕਿਨ ਹੁਣ ਇਹ ਪਰਵਾਸੀ ਕਵਿਤਾ ਲਈ ਬੀਤੇ ਸਮੇਂ ਦੀ ਬਾਤ ਬਣ ਚੁੱਕੇ ਥੀਮਿਕ ਸਰੋਕਾਰ ਹਨ ਜੋ ਏਥੇ ਇਸ ਸੰਗ੍ਰਹਿ ਦੀ ਕਵਿਤਾ ਦਾ ਅੰਗ ਬਣਦੇ ਦੇਖੇ ਜਾ ਸਕਦੇ ਹਨ । ਇਹ ਇਕ ਪ੍ਰਕਾਰ ਦੀ ਕੋਰੀ ਭਾਵੁਕਤਾ ਹੀ ਹੈ ਜਿਸ ਦਾ ਯਥਾਰਥ ਨਾਲ ਦੂਰ ਦਾ ਵੀ ਨਾਤਾ ਨਹੀਂ ਹੈ। ਜੇ ਇਹ ਯਥਾਰਥਕ ਹੁੰਦੀ ਤਾਂ ਅੱਜ ਇਹ ਹਾਲਾਤ ਨਾ ਹੁੰਦੇ ਜਿੱਥੇ ਸਵਾ ਲੱਖ ਦੇ ਕਰੀਬ ਨੌਜਵਾਨ ਬੱਚੇ ਪੜ੍ਹਾਈ ਦੇ ਪੱਜ ਵਿਦੇਸ਼ਾਂ 'ਚ ਪੱਕੇ ਹੋਣ ਲਈ ਉਡਾਰੀਆਂ ਮਾਰ ਰਹੇ ਹਨ।

ਸੰਘਰਸ਼ ਦਾ ਸੱਦਾ ਦਿੰਦੀ ਕਵਿਤਾ ਕਾਵਿਕਤਾ ਤਿਆਗ ਕੇ ਨਾਹਰੇਬਾਜ਼ੀ ਦਾ ਸ਼ਿਕਾਰ ਹੋ ਜਾਂਦੀ ਹੈ। ਕਵੀ ਅੰਬੇਡਕਰੀ ਇਨਕਲਾਬ ਦਾ ਹਾਮੀ ਹੈ। ਕਵੀ ਡਾ. ਭੀਮਰਾਓ ਅੰਬੇਡਕਰ ਦੇ ਫਲਸਫ਼ੇ ਦੇ ਅਧਿਐਨ ਦੁਆਰਾ ਆਪਣੀ ਚੇਤਨਾ ਨੂੰ ਤਿੱਖਾ ਕਰਕੇ ਤਬਦੀਲੀ ਲਈ ਸੰਘਰਸ਼ ਕਰਨ ਦਾ ਹਾਮੀ ਹੈ। ਰੁਮਾਂਸ ਤੇ ਕਵਿਤਾ ਦਾ ਚੋਲੀ ਦਾਮਨ ਦਾ ਸਾਥ ਹੈ। ਇਸ ਸੰਗ੍ਰਹਿ ਵਿਚ ਵੀ ਕੁਝ ਰੁਮਾਂਸਵਾਦੀ ਕਵਿਤਾਵਾਂ ਸ਼ਾਮਲ ਹਨ । ਪਰਵਾਸ ਵਿਚ ਰਹਿੰਦਿਆਂ ਆਵਾਸ ਦੇ ਰੰਗੀਨ ਦ੍ਰਿਸ਼ ਯਾਦ ਕਰ-ਕਰ ਕੇ ਉਹ ਭਾਵੁਕਤਾ ਦੇ ਵਹਿਣ ਵਿਚ ਵਹਿ ਤੁਰਦਾ ਹੈ। ਉਹ ਰਹਿੰਦਾ ਭਾਵੇਂ ਵਿਦੇਸ਼ ਵਿਚ ਹੈ ਪਰ ਦਿਲ ਉਸਦਾ ਆਪਣੇ ਦੇਸ ਪੰਜਾਬ ਵਿਚ ਧੜਕ ਰਿਹਾ ਹੈ। ਇਸ ਕਵਿਤਾ ਦਾ ਵਿਚਾਰਧਾਰਕ ਪੱਖ ਤਾਂ ਮਜ਼ਬੂਤ ਹੈ ਲੇਕਿਨ ਕਾਵਿਕ ਪੱਖ ਤੋਂ ਕੁਝ ਹੋਰ ਮਿਹਨਤ ਕਰਨ ਦੀ ਜ਼ਰੂਰਤ ਹੈ। ਕਵੀ ਨੂੰ ਚਾਹੀਦਾ ਹੈ ਕਿ ਉਹ ਸਾਡੀ ਮਹਾਨ ਵਿਰਾਸਤੀ ਕਵਿਤਾ ਦਾ ਅਧਿਐਨ ਕਰੇ ਕਿਉਂਕਿ ਜਿੱਥੇ ਪੰਜਾਬੀ ਕਵਿਤਾ ਪਹੁੰਚ ਚੁੱਕੀ ਹੈ ਉਸ ਤੋਂ ਅਗਲੇ ਪੜਾਓ ਦੀ ਕਵਿਤਾ ਲਿਖ ਸਕੇ।

• ਡਾ. ਰਾਮ ਮੂਰਤੀ





ਸ਼ਾਇਰ ਦੀ ਕਲਮ ਤੋਂ ਲਿਖੀ ਇਹ ਪੰਜਵੀਂ ਪੁਸਤਕ ਹੈ। ਕਵੀ ਸੁਰਿੰਦਰ ਸਿੰਘ ਸੋਹਣਾ ਦਾ ਸਿੱਖ ਧਰਮ ਇਤਿਹਾਸ ਨਾਲ ਗਹਿਰਾ ਮੋਹ ਹੈ ਤੇ ਸਿੱਖ ਰਹੁਰੀਤਾਂ ਵਿਚ ਅਟੁਟ ਵਿਸ਼ਵਾਸ ਹੈ। ਪਹਿਲੀ ਕਵਿਤਾ ਵਿਚ ਸ਼ਾਇਰ ਨੇ ਗੁਰੂ ਨਾਨਕ ਦੇਵ ਜੀ ਨੂੰ ਸਿਜਦਾ ਕੀਤਾ ਹੈ। ਉਸ ਜਗ ਤੋਂ ਧੁੰਦ ਮਿਟਾਈ ਸੀ /ਉਹ ਧੁਰੋਂ ਜੋਤ ਇਲਾਹੀ ਸੀ। ਪ੍ਰਸਿੱਧ ਸ਼ਾਇਰ ਤੇ ਸੰਪਾਦਕ ਡਾ ਅਮਰਜੀਤ ਕੌਂਕੇ ਨੇ ਕਾਵਿ ਸੰਗ੍ਰਹਿ ਦੇ ਵਿਸ਼ਿਆਂ ਬਾਰੇ ਤੇ ਸ਼ਾਇਰ ਦੀ ਸਿੱਖੀ ਵਿਚ ਆਸਥਾ ਬਾਰੇ ਚਿੰਤਨਸ਼ੀਲ ਵਿਚਾਰ ਲਿਖੇ ਹਨ । ਪੁਸਤਕ ਦੀਆਂ ਕਵਿਤਾਵਾਂ ਵਿਚ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੀ ਦੇਸ਼ ਕੌਮ ਲਈ ਕੁਰਬਾਨੀ, ਬਾਬਾ ਬੰਦਾ ਬਹਾਦਰ ਦੀ ਸੂਰਮਗਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਮਹਾਨ ਵਡਿਆਈਆਂ, ਛੋਟੇ ਸਾਹਿਬਜ਼ਾਦਿਆਂ ਦੇ ਬੀਰਰਸੀ ਢਾਡੀ ਵਾਰਾਂ ਜਿਹੇ ਪ੍ਰਸੰਗ ਹਨ । ਮੁਕਤਸਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋਏ ਚਾਲੀ ਮੁਕਤਿਆਂ ਨੂੰ ਨਾਵਾਂ ਸਹਿਤ ਇਕ ਲੜੀ ਵਿਚ ਪਰੋਇਆ ਹੈ। ਗੁਰੂ ਘਰ ਦੇ ਪਿਆਰੇ ਭੱਟਾਂ ਨੂੰ ਸ਼ਾਇਰ ਨੇ ਕਲਮਬਧ ਕੀਤਾ ਹੈ । ਕੰਨਿਆਂ ਭਰੂਣ ਹੱਤਿਆ ਬਾਰੇ ਵਿਗਿਆਨਕ ਵਿਚਾਰ ਹਨ। ਕੁੜੀਆਂ ਦੇ ਜੰਮਣ ਵਿਚ ਔਰਤ ਦਾ ਰੋਲ ਨਾ ਰਾਈ /ਸਿਧ ਸਾਇੰਸ ਨੇ ਕੀਤਾ ਏ ਮਰਦ ਕੋਲ ਨੇ ਐਕਸ ਤੇ ਵਾਈ । ਭਾਵ ਮਰਦ ਦੇ ਕਰੋਮੋਸੋਮਜ਼ ਹੀ ਬੱਚੇ ਦਾ ਲਿੰਗ ਨਿਰਧਾਰਤ ਕਰਦੇ ਹਨ । ਇਸ ਲਈ ਕੇਵਲ ਔਰਤ ਜ਼ਿੰਮੇਵਾਰ ਨਹੀਂ ਹੈ । ਸ਼ਾਇਰ ਦੇ ਸਿੱਖੀ ਵਿਸ਼ਵਾਸ ਦੀ ਗਵਾਹੀ ਕਵਿਤਾਵਾਂ- ਉੱਚਾ ਕੇਸਰੀ ਨਿਸ਼ਾਨ, ਧੰਨ ਤੇਰੀਆਂ ਕੁਰਬਾਨੀਆਂ, ਬਖਸ਼ੀਂ ਮੇਰੇ ਮਾਲਕਾ, ਮਾਇਆ ਨਾਗਣੀ, ਕੱਚੀ ਬਾਣੀ, ਖੰਡੇ ਦਾ ਅੰਮ੍ਰਿਤ ਛਕ ਲੈ, ਧੰਨ ਤੇਰਾ ਜਿਗਰਾ, ਕੌਣ ਲਾਲੋ ਘਰ ਜਾਂਦਾ ਏ, ਹਨ । ਕਵਿਤਾਵਾਂ ਵਿਚ ਸਿੱਖ ਇਤਿਹਾਸ ਤੇ ਮਾਣਮੱਤੀ ਵਿਰਾਸਤ ਦੇ ਦਰਸ਼ਨ ਦੀਦਾਰੇ ਹੁੰਦੇ ਹਨ । ਅਖੌਤੀ ਤੇ ਪਖੰਡੀ ਬਾਬਿਆਂ ਦੀ ਨਿਖੇਧੀ ਕੀਤੀ ਗਈ ਹੈ। ਸ਼ਾਇਰ, ਸਿੰਘਾਂ ਦੀਆਂ ਕੁਰਬਾਨੀਆਂ ਦਾ ਸਹੀ ਮੁੱਲ ਨਾ ਪੈਣ ਕਰਕੇ ਉਦਾਸ ਹੈ (ਕਵਿਤਾ ਮੋੜੀਂ ਭਾਈ ਕੱਛ ਵਾਲਿਆ) ਵਿਰਸੇ ਨਾਲ ਜੁੜੀ ਵਧੀਆ ਦਿੱਖ ਵਾਲੀ ਪੁਸਤਕ ਦਾ ਸਵਾਗਤ ਹੈ ।




• ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

ਰਾਜਵੰਤ ਬਾਜਵਾ ਦੁਆਰਾ ਲਿਖੀ ਪੁਸਤਕ 'ਫੇਅਰ ਐਂਡ ਲਵਲੀ' ਮਿੰਨੀ ਕਹਾਣੀਆਂ ਦਾ ਸੰਗ੍ਰਹਿ ਹੈ। ਜਿੰਨਾ ਇਸ ਦਾ ਨਾਂ ਦਿਲਚਸਪ ਹੈ ਓਨੀ ਹੀ ਇਹ ਪੜ੍ਹਨ ਵਿਚ ਦਿਲਚਸਪ ਹੈ। ਇਸ ਵਿਚ ਕੁੱਲ 64 ਮਿੰਨੀ ਕਹਾਣੀਆਂ ਹਨ। ਇਹ ਕਹਾਣੀਆਂ ਸਮਾਜ ਵਿਚਲੀ ਵਰਤਮਾਨ ਸਥਿਤੀ ਨੂੰ ਦਰਸਾਉਂਦੀਆਂ ਹਨ। ਅਜੋਕੇ ਸਮਾਜ ਵਿਚ ਜੋ ਵੀ ਦਸ਼ਾ ਚੱਲ ਰਹੀ ਹੈ ਉਹ ਸਭ ਇਨ੍ਹਾਂ ਕਹਾਣੀਆਂ ਵਿਚ ਬਾਖੂਬੀ ਪੇਸ਼ ਕੀਤੀ ਗਈ ਹੈ। ਇਸ ਪੁਸਤਕ ਵਿਚਲੀਆਂ ਜ਼ਿਆਦਾਤਰ ਕਹਾਣੀਆਂ ਔਰਤਾਂ ਦੇ ਜੀਵਨ ਨੂੰ ਪੇਸ਼ ਕਰਦੀਆਂ ਨਜਰ ਆਉਂਦੀਆਂ ਹਨ। ਕੁਝ ਕਹਾਣੀਆਂ ਰਾਜਨੀਤੀ ਦੇ ਮਾਹੌਲ, ਭਰੂਣ ਹੱਤਿਆ, ਨਸ਼ੇ, ਪਿਆਰ ਵਿਆਹ ਦੀਆਂ ਸਮੱਸਿਆਵਾਂ, ਬਜ਼ੁਰਗਾਂ ਦੀ ਦੁਰਦਸ਼ਾ ਆਦਿ ਨੂੰ ਵੀ ਪੇਸ਼ ਕਰਦੀਆਂ ਹਨ। ਲੇਖਕਾ ਦੀਆਂ ਕਹਾਣੀਆਂ ਵਿਚ ਨਵੇਂ ਵਿਸ਼ੇ ਲਏ ਗਏ ਹਨ। ਜਿਵੇਂ ਕਿ ਕਹਾਣੀ ਨੇਤਾ ਜੀ ਵਿਚ ਲੇਖਕਾ ਨੇ ਰਾਜਨੀਤੀ ਨੂੰ ਖੂਬ ਪੇਸ਼ ਕੀਤਾ ਹੈ ਕਿ ਕਿਸ ਤਰ੍ਹਾਂ ਸਾਡੇ ਅੱਜ ਦੇ ਨੇਤਾ ਵੋਟਾਂ ਪਿੱਛੇ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦੇ ਹਨ। ਲੇਖਿਕਾ ਦੀ ਲਿਖੀ ਹਰ ਇਕ ਕਹਾਣੀ ਵਿਚ ਸਾਡੇ ਸਮਾਜ ਵਿਚਲੀਆਂ ਬੁਰਾਈਆਂ ਸਾਹਮਣੇ ਆਉਂਦੀਆਂ ਹਨ। ਕਹਾਣੀਆਂ ਪੜ੍ਹ ਕੇ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਅਜੋਕੇ ਸਮਾਜ ਨੂੰ ਬੁਰਾਈਆਂ ਦਾ ਘੁਣ ਲੱਗ ਗਿਆ ਹੈ ਜੋ ਕਿ ਸਮੇਂ ਨਾਲ ਵਧਦਾ ਜਾ ਰਿਹਾ ਹੈ। ਪੁਸਤਕ ਦੇ ਸਿਰਲੇਖ ਵਿਚਲੀ ਕਹਾਣੀ ਫੇਅਰ ਐਂਡ ਲਵਲੀ ਵਿਚ ਲੇਖਿਕਾ ਨੇ ਬਹੁਤ ਹੀ ਸੋਹਣੇ ਢੰਗ ਨਾਲ ਇਕ ਕੰਮ ਵਾਲੀ ਬਾਈ ਦੀ ਭਾਵਨਾ ਨੂੰ ਪੇਸ਼ ਕੀਤਾ ਹੈ ਕਿ ਕਿਸ ਤਰ੍ਹਾਂ ਉਹ ਫੇਅਰ ਐਂਡ ਲਵਲੀ ਕਰੀਮ ਦੁਆਰਾ ਗੋਰਾ ਬਣਨ ਦਾ ਲਾਲਚ ਕਰਦੀ ਹੈ। ਇਸ ਕਹਾਣੀ ਵਿਚ ਲੇਖਿਕਾ ਨੇ ਉਸ ਗ਼ਰੀਬ ਔਰਤ ਦਾ ਭੋਲਾਪਨ ਪੇਸ਼ ਕੀਤਾ ਹੈ। ਇਸ ਤਰ੍ਹਾਂ ਲੇਖਿਕਾ ਸਮਾਜ ਵਿਚਲੀਆਂ ਆਧੁਨਿਕ ਸਮੱਸਿਆਵਾਂ ਪ੍ਰਤੀ ਚਿੰਤਤ ਹੈ ਤੇ ਉਸ ਨੇ ਆਪਣੀ ਇਹ ਚਿੰਤਾ ਆਪਣੀਆ ਕਹਾਣੀਆਂ ਵਿਚ ਪੇਸ਼ ਕੀਤੀ ਹੈ। ਲੇਖਿਕਾ ਕੋਲ ਲਿਖਣ ਦਾ ਭਰਪੂਰ ਗਿਆਨ ਵੀ ਹੈ ਜਿਸ ਰਾਹੀਂ ਉਹ ਅਜੋਕੇ ਹਾਲਾਤ ਦਾ ਵਰਨਣ ਕਰ ਸਕੀ ਹੈ।

• ਇੰਦਰਪ੍ਰੀਤ ਕੌਰ




ਜਸਵੰਤ ਜ਼ਫ਼ਰ ਦੀ ਹਥਲੀ ਪੁਸਤਕ ਉਸ ਦੀ ਕਵਿਤਾ ਦਾ ਅਗਲਾ ਪੜਾਅ ਹੈ। 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਵਿਲੱਖਣ ਸ਼ੈਲੀ ਮਗਰੋਂ 'ਪਿਆਰੇ ਆਓ ਘਰੇ' 'ਚ ਜ਼ਫ਼ਰ ਨੇ ਉੱਚੀ ਉਡਾਨ ਭਰੀ ਹੈ। ਨਵੇਂ ਬਿੰਬ ਅਲੰਕਾਰ ਉਸ ਦੀ ਕਵਿਤਾ 'ਚ ਆਏ ਹਨ । ਉਹ ਜਿਊਣ ਦੀ ਲਲ੍ਹਕ ਨੂੰ ਮੂੰਗਫਲੀ ਖਾਣ ਦੇ ਭੁੱਸ ਨਾਲ ਚਿੱਤਰਦਾ ਹੈ। ਉਡਾਨ ਤਾਂ ਉਸ ਕੋਲ ਪਹਿਲਾਂ ਹੀ ਸੀ। ਉਸ ਦੀ ਕਵਿਤਾ ਦੇ ਵਾਰਤਕ ਹੋਣ ਦੀ ਚਰਚਾ ਛਿੜੀ ਹੈ ਪਰ ਲਾਲ ਸਿੰਘ ਦਿਲ 'ਅੱਜ ਬਿੱਲਾ ਫੇਰ ਆਇਆ' 'ਚ ਕਹਿੰਦਾ ਹੈ ਖੁੱਲ੍ਹੀ ਕਵਿਤਾ ਨੇ ਤਾਂ ਅਜੇ ਉਡਾਨ ਭਰਨੀ ਹੈ। ਦਿਲ ਦੇ ਪਰਸਪੈਕਟਿਵ ਤੋਂ ਦੇਖੀਏ ਤਾਂ ਜ਼ਫ਼ਰ ਨੇ ਕਮਾਲ ਦੀ ਸਿਰਜਣਾ ਕੀਤੀ ਹੈ।

ਕਵਿਤਾ ਗੁਰੂ 'ਤੇਗ਼ ਬਹਾਦਰ' 'ਚ ਇਤਿਹਾਸਕ ਘਟਨਾ ਦਾ ਅੱਜ ਦੇ ਆਲਸੀ ਜੀਵਨ ਸ਼ੈਲੀ ਨਾਲ ਡਾਇਲਾਗ ਕਰਵਾਇਆ ਹੈ। ਪਿਆਰ ਦੀਆਂ ਕਵਿਤਾਵਾਂ 'ਚ ਜ਼ਫ਼ਰ ਨੇ ਗੁਲਾਬ ਦੀ ਸੁਗੰਧੀ ਭਰ ਦਿੱਤੀ ਹੈ। ਕਚਨਾਰ, ਹੋਰ ਪਰੇ, ਮੁਹੱਬਤ ਜਿਹੀਆਂ ਮਹਿਕਦੀਆਂ ਰਚਨਾਵਾਂ ਰੂਹ 'ਚ ਰਚਦੀਆਂ ਹਨ । ਇਸ ਦੇ ਨਾਲ ਹੀ ਜ਼ਫ਼ਰ ਨੇ ਅਜੋਕੇ ਮਨੁੱਖ ਦੀ ਹੋਣੀ ਨੂੰ ਬਹੁਤ ਸੁਚੱਜੇ ਢੰਗ ਨਾਲ ਫੜਿਆ ਹੈ। ਬਹੁਤ ਸਾਰੇ ਨਵੇਂ ਵਿਸ਼ੇ ਜ਼ਫ਼ਰ ਦੀ ਕਵਿਤਾ 'ਚ ਆਏ ਹਨ। ਦਰਅਸਲ ਕਵੀ ਤਕ ਹਰ ਭਿਣਕ ਕਵਿਤਾ ਦੀ ਬਣ ਪਹੁੰਚਦੀ ਹੈ। 'ਯਾਦਾਂ ਵਿਚਲਾ ਕਵਿਤਾ ਉਤਸਵ' ਕਵਿਤਾ ਇਸ ਗੱਲ ਦੀ ਗਵਾਹੀ ਭਰਦੀ ਹੈ। ਕਿਤਾਬ ਦੇ ਅਖ਼ੀਰ 'ਚ ਦੋਹੇ, ਗੀਤ ਤੇ ਗ਼ਜ਼ਲਾਂ ਮੋਹ ਲੈਣ ਵਾਲੀਆਂ ਹਨ । ਕਵੀ ਦਾ ਕੁਦਰਤ ਅੰਦਰ ਤੇ ਕੁਦਰਤ ਉਸ ਅੰਦਰ ਵਾਸ ਕਰਦੀ ਹੈ। ਉਹ ਸੁਚੇਤ ਹੈ ਕੁਦਰਤ ਨਾਲ ਹੋ ਰਹੀ ਤ੍ਰਾਸਦੀ ਤੋਂ ਤੇ ਚਿੰਤਤ ਵੀ ਹੈ। ਆਪਣੀ ਗ਼ਜ਼ਲ 'ਚ ਕਹਿੰਦਾ ਹੈ :

*ਜਿਉਂਦਾ ਰਹਿ ਓ ਜੀਣ ਜੋਗਿਆ*
*ਧਰਤ ਬੰਦੇ ਨੂੰ ਕਿੰਜ ਕਹੇ*
*ਪੌਣਾਂ ਰੋਜ਼ ਪਲੀਤ ਕਰੇ ਜੋ*
*ਜਲ ਵਿਚ ਜ਼ਹਿਰਾਂ ਘੋਲ ਰਿਹਾ*
*ਇਹ ਅਸਲ 'ਚ ਜ਼ਫ਼ਰ ਨਹੀਂ*
*ਖ਼ੁਦ ਧਰਤ ਕਹਿ ਰਹੀ ਹੈ,*
*ਕੁਦਰਤ ਮਿਹਣਾ ਮਾਰ ਰਹੀ ਹੈ।*

ਠੋਸ ਵਿਅੰਗ ਕੱਸਦਾ ਹੋਇਆ ਇਹ ਕਾਵਿ ਸੰਗ੍ਰਹਿ ਮੁਹੱਬਤ ਨਾਲ ਲਬਰੇਜ਼ ਕੁਦਰਤ ਦਾ ਸਿਰ ਪਲੋਸਦਾ ਹੈ।

• ਅਕਾਸ਼ ਦੀਪ



# ਸਾਬਕਾ ਮੁੱਖ ਮੰਤਰੀ ਚੰਨੀ ਦਾ ਨਵਾਂ ਘਰ ਹੁਣ ਬਣੇਗਾ ਕਾਂਗਰਸੀ ਗਤੀਵਿਧੀਆਂ ਦਾ ਕੇਂਦਰ ਬਿੰਦੂ

**ਕੌਮੀ ਪਤ੍ਰਿਕਾ**

ਜਲੰਧਰ/ਚੰਡੀਗੜ੍ਹ 8 ਅਪ੍ਰੈਲ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਹੁਣ ਪੂਰੀ ਤਰ੍ਹਾਂ ਜਲੰਧਰ ਦੇ ਹੋ ਗਏ ਹਨ। ਉਨ੍ਹਾਂ ਨੇ ਜਲੰਧਰ ਕੈਂਟ ਨੇੜੇ ਖਜੂਰਲਾ ਵਿਚ 5 ਕਨਾਲ ਜ਼ਮੀਨ ’ਤੇ ਨਵਾਂ ਘਰ ਉਸਾਰ ਲਿਆ ਹੈ ਅਤੇ ਉਸ ਵਿਚ ਸ਼ਿਫਟ ਹੋ ਗਏ ਹਨ। ਇਸ ਘਰ ਦੀ ਉਸਾਰੀ ਉਨ੍ਹਾਂ ਦੇ ਸਿਆਸੀ ਵਿਰੋਧੀਆਂ ਵੱਲੋਂ ਲਾਏ ਗਏ ‘ਬਾਹਰੀ’ ਹੋਣ ਦੇ ਦੋਸ਼ਾਂ ਦਾ ਜਵਾਬ ਮੰਨੀ ਜਾ ਰਹੀ ਹੈ, ਕਿਉਂਕਿ ਉਨ੍ਹਾਂ ਨੇ ਜਲੰਧਰ ਲੋਕ ਸਭਾ ਹਲਕੇ ਵਿਚ ਸਥਾਈ ਤੌਰ ’ਤੇ ਵਸਣ ਦਾ ਵਾਅਦਾ ਕੀਤਾ ਸੀ। ਇਸ ਘਰ ਦੀ ਉਸਾਰੀ ਤੋਂ ਪਹਿਲਾਂ 2024 ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਚੰਨੀ ਜਲੰਧਰ ਦੇ ਪੌਸ਼ ਇਲਾਕੇ ਮਾਡਲ ਟਾਊਨ ਦੇ ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 45 ਮਰਲੇ ਦੇ ਕਿਰਾਏ ਦੇ ਮਕਾਨ ਵਿਚ ਰਹਿ ਰਹੇ ਸਨ, ਜਿੱਥੋਂ ਉਨ੍ਹਾਂ ਨੇ ਆਪਣੀ ਚੋਣ ਮੁਹਿੰਮ ਚਲਾਈ ਸੀ। ਇਹ ਨਵਾਂ ਘਰ ਦੋਆਬਾ ਖੇਤਰ ਵਿਚ ਉਨ੍ਹਾਂ ਦੀਆਂ ਸਿਆਸੀ ਗਤੀਵਿਧੀਆਂ ਦਾ ਮੁੱਖ ਕੇਂਦਰ ਬਣੇਗਾ, ਜਿੱਥੇ ਉਹ ਪਾਰਟੀ ਵਰਕਰਾਂ, ਆਗੂਆਂ ਅਤੇ ਸਮਰਥਕਾਂ ਨਾਲ ਮੁਲਾਕਾਤ ਕਰਨਗੇ। ਘਰ ਨੂੰ ਪਰਦਿਆਂ ਅਤੇ ਫੁੱਲਾਂ ਨਾਲ ਸਜਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅਸੀਂ ਇੱਥੇ ਸਿਰਫ਼ ਇਕ ਬੈੱਡਰੂਮ ਬਣਾਇਆ ਹੈ। ਪੂਰਾ ਗਰਾਊਂਡ ਫਲੋਰ ਪਾਰਟੀ ਦੇ ਕੰਮ ਲਈ ਸਮਰਪਿਤ ਰਹੇਗਾ। ਮੀਟਿੰਗਾਂ ਲਈ ਦੋ ਵੱਡੇ ਹਾਲ ਬਣਾਏ ਗਏ ਹਨ। ਬਾਹਰਲੇ ਲਾਅਨ ਵਿਚ ਵੀ ਮੀਟਿੰਗਾਂ ਅਤੇ ਪ੍ਰੋਗਰਾਮ ਕੀਤੇ ਜਾ ਸਕਦੇ ਹਨ। ਵਾਸਤੂ ਵਿਚ ਵਿਸ਼ਵਾਸ ਰੱਖਦੇ ਹੋਏ ਚੰਨੀ ਨੇ ਘਰ ਦੇ ਉੱਤਰ-ਪੂਰਬੀ ਹਿੱਸੇ ਨੂੰ ਖਾਲੀ ਛੱਡਿਆ ਹੈ, ਜਿਸ ਨੂੰ




ਉਹ ਲਾਅਨ ਵਜੋਂ ਵਰਤਣਗੇ। ਜਲੰਧਰ ਸਿਆਸੀ ਆਗੂਆਂ ਲਈ ਇਕ ਪਸੰਦੀਦਾ ਸਥਾਨ ਮੰਨਿਆ ਜਾਂਦਾ ਹੈ, ਕਿਉਂਕਿ ਇਹ ਪੰਜਾਬ ਦੇ ਕੇਂਦਰ ਵਿਚ ਸਥਿਤ ਹੈ, ਮੀਡੀਆ ਹੱਬ ਹੈ ਅਤੇ ਇੱਥੇ ਦਲਿਤ ਆਬਾਦੀ ਵੀ ਕਾਫ਼ੀ ਹੈ। ਚੰਨੀ ਪੰਜਾਬ ਦੇ ਇਕੋ-ਇਕ ਦਲਿਤ ਮੁੱਖ ਮੰਤਰੀ ਰਹਿ ਚੁੱਕੇ ਹਨ ਅਤੇ ਇੱਥੇ ਉਨ੍ਹਾਂ ਦੀ ਕਾਫ਼ੀ ਲੋਕਪ੍ਰਿਯਤਾ ਹੈ। ਹਾਲਾਂਕਿ ਉਹ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਦੋ ਸੀਟਾਂ ਤੋਂ ਹਾਰ ਗਏ ਸਨ ਪਰ 2024 ਵਿਚ ਉਨ੍ਹਾਂ ਨੇ ਜਲੰਧਰ ਲੋਕ ਸਭਾ ਸੀਟ ਵੱਡੇ ਫਰਕ ਨਾਲ ਜਿੱਤ ਲਈ। ਚੰਨੀ ਨੇ ਕਿਹਾ, ‘ਮੈਂ ਆਪਣੇ ਵੋਟਰਾਂ ਨਾਲ ਵਾਅਦਾ ਕੀਤਾ ਸੀ ਕਿ ਮੈਂ ਜਲੰਧਰ ਵਿਚ ਵਸਾਂਗਾ ਅਤੇ ਮੈਂ ਆਪਣਾ ਵਾਅਦਾ ਪੂਰਾ ਕੀਤਾ ਹੈ। ਮੈਂ ਪਿਛਲੇ ਸਾਲ ਇੱਥੇ ਜ਼ਮੀਨ ਖਰੀਦੀ ਸੀ ਅਤੇ ਉਸਾਰੀ ਦਾ ਕੰਮ ਸ਼ੁਰੂ ਕੀਤਾ ਸੀ। ਹੁਣ ਜਦੋਂ ਘਰ ਤਿਆਰ ਹੋ ਗਿਆ ਹੈ, ਤਾਂ ਮੈਂ ਇੱਥੋਂ ਆਪਣੀਆਂ ਸਿਆਸੀ ਗਤੀਵਿਧੀਆਂ ਸ਼ੁਰੂ ਕਰਾਂਗਾ। ਸ਼ੁੱਕਰਵਾਰ ਤੋਂ ਮੈਂ ਆਪਣੇ ਵਿਧਾਨ ਸਭਾ ਹਲਕੇ ਦੇ ਵੋਟਰਾਂ ਨੂੰ ਵਾਰੀ-ਵਾਰੀ ਸੱਦਾ ਦੇਵਾਂਗਾ। ਮੇਰੇ ਸੰਸਦੀ ਖੇਤਰ ਵਿਚ 9 ਵਿਧਾਨ ਸਭਾ ਹਲਕੇ ਆਉਂਦੇ ਹਨ, ਇਸ ਲਈ ਅਗਲੇ 9 ਦਿਨਾਂ ਤੱਕ ਮੈਂ ਹਰ ਹਲਕੇ ਦੇ ਵਰਕਰਾਂ ਅਤੇ ਸਮਰਥਕਾਂ ਦੀ ਮੇਜ਼ਬਾਨੀ ਕਰਾਂਗਾ।’

### ਜੈਪੁਰ ’ਚ ਫਿਰ ਕੈਮੀਕਲ ਨਾਲ ਭਰਿਆ ਟੈਂਕਰ ਪਲਟਿਆ, ਗੈਸ ਰਿਸਾਅ ਕਾਰਨ ਮਚੀ ਭਾਜੜ

ਜੈਪੁਰ 8 ਅਪ੍ਰੈਲ। ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿੱਚ ਸੋਮਵਾਰ ਦੁਪਹਿਰ ਨੂੰ ਇੱਕ ਵੱਡਾ ਹਾਦਸਾ ਵਾਪਰਿਆ, ਜਦੋਂ ਕੈਮੀਕਲ ਨਾਲ ਭਰਿਆ ਇੱਕ ਟੈਂਕਰ ਬੇਕਾਬੂ ਹੋ ਕੇ ਪਲਟ ਗਿਆ। ਜੈਪੁਰ-ਅਜਮੇਰ ਹਾਈਵੇਅ (ਨੈਸ਼ਨਲ ਹਾਈਵੇਅ 48) ’ਤੇ ਵਾਪਰੀ ਇਸ ਘਟਨਾ ਤੋਂ ਬਾਅਦ ਟੈਂਕਰ ਵਿੱਚੋਂ ਗੈਸ ਦਾ ਰਿਸਾਅ ਸ਼ੁਰੂ ਹੋ ਗਿਆ, ਜਿਸ ਕਾਰਨ ਪੂਰੇ ਇਲਾਕੇ ਵਿੱਚ ਭਾਰੀ ਦਹਿਸ਼ਤ ਫੈਲ ਗਈ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਗਲਤ ਦਿਸ਼ਾ ਤੋਂ ਆ ਰਹੀ ਇੱਕ ਥਾਰ ਗੱਡੀ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਟੈਂਕਰ ਚਾਲਕ ਨੇ ਆਪਣਾ ਸੰਤੁਲਨ ਗੁਆ ਦਿੱਤਾ। ਹਾਦਸੇ ਤੋਂ ਤੁਰੰਤ ਬਾਅਦ ਥਾਰ ਸਵਾਰ ਲੋਕ ਆਪਣੀ ਗੱਡੀ ਸਮੇਤ ਮੌਕੇ ਤੋਂ ਫਰਾਰ ਹੋ ਗਏ। ਟੈਂਕਰ ਵਿੱਚ ਮੈਥੇਨੌਲ ਭਰਿਆ ਹੋਇਆ ਸੀ, ਜਿਸ ਦੇ ਰਿਸਾਅ ਤੋਂ ਬਾਅਦ ਸੁਰੱਖਿਆ ਦੇ ਲਿਹਾਜ਼ ਨਾਲ ਪ੍ਰਸ਼ਾਸਨ ਨੇ ਆਲੇ-ਦੁਆਲੇ ਦੇ ਇਲਾਕੇ ਨੂੰ ਤੁਰੰਤ ਖਾਲੀ ਕਰਵਾ ਲਿਆ। ਹਾਈਵੇਅ ਦੇ ਇੱਕ ਪਾਸੇ ਦੀ ਆਵਾਜਾਈ ਨੂੰ ਪੂਰੀ ਤਰ੍ਹਾਂ ਰੋਕ ਦਿੱਤਾ ਗਿਆ ਹੈ, ਜਦਕਿ ਦੂਜੀ ਲਾਈਨ ਤੋਂ ਵੀ ਬਹੁਤ ਘੱਟ ਵਾਹਨਾਂ ਨੂੰ ਲੰਘਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ, ਫਾਇਰ ਬ੍ਰਿਗੇਡ ਅਤੇ ਸਿਵਲ ਡਿਫੈਂਸ ਦੀਆਂ ਟੀਮਾਂ ਮੌਕੇ ’ਤੇ ਪਹੁੰਚ ਗਈਆਂ ਹਨ।

## ਹਿਮਾਚਲ ’ਚ ਟੋਲ ਟੈਕਸ ਦੀਆਂ ਨਵੀਆਂ ਦਰਾਂ ਲਾਗੂ: ਜਾਰੀ ਕੀਤੀ ਸੋਧਿਤ ਨੋਟੀਫਿਕੇਸ਼ਨ !

ਨੈਸ਼ਨਲ ਡੈਸਕ 8 ਅਪ੍ਰੈਲ। ਹਿਮਾਚਲ ਪ੍ਰਦੇਸ਼ ਸਰਕਾਰ ਨੇ ਰਾਜ ਦੀਆਂ ਸਰਹੱਦਾਂ ’ਤੇ ਵਧ ਰਹੇ ਵਿਰੋਧ ਪ੍ਰਦਰਸ਼ਨਾਂ ਵਿਚਕਾਰ ਵਿੱਤੀ ਸਾਲ 2026-27 ਲਈ ਇੱਕ ਨਵੀਂ ਟੋਲ ਨੀਤੀ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਸਪੱਸ਼ਟ ਕੀਤਾ ਹੈ ਕਿ ਦਰਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ, ਸਗੋਂ ਕਈ ਸ਼੍ਰੇਣੀਆਂ ਵਿੱਚ ਰਾਹਤ ਦਿੱਤੀ ਗਈ ਹੈ। ਨਵੀਂ ਨੋਟੀਫਿਕੇਸ਼ਨ ਦੇ ਅਨੁਸਾਰ ਹਿਮਾਚਲ ਪ੍ਰਦੇਸ਼ ਦੇ ਰਜਿਸਟ?ਰੇਸ਼ਨ




ਨੰਬਰਾਂ ਵਾਲੇ ਸਾਰੇ ਹਲਕੇ ਨਿੱਜੀ ਵਾਹਨਾਂ (ਕਾਰਾਂ) ਅਤੇ ਟੈਕਸੀਆਂ ਨੂੰ ਐਂਟਰੀ ਟੈਕਸ ਤੋਂ ਪੂਰੀ ਤਰ੍ਹਾਂ ਛੋਟ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਸੂਬੇ ਵਿੱਚ ਹਲਕੇ ਵਪਾਰਕ ਵਾਹਨ ਜਿਵੇਂ ਕਿ ਪਿਕਅੱਪ, ਮਿੰਨੀ-ਟਰੱਕ ਅਤੇ ਤਿੰਨ ਪਹੀਆ ਵਾਹਨਾਂ ਨੂੰ ਵੀ ਟੋਲ ਨਹੀਂ ਦੇਣਾ ਪਵੇਗਾ। ਸੈਲਾਨੀਆਂ ਅਤੇ ਦੂਜੇ ਰਾਜਾਂ ਤੋਂ ਆਉਣ ਵਾਲੇ ਯਾਤਰੀਆਂ ਲਈ ਟੈਕਸ ਘਟਾ ਦਿੱਤੇ ਗਏ ਹਨ। ਨਿੱਜੀ ਕਾਰ (12+1 ਸੀਟਾਂ ਤੱਕ): ਪਹਿਲਾਂ ਫੀਸ ?130 ਸੀ ਪਰ ਹੁਣ ਇਸਨੂੰ ਘਟਾ ਕੇ ?100 ਪ੍ਰਤੀ ਦਿਨ ਕਰ ਦਿੱਤੀ ਗਈ ਹੈ। ਨਿਯਮਤ ਯਾਤਰੀਆਂ ਲਈ ਪਾਸ 3,000 ਰੁਪਏ (ਤਿਮਾਹੀ) ਅਤੇ 9,000 ਰੁਪਏ (ਸਾਲਾਨਾ) ਵਿੱਚ ਉਪਲਬਧ ਹੋਣਗੇ। ਸਰਕਾਰ ਨੇ ਸਰਹੱਦ ’ਤੇ ਰਹਿਣ ਵਾਲੇ ਲੋਕਾਂ ਦਾ ਖਾਸ ਧਿਆਨ ਰੱਖਿਆ ਹੈ। ਟੋਲ ਬੈਰੀਅਰ ਦੇ 5 ਕਿਲੋਮੀਟਰ ਦੇ ਘੇਰੇ ਵਿੱਚ ਰਹਿਣ ਵਾਲੇ ਲੋਕ (ਭਾਵੇਂ ਪੰਜਾਬ ਤੋਂ ਹੋਣ ਜਾਂ ਹਰਿਆਣਾ ਤੋਂ) ਰਿਆਇਤੀ ਪਾਸ ਪ੍ਰਾਪਤ ਕਰ ਸਕਦੇ ਹਨ। ਇਹ ਪਾਸ ਆਮ ਦਰਾਂ ਨਾਲੋਂ ਕਾਫ਼ੀ ਘੱਟ ਕੀਮਤਾਂ ’ਤੇ ਉਪਲਬਧ ਹੋਣਗੇ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਪੰਜਾਬ ਸਰਹੱਦ ’ਤੇ ਹੋ ਰਹੇ ਵਿਰੋਧ ਪ੍ਰਦਰਸ਼ਨਾਂ ’ਤੇ ਹੈਰਾਨੀ ਪ੍ਰਗਟ ਕੀਤੀ। ਉਨ੍ਹਾਂ ਕਿਹਾ, ਅਸੀਂ ਕਿਸੇ ਵੀ ਸ਼੍ਰੇਣੀ ਵਿੱਚ ਟੋਲ ਦਰਾਂ ਨਹੀਂ ਵਧਾਈਆਂ ਹਨ, ਪਰ ਬਾਹਰੀ ਰਾਜਾਂ ਤੋਂ ਆਉਣ ਵਾਲੀਆਂ ਕਾਰਾਂ ਲਈ ਦਰਾਂ ਘਟਾ ਦਿੱਤੀਆਂ ਹਨ। ਜਦੋਂ ਦਰਾਂ ਉਹੀ ਰਹਿੰਦੀਆਂ ਹਨ, ਤਾਂ ਵਿਰੋਧ ਦਾ ਕੋਈ ਜਾਇਜ਼ ਨਹੀਂ ਰਹਿੰਦਾ। ਨੌਜਵਾਨਾਂ ਨੂੰ ਗੁੰਮਰਾਹ ਨਹੀਂ ਹੋਣਾ ਚਾਹੀਦਾ ਅਤੇ ਵਿਰੋਧ ਨਹੀਂ ਕਰਨਾ ਚਾਹੀਦਾ। ਰਾਜ ਕਰ ਅਤੇ ਆਬਕਾਰੀ ਵਿਭਾਗ ਨੇ ਸਾਰੇ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਠੇਕੇਦਾਰਾਂ ਨੂੰ ਇਨ੍ਹਾਂ ਸੋਧੀਆਂ ਦਰਾਂ ਨੂੰ ਤੁਰੰਤ ਲਾਗੂ ਕਰਨ ਦੇ ਆਦੇਸ਼ ਦਿੱਤੇ ਜਾਣ।

## ਅਮਰੀਕਾ ’ਚ ਪੜ੍ਹਾਈ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 6.9 ਫੀਸਦੀ ਦੀ ਘਟੀ: ਸਰਕਾਰ

ਨਵੀਂ ਦਿੱਲੀ 8 ਅਪ੍ਰੈਲ। ਅਮਰੀਕਾ ਅਤੇ ਆਸਟ?ਰੇਲੀਆ ਵਰਗੇ ਦੇਸ਼ਾਂ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਲਈ ਚਿੰਤਾਜਨਕ ਖ਼ਬਰ ਹੈ। ਸਰਕਾਰ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਅਨੁਸਾਰ, ਅਮਰੀਕਾ ਵਿੱਚ ਪੜ੍ਹਾਈ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ



ਵਿੱਚ ਪਿਛਲੇ ਇੱਕ ਸਾਲ ਵਿੱਚ ਕਰੀਬ 6.9 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਰਾਜ ਸਭਾ ਵਿੱਚ ਇੱਕ ਲਿਖਤੀ ਜਵਾਬ ਵਿੱਚ ਦੱਸਿਆ ਕਿ ਫਰਵਰੀ 2025 ਵਿੱਚ ਅਮਰੀਕਾ ਦੇ ਵੱਖ-ਵੱਖ ਵਿਦਿਅਕ ਪ੍ਰੋਗਰਾਮਾਂ ਵਿੱਚ 3,78,787 ਭਾਰਤੀ ਵਿਦਿਆਰਥੀ ਪੜ੍ਹ ਰਹੇ ਸਨ, ਜੋ ਫਰਵਰੀ 2026 ਵਿੱਚ ਘਟ ਕੇ 3,52,644 ਰਹਿ ਗਏ ਹਨ। ਉਨ੍ਹਾਂ ਦੱਸਿਆ ਕਿ ਅਮਰੀਕੀ ਪ੍ਰਸ਼ਾਸਨ ਨੇ ਵੀਜ਼ਾ ਸਕ੍ਰੀਨਿੰਗ ਅਤੇ ਜਾਂਚ ਪ੍ਰਕਿਰਿਆ ਨੂੰ ਹੋਰ ਸਖ਼ਤ ਕਰ ਦਿੱਤਾ ਹੈ। ਅਮਰੀਕੀ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਵੀਜ਼ਾ ਇੱਕ ਵਿਸ਼ੇਸ਼ ਅਧਿਕਾਰ ਹੈ, ਕੋਈ ਅਧਿਕਾਰ ਨਹੀਂ। ਅਮਰੀਕਾ ਦੇ ਨਾਲ-ਨਾਲ ਆਸਟ?ਰੇਲੀਆ ਜਾਣ ਵਾਲੇ ਵਿਦਿਆਰਥੀਆਂ ਲਈ ਵੀ ਮੁਸ਼ਕਲਾਂ ਵਧ ਗਈਆਂ ਹਨ। 8 ਜਨਵਰੀ 2026 ਤੋਂ ਆਸਟ?ਰੇਲੀਆਈ ਅਧਿਕਾਰੀਆਂ ਨੇ ਭਾਰਤੀ ਬਿਨੈਕਾਰਾਂ ਲਈ ਸਬੂਤ ਦੀ ਲੋੜ ਦੇ ਪੱਧਰ ਨੂੰ EL B ਤੋਂ ਬਦਲ ਕੇ EL C ਕਰ ਦਿੱਤਾ ਹੈ। ਇਸ ਬਦਲਾਅ ਕਾਰਨ ਭਾਰਤ ਨੂੰ ਹੁਣ ‘ਉੱਚ ਜੋਖਮ’ ਵਾਲੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਜਿਸ ਨਾਲ ਭਾਰਤੀ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਦੀ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਗੰਭੀਰਤਾ ਨਾਲ ਜਾਂਚ ਕੀਤੀ ਜਾਵੇਗੀ। ਮੰਤਰੀ ਨੇ ਦੱਸਿਆ ਕਿ ਭਾਰਤ ਅਤੇ ਆਸਟ?ਰੇਲੀਆ ਦੇ ਵਧਦੇ ਵਿਦਿਅਕ ਸਬੰਧਾਂ ਨੂੰ ਦੇਖਦੇ ਹੋਏ ਭਾਰਤ ਸਰਕਾਰ ਆਸਟ?ਰੇਲੀਆਈ ਸਰਕਾਰ ਨਾਲ ਇਸ ਮੁੱਦੇ ’ਤੇ ਲਗਾਤਾਰ ਗੱਲਬਾਤ ਕਰ ਰਹੀ ਹੈ। ਸਰਕਾਰ ਉੱਚ ਸਿੱਖਿਆ ਅਤੇ ਖੋਜ ਲਈ ਵਿਦੇਸ਼ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ।

# ਪੰਜਾਬ ਦੀ ਭਾਈਚਾਰਕ ਸਾਂਝ ਨੂੰ ਤੋੜਨ ਲਈ ਰਚੀਆਂ ਜਾ ਰਹੀਆਂ ਵੱਡੀਆਂ ਸਾਜ਼ਿਸ਼ਾਂ : ਚੀਮਾ

**ਕੌਮੀ ਪਤ੍ਰਿਕਾ**

ਚੱਬੇਵਾਲ 8 ਅਪ੍ਰੈਲ। ਇੱਥੇ ‘ਪੰਜਾਬ ਬਚਾਓ’ ਰੈਲੀ ਨੂੰ ਸੰਬੋਧਨ ਕਰਦਿਆਂ ਸ਼?ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਖ਼ਰਾਬ ਮੌਸਮ ਹੋਣ ਕਰਕੇ ਵੀ ਵੱਡੀ ਗਿਣਤੀ ’ਚ ਲੋਕਾਂ ਦਾ ਇਕੱਠ ਹੋਇਆ ਹੈ ਅਤੇ ਉਹ ਲੋਕਾਂ ਦਾ ਤਹਿ ਦਿਲੋਂ ਸ਼ੁਕਰਾਨਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹੋ ਮਾਹੌਲ ਉਸ ਵੇਲੇ ਵੀ ਹੁੰਦਾ ਸੀ, ਜਦੋਂ ਸ. ਪ੍ਰਕਾਸ਼ ਸਿੰਘ ਬਾਦਲ ਆਉਂਦੇ ਸਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵਲੋਂ ਪੰਜਾਬ ਨੂੰ ਬਚਾਉਣ ਲਈ ਵੱਡੀ ਸਕੀਮ ਬਣਾਈ ਗਈ ਹੈ, ਜਿਸ ਬਾਰੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਸਥਾਰ ਸਹਿਤ ਜਾਣਕਾਰੀ ਦੇਣਗੇ। ਦਲਜੀਤ ਚੀਮਾ ਨੇ ਕਿਹਾ ਕਿ ਪੰਜਾਬ ਨੂੰ ਬਰਬਾਦ ਕਰਨ ਲਈ ਵੱਡੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ ਅਤੇ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਲਾਂਬੂ ਲਾਉਣ ਅਤੇ ਭਾਈਚਾਰਕ ਸਾਂਝ ਨੂੰ ਤੋੜਨ ਲਈ ਵੱਡੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਜਿਸ ਤਰੀਕੇ ਡਾ. ਬੀ. ਆਰ. ਅੰਬੇਡਕਰ ਸਾਹਿਬ ਦੇ ਬੁੱਤ ਦੀ ਬੇਅਦਬੀ ਕੀਤੀ ਗਈ, ਇਹ ਕੋਈ ਪਹਿਲੀ ਵਾਰ ਨਹੀਂ ਹੈ, ਸਗੋਂ ਅਜਿਹਾ ਪਹਿਲਾਂ ਵੀ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਦੋਆਬੇ ਦੇ ਦਲਿਤ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਅਜਿਹੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਪਿੱਛੇ ਬਹੁਤ ਵੱਡੀਆਂ ਏਜੰਸੀਆਂ ਹਨ। ਦਲਜੀਤ ਚੀਮਾ ਨੇ ਕਿਹਾ ਕਿ ਕਿਤੇ ਬੇਅਦਬੀ ਅਤੇ ਕਿਤੇ ਗ੍ਰਨੇਡ ਸੁੱਟਣ ਦੀ ਘਟਨਾ ਵਾਪਰ ਰਹੀ ਹੈ। ਆਰਥਿਕ ਤੌਰ ’ਤੇ ਵੀ ਪੰਜਾਬ ਕੰਗਾਲੀ ਦੇ ਰਾਹ ’ਤੇ ਪੁੱਜ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਮੌਜੂਦਾ ਸਰਕਾਰ ਖ਼ਤਮ ਹੋਵੇਗੀ, ਪੰਜਾਬ ’ਤੇ ਸਾਢੇ 4 ਲੱਖ ਕਰੋੜ ਦਾ ਕਰਜ਼ਾ ਚੜ੍ਹ ਜਾਣਾ ਹੈ। ਇਹ ਵੀ ਪੜ੍ਹੋ : ਪੰਜਾਬ ’ਚ ਮੀਂਹ ਨਾਲ



ਪੈਣਗੇ ਗੜ੍ਹੇ! ਮੌਸਮ ਵਿਭਾਗ ਨੇ ਇਨ੍ਹਾਂ ਜ਼ਿਲ੍ਹਿਆਂ ਲਈ ਕੀਤੀ ਵੱਡੀ ਭਵਿੱਖਬਾਣੀ ਅੱਜ ਇਕ ਵੀ ਪੈਸਾ ਪੰਜਾਬ ਕੋਲ ਵਿਕਾਸ ਲਈ ਨਹੀਂ ਬਚਦਾ। ਇਹ ਉਹੀ ਪੰਜਾਬ ਹੈ, ਜਿੱਥੇ ਸ. ਪ੍ਰਕਾਸ਼ ਸਿੰਘ ਬਾਦਲ ਦਿਨ-ਰਾਤ ਸੰਗਤ ਦਰਸ਼ਨ ਕਰਕੇ ਲੋਕਾਂ ਦੀਆਂ ਮੰਗਾਂ ਨੂੰ ਪੂਰਾ ਕਰਦੇ ਸਨ ਅਤੇ ਵੱਡੇ-ਵੱਡੇ ਪ੍ਰਾਜੈਕਟ ਪੰਜਾਬ ’ਚ ਲੱਗ ਰਹੇ ਸਨ ਪਰ ਅੱਜ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਾਲੇ ਪਾਸੇ ਧੱਕਿਆ ਜਾ ਰਿਹਾ ਹੈ ਅਤੇ ਬੇਰੁਜ਼ਗਾਰੀ ਕਾਰਨ ਨੌਜਵਾਨ ਬਾਹਰ ਜਾਣ ਨੂੰ ਮਜਬੂਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦਾ ਨੁਕਸਾਨ ਪਿਛਲੇ 10 ਸਾਲਾਂ ’ਚ ਬਹੁਤ ਜ਼ਿਆਦਾ ਹੋਇਆ ਹੈ ਅਤੇ ਅਕਾਲੀ ਦਲ ਹੀ ਪੰਜਾਬ ਨੂੰ ਬਚਾ ਸਕਦਾ ਹੈ।

## ਬੀਬੀ ਰਜਿੰਦਰ ਕੌਰ ਭੱਠਲ ਦਾ ਵੱਡਾ ਬਿਆਨ, ‘ਕੈਪਟਨ ਅਮਰਿੰਦਰ ਨੂੰ ਹਟਾਉਣਾ ਦਾ ਫੈਸਲਾ ਗਲਤ ਸੀ’

ਚੰਡੀਗੜ੍ਹ 8 ਅਪ੍ਰੈਲ। ਪੰਜਾਬ ਦੀ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਅਹੁਦੇ ਤੋਂ ਹਟਾਉਣ ਦੇ ਫੈਸਲੇ ‘ਤੇ ਆਪਣੀ ਪ੍ਰਤੀਕ੍ਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਸ ਸਮੇਂ ਕੈਪਟਨ ਨੂੰ ਹਟਾਉਣਾ ਠੀਕ ਫੈਸਲਾ ਨਹੀਂ ਸੀ ਅਤੇ ਇਸ ਦੀ ਬਜਾਏ ਉਨ੍ਹਾਂ ’ਤੇ ਜ਼ਿੰਮੇਵਾਰੀ ਪਾਉਣੀ ਚਾਹੀਦੀ ਸੀ। ਭੱਠਲ ਨੇ ਅੱਗੇ ਕਿਹਾ ਕਿ ਕੈਪਟਨ ਨੂੰ ਪਹਿਲਾਂ ਹੀ ਹਟਾਉਣ ਦੀ ਸਲਾਹ ਦਿੱਤੀ ਗਈ ਸੀ, ਪਰ ਜਦੋਂ ਕੈਪਟਨ ਨੂੰ ਹਟਾਇਆ ਗਿਆ, ਤਦ ਤੱਕ ਕਾਫੀ ਦੇਰ ਹੋ ਚੁੱਕੀ ਸੀ। ਉਨ੍ਹਾਂ ਇਹ ਵੀ ਕਿਹਾ ਕਿ



ਉਸ ਸਮੇਂ ਇਹ ਧਾਰਨਾ ਬਣਾਈ ਜਾ ਰਹੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਨੂੰ ਮਜ਼ਬੂਤ ਨਹੀਂ ਕਰ ਸਕਣਗੇ, ਪਰ ਕੁਝ ਮਹੀਨਿਆਂ ਦੀ ਗੱਲ ਸੀ ਤੇ ਉਨ੍ਹਾਂ ਨੂੰ ਹਟਾਉਣਾ ਨਹੀਂ ਚਾਹੀਦਾ ਸੀ, ਸਗੋਂ ਜ਼ਿੰਮੇਵਾਰੀ ਪਾਉਣੀ ਚਾਹੀਦੀ ਸੀ ਕਿ ਅਗਲੀ ਫਿਰ ਤੋਂ ਕਾਂਗਰਸ ਸਰਕਾਰ ਆਵੇ। ਭੱਠਲ ਦੇ ਇਸ ਬਿਆਨ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵਾਰ ਫਿਰ ਚਰਚਾ ਤੇਜ਼ ਹੋ ਗਈ ਹੈ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫੇ ਦੇ ਪਿੱਛੇ ਕਈ ਮਹੱਤਵਪੂਰਨ ਕਾਰਨ ਸਨ। ਸਭ ਤੋਂ ਪਹਿਲਾਂ, Indian National Congress ਦੇ ਅੰਦਰ ਲੰਬੇ ਸਮੇਂ ਤੋਂ ਚੱਲ ਰਹੀ ਖਿੱਚਤਾਣ ਅਤੇ ਅੰਦਰੂਨੀ ਰਾਜਨੀਤੀ ਨੇ ਹਾਲਾਤ ਤਣਾਅਪੂਰਨ ਬਣਾ ਦਿੱਤੇ ਸਨ। ਇਸਦੇ ਨਾਲ ਹੀ ਕਈ ਕਾਂਗਰਸੀ ਵਿਧਾਇਕ ਉਨ੍ਹਾਂ ਦੀ ਕਾਰਗੁਜ਼ਾਰੀ ਨਾਲ ਅਸੰਤੁਸ਼ਟ ਸਨ ਅਤੇ ਪਾਰਟੀ ਹਾਈਕਮਾਂਡ ਵੱਲੋਂ ਵੀ ਲੀਡਰਸ਼ਿਪ ਵਿੱਚ ਬਦਲਾਅ ਲਈ ਸੰਕੇਤ ਮਿਲ ਰਹੇ ਸਨ, ਜੋ ਅਸਤੀਫੇ ਦਾ ਇੱਕ ਵੱਡਾ ਕਾਰਨ ਬਣਿਆ। ਅਸਤੀਫੇ ਤੋਂ ਬਾਅਦ ਕਾਂਗਰਸ ਨੇ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਨਵਾਂ ਮੁੱਖ ਮੰਤਰੀ ਬਣਾਇਆ। ਇਸ ਤੋਂ ਬਾਅਦ ਕੈਪਟਨ ਨੇ ਕਾਂਗਰਸ ਛੱਡ ਕੇ ਆਪਣੀ ਪਾਰਟੀ ਪੰਜਾਬ ਲੋਕ ਕਾਂਗਰਸ ਬਣਾਈ ਅਤੇ ਬਾਅਦ ਵਿੱਚ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਕਰ ਲਿਆ।

## ਬਲਾਤਕਾਰੀ ਬਾਬਾ ਖਰਾਤ ਦਾ ਵੱਡਾ ਕਾਰਨਾਮਾ, 130 ਫਰਜ਼ੀ ਖਾਤਿਆਂ ਰਾਹੀਂ ਕੀਤੇ 62 ਕਰੋੜ ਦੇ ਲੈਣ-ਦੇਣ

ਮੁੰਬਈ 8 ਅਪ੍ਰੈਲ। ਮਹਾਰਾਸ਼ਟਰ ਵਿੱਚ ਕਈ ਬਲਾਤਕਾਰ ਦੇ ਮਾਮਲਿਆਂ ਵਿੱਚ ਫਸੇ ਸਵੈ-ਘੋਸ਼ਿਤ ਬਾਬਾ ਅਸ਼ੋਕ ਖਰਾਤ ਬਾਰੇ ਇੱਕ ਹੋਰ ਵੱਡਾ ਖੁਲਾਸਾ ਹੋਇਆ ਹੈ। ਪੁਲਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਖਰਾਤ ਨੇ ਵੱਖ-ਵੱਖ ਨਾਵਾਂ ਹੇਠ 130 ਤੋਂ ਵੱਧ ਬੈਂਕ ਖਾਤੇ ਖੁਲਵਾਏ ਸਨ, ਜਿਨ੍ਹਾਂ ਰਾਹੀਂ ਪਿਛਲੇ ਕੁਝ ਸਾਲਾਂ ਵਿੱਚ 62.74 ਕਰੋੜ ਰੁਪਏ ਤੋਂ ਵੱਧ ਦਾ ਲੈਣ-ਦੇਣ ਕੀਤਾ ਗਿਆ। ਸੂਤਰਾਂ ਅਨੁਸਾਰ, ਇਹਨਾਂ ਖਾਤਿਆਂ ਵਿੱਚੋਂ ਇੱਕ ਖਾਤਾ ਮਹਾਰਾਸ਼ਟਰ ਰਾਜ ਮਹਿਲਾ ਕਮਿਸ਼ਨ ਦੀ ਸਾਬਕਾ ਪ੍ਰਧਾਨ ਰੁਪਾਲੀ ਚਾਕਣਕਰ ਦੀ ਭੈਣ ਦੇ ਨਾਮ ’ਤੇ ਵੀ ਖੋਲ੍ਹਿਆ ਗਿਆ ਸੀ। ਜ਼ਿਕਰਯੋਗ ਹੈ ਕਿ ਚਾਕਣਕਰ ਨੇ ਬਾਬੇ ਨਾਲ ਕਥਿਤ ਸਬੰਧਾਂ ਦੇ ਖੁਲਾਸੇ ਤੋਂ ਬਾਅਦ ਪਿਛਲੇ ਮਹੀਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਅਸ਼ੋਕ ਖਰਾਤ ਨੂੰ ਪਹਿਲਾਂ ਹੀ ਨਾਸਿਕ ਵਿੱਚ ਬਲਾਤਕਾਰ ਦੇ ਇਲਜ਼ਾਮਾਂ ਵਿੱਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਹ ਵਿੱਤੀ ਧੋਖਾਧੜੀ ਉਦੋਂ ਸਾਹਮਣੇ ਆਈ ਜਦੋਂ ਪੁਲਸ ਅਹਿਲਿਆਨਗਰ ਜ਼ਿਲ੍ਹੇ ਵਿੱਚ ਖਰਾਤ, ਉਸਦੀ ਪਤਨੀ ਕਲਪਨਾ ਅਤੇ ਤਿੰਨ ਹੋਰਾਂ ਖ਼?ਲਾਫ਼ ਦਰਜ ਧੋਖਾਧੜੀ ਦੇ ਮਾਮਲੇ ਦੀ ਜਾਂਚ ਕਰ ਰਹੀ ਸੀ। ਇਹ ਮਾਮਲਾ ਸ਼ਿਰਡੀ ਵਿੱਚ 4 ਏਕੜ ਜ਼ਮੀਨ ਹੜੱਪਣ ਦੀ ਕੋਸ਼ਿਸ਼ ਨਾਲ ਜੁੜਿਆ ਹੋਇਆ ਹੈ, ਜਿਸ ਦੇ ਮਾਲਕ ਨੂੰ ਬਾਬੇ ਨੇ 5.52 ਕਰੋੜ ਰੁਪਏ ਦਾ ਕਰਜ਼ਾ ਦਿੱਤਾ ਸੀ। ਪੁਲਸ ਨੇ ਇਸ ਮਾਮਲੇ ਵਿੱਚ ਦੋ ਦਲਾਲਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਬਾਬੇ ਦੀ ਪਤਨੀ ਕਲਪਨਾ ਅਜੇ ਫਰਾਰ ਹੈ। ਪੁਲਸ ਨੇ ਕਲਪਨਾ ਨੂੰ ਵਿਦੇਸ਼ ਭੱਜਣ ਤੋਂ ਰੋਕਣ ਲਈ ਲੁੱਕਆਊਟ ਨੋਟਿਸ ਵੀ ਜਾਰੀ ਕੀਤਾ ਹੈ। ਜਾਂਚ ਵਿੱਚ ਪਤਾ ਲੱਗਿਆ ਹੈ ਕਿ ਬਾਬੇ ਨੇ ਦੋ ਸਹਿਕਾਰੀ ਕ੍ਰੈਡਿਟ ਸੁਸਾਇਟੀਆਂ ਵਿੱਚ ਇਹ ਫਰਜ਼ੀ ਖਾਤੇ ਖੁਲਵਾਏ ਸਨ

# ਤੁਸੀਂ ਵੀ ਰਹੋ ਥੋੜ੍ਹਾ ਸਾਵਧਾਨ ! ਪੰਜਾਬ ’ਚ ਡੇਟਿੰਗ ਐਪਸ ਬਣੇ ਵੱਡਾ ਖ਼ਤਰਾ

**ਕੌਮੀ ਪਤ੍ਰਿਕਾ**

ਸੁਲਤਾਨਪੁਰ ਲੋਧੀ 8 ਅਪ੍ਰੈਲ। ਡਡਵਿੰਡੀ-ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਇਲਾਕੇ ਵਿਚ ਸਾਲ 2025-26 ਦੌਰਾਨ ਸਾਈਬਰ ਠੱਗੀ ਦੇ ਮਾਮਲੇ ਲਗਾਤਾਰ ਵੱਧਦੇ ਜਾ ਰਹੇ ਹਨ, ਜਿਸ ਕਾਰਨ ਲੋਕਾਂ ਵਿਚ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ। ਜਾਣਕਾਰੀ ਅਨੁਸਾਰ ਸਾਈਬਰ ਕ੍ਰਾਈਮ ਬ੍ਰਾਂਚ ਕੋਲ ਆਨਲਾਈਨ ਠੱਗੀ ਦੀਆਂ ਹਰ ਮਹੀਨੇ ਦਰਜਨਾਂ ਸ਼ਿਕਾਇਤਾਂ ਦਰਜ ਹੋ ਰਹੀਆਂ ਹਨ ਅਤੇ ਸਾਲ ਭਰ ਵਿਚ ਇਹ ਗਿਣਤੀ ਸੈਂਕੜਿਆਂ ਵਿਚ ਪਹੁੰਚ ਰਹੀ ਹੈ। ਸਾਈਬਰ ਠੱਗਾਂ ਵੱਲੋਂ ਵਰਤੇ ਜਾ ਰਹੇ ਨਵੇਂ ਨਵੇਂ ਤੌਰ-ਤਰੀਕੇ ਵੀ ਕਾਫ਼ੀ ਚਲਾਕੀ ਭਰੇ ਹਨ। ਠੱਗ ਪਹਿਲਾਂ ਫੇਸਬੁੱਕ, ਇੰਸਟਾਗ੍ਰਾਮ, ਵਟਸਐਪ ਅਤੇ ਡੇਟਿੰਗ ਐਪਸ ਰਾਹੀਂ ਲੋਕਾਂ ਨਾਲ ਦੋਸਤੀ ਬਣਾਉਂਦੇ ਹਨ। ਕੁਝ ਸਮੇਂ ਬਾਅਦ ਇਹ ਦੋਸਤੀ ਨੂੰ ਪਿਆਰ ਵਿਚ ਬਦਲ ਕੇ ਭਰੋਸਾ ਜਿੱਤਦੇ ਹਨ ਅਤੇ ਜਦੋਂ ਲੜਕੀ/ਲੜਕਾ ਇਨ੍ਹਾਂ ਦੇ ਜਾਲ ਵਿਚ ਪੂਰੀ ਤਰ੍ਹਾਂ ਫਸ ਜਾਂਦੇ ਹਨ ਤਾਂ ਫਿਰ ਇਹ ਵੱਖ-ਵੱਖ ਬਹਾਨਿਆਂ ਨਾਲ ਪੈਸਿਆਂ ਦੀ ਮੰਗ ਕਰਦੇ ਹਨ। ਜਿਵੇਂ ਹੀ ਇਨ੍ਹਾਂ ਨੂੰ ਪੈਸੇ ਮਿਲਦੇ ਹਨ, ਠੱਗ ਸੰਪਰਕ ਤੋੜ ਕੇ ਗਾਇਬ ਹੋ ਜਾਂਦੇ ਹਨ। ਜਾਣਕਾਰੀ ਅਨੁਸਾਰ ਡੇਟਿੰਗ ਐਪਸ ਨਾਲ ਸੰਬੰਧਤ ਲਵ ਸਕੈਮ ਦੇ ਕੇਸਾਂ ਵਿਚ ਦਿਨੋ ਦਿਨ ਵਾਧਾ ਵੇਖਿਆ ਗਿਆ ਹੈ, ਜਿਸ ਵਿਚ ਠੱਗ ਆਪਣੇ ਆਪ ਨੂੰ ਵਿਦੇਸ਼ੀ ਨਾਗਰਿਕ ਜਾਂ ਅਮੀਰ ਵਿਅਕਤੀ ਦੱਸ ਕੇ ਨੌਜਵਾਨ ਲੜਕੇ/ ਲੜਕੀਆਂ,ਔਰਤਾਂ ਅਤੇ ਬੱਚਿਆਂ ਨੂੰ ਭਾਵਨਾਤਮਕ ਤੌਰ ’ਤੇ ਫਸਾਉਂਦੇ ਹਨ। ਇਸ ਤਰ੍ਹਾਂ ਦੇ ਕੇਸਾਂ ਵਿਚ ਸਭ ਤੋਂ ਵੱਧ ਸ਼ਿਕਾਰ ਨੌਜਵਾਨ ਲੜਕੇ/ਲੜਕੀਆਂ,ਬੱਚੇ ਅਤੇ ਔਰਤਾਂ ਹੀ ਬਣ ਰਹੀਆਂ ਹਨ। ਇਸ ਤੋਂ ਇਲਾਵਾ ਵਟਸਐਪ ਅਤੇ ਸੋਸ਼ਲ ਮੀਡੀਆ ਰਾਹੀਂ ਵੀ ਨਕਲੀ ਆਈ. ਡੀ. ਬਣਾ ਕੇ ਪੈਸੇ ਮੰਗਣ, ਓ. ਟੀ. ਪੀ. ਹਾਸਲ ਕਰਨ ਅਤੇ ਕਿਊਆਰ ਕੋਡ ਸਕੈਨ ਕਰਵਾ ਕੇ ਖਾਤਿਆਂ ਵਿਚੋਂ ਪੈਸੇ ਕੱਢਣ ਦੇ ਮਾਮਲੇ ਵੀ ਸਾਹਮਣੇ ਆ ਰਹੇ ਹਨ, ਜਿਨ੍ਹਾਂ ਵਿਚ ਬਜ਼ੁਰਗ ਮਾਪੇ, ਛੋਟੇ ਵਪਾਰੀ ਅਤੇ ਆਮ ਲੋਕ ਵੀ ਇਸ ਠੱਗੀ ਦਾ ਨਿਸ਼ਾਨਾ ਬਣ ਰਹੇ ਹਨ। ਏ. ਐੱਸ. ਆਈ. ਹਰਭਜਨ ਸਿੰਘ ਮੁਨਸ਼ੀ ਸਾਈਬਰ ਕ੍ਰਾਈਮ ਵਿਭਾਗ ਕਪੂਰਥਲਾ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਅਣਜਾਣ ਵਿਅਕਤੀਆਂ ਨਾਲ ਆਨਲਾਈਨ ਸੰਪਰਕ ਕਰਨ ਸਮੇਂ ਸਾਵਧਾਨ ਰਹਿਣ ਅਤੇ ਕਿਸੇ ਵੀ ਤਰ੍ਹਾਂ ਦੀ ਨਿੱਜੀ ਜਾਂ ਬੈਂਕ ਸੰਬੰਧੀ ਜਾਣਕਾਰੀ ਸਾਂਝੀ ਨਾ ਕਰਨ। ਕਿਸੇ ਵੀ ਸ਼ੱਕੀ ਮਾਮਲੇ ਵਿਚ ਤੁਰੰਤ ਸਾਈਬਰ ਹੈਲਪਲਾਈਨ 1930 ’ਤੇ ਸੰਪਰਕ ਕਰਨ ਲਈ ਕਿਹਾ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜਾਗਰੂਕਤਾ ਅਤੇ ਸਾਵਧਾਨੀ ਹੀ ਇਸ ਤਰ੍ਹਾਂ ਦੀਆਂ ਠੱਗੀਆਂ ਤੋਂ ਬਚਣ ਦਾ ਸਭ ਤੋਂ ਵੱਡਾ ਹਥਿਆਰ ਹੈ। ਜਾਣਕਾਰੀ ਅਨੁਸਾਰ ਸਾਲ 2025-26 ਦੇ ਵਿਚ ਸੁਲਤਾਨਪੁਰ ਲੋਧੀ ਅਤੇ ਜ਼ਿਲ੍ਹਾ ਕਪੂਰਥਲਾ ਵਿਚ ਹਰ ਮਹੀਨੇ ਦਰਜਨਾਂ ਸਾਈਬਰ ਠੱਗੀ ਦੇ ਕੇਸ ਦਰਜ ਹੋ ਰਹੇ ਹਨ। ਪੂਰੇ ਸਾਲ ਵਿਚ ਇਹ ਗਿਣਤੀ ਸੈਂਕੜਿਆਂ ਵਿਚ ਪਹੁੰਚ ਰਹੀ ਹੈ। ਸੁਲਤਾਨਪੁਰ ਲੋਧੀ ਇਲਾਕਾ ਵੀ ਇਸ ਤੋਂ ਪ੍ਰਭਾਵਿਤ ਹੈ ਕਿਉਂਕਿ ਇਹ ਕਪੂਰਥਲਾ ਜ਼ਿਲ੍ਹੇ ਦੇ ਅਧੀਨ ਹੈ।

# ਪੰਜਾਬ ਦੇ ਸਕੂਲਾਂ ’ਚ ਹੋ ਰਹੀ ਮਾਪਿਆਂ ਦੀ ਲੁੱਟ ! ਹੈਰਾਨ ਕਰੇਗੀ ਇਹ ਰਿਪੋਰਟ

**ਕੌਮੀ ਪਤ੍ਰਿਕਾ**

ਲੁਧਿਆਣਾ 8 ਅਪ੍ਰੈਲ। ਜਿਨ੍ਹਾਂ ਮਾਪਿਆਂ ਨੇ ਪਿਛਲੇ ਸਮੇਂ ਵਿਚ ਕਦੇ ਪੂਰੇ 5 ਤੋਂ 7 ਹਜ਼ਾਰ ਦੇ ਵਿਚਕਾਰ ਆਪਣੀ ਗ੍ਰੈਜੂਏਸ਼ਨ ਦੀ ਪੜ੍ਹਾਈ ਪੂਰੀ ਕੀਤੀ ਹੋਵੇਗੀ, ਉਨ੍ਹਾਂ ਨੇ ਕਦੇ ਇਹ ਨਹੀਂ ਸੋਚਿਆ ਹੋਵੇਗਾ ਕਿ ਜਦੋਂ ਉਹ ਆਪਣੇ ਬੱਚਿਆਂ ਨੂੰ ਸਕੂਲ ਵਿਚ ਪੜ੍ਹਾਉਣਗੇ ਤਾਂ ਉਨ੍ਹਾਂ ਦੀ ਪਹਿਲੀ ਤੋਂ ਤੀਜੀ ਜਮਾਤ ਦਾ ਬੁੱਕ ਸੈੱਟ ਵੀ 4 ਤੋਂ 5 ਹਜ਼ਾਰ ਦਾ ਆਵੇਗਾ। ਜੀ ਹਾਂ, ਪੰਜਾਬ ਸਮੇਤ ਦੇਸ਼ ਭਰ ਦੇ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਦੇ ਮਾਪਿਆਂ ਨਾਲ ਇਹੀ ਹੋ ਰਿਹਾ ਹੈ, ਜਿਨ੍ਹਾਂ ਨੂੰ ਆਪਣੇ ਬੱਚੇ ਨੂੰ ਪ੍ਰਾਈਵੇਟ ਸਕੂਲ ਵਿਚ ਪੜ੍ਹਾਉਣ ਲਈ ਨਾ ਸਿਰਫ਼ ਮੋਟੀ ਫੀਸ ਅਦਾ ਕਰਨੀ ਪੈ ਰਹੀ ਹੈ, ਸਗੋਂ ਐਨੁਅਲ ਚਾਰਜ ਅਤੇ ਮਹਿੰਗੀਆਂ ਕਿਤਾਬਾਂ ਲਈ ਵੀ ਆਪਣੀ ਜੇਬ ਢਿੱਲੀ ਕਰਨੀ ਪੈ ਰਹੀ ਹੈ। ਇਹ ਮਾਮਲਾ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ ’ਤੇ ਕਾਫੀ ਚਰਚਾ ਵਿਚ ਹੈ ਅਤੇ ਮਾਪੇ ਆਪਣੇ ਬੱਚਿਆਂ ਦੇ ਬੁੱਕ ਸੈੱਟ ਖਰੀਦਣ ਤੋਂ ਬਾਅਦ ਉਸ ਦੀਆਂ ਕਿਤਾਬਾਂ ਦਿਖਾ ਕੇ ਸੈੱਟ ਦਾ ਰੇਟ ਦੱਸਦੇ ਹਨ, ਤਾਂ ਕੁਮੈਂਟ ਬਾਕਸ ਵਿਚ ਪ੍ਰਤੀਕਿਰਿਆ ਦੇਣ ਵਾਲਿਆਂ ਦੀ ਲਾਈਨ ਲੱਗ ਜਾਂਦੀ ਹੈ। ਹੁਣ ਜਦੋਂ ਕੋਈ ਰਾਜ ਸਰਕਾਰ ਨਿੱਜੀ ਸਕੂਲਾਂ ਅਤੇ ਪ੍ਰਾਈਵੇਟ ਪਬਲਿਸ਼ਰਾਂ ਦੀ ‘ਸੈਟਿੰਗ’ ਤੋੜਨ ਲਈ ਕੋਈ ਕਦਮ ਨਹੀਂ ਉਠਾ ਰਹੀ, ਤਾਂ ਮਾਪਿਆਂ ਨੂੰ ਦੇਸ਼ ਦੀ ਲੋਕ ਸਭਾ ਅਤੇ ਰਾਜ ਸਭਾ ਦੇ ਸੰਸਦ ਮੈਂਬਰਾਂ ਦੇ ਦਰਵਾਜ਼ਿਆਂ ਦਾ ਰੁਖ਼ ਕਰਨਾ ਪੈ ਰਿਹਾ ਹੈ। ਮਾਪੇ ਸੋਸ਼ਲ ਮੀਡੀਆ ’ਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਇਸ ਮਹਿੰਗੀਆਂ ਕਿਤਾਬਾਂ ਦਾ ਮੁੱਦਾ ਦੋਵਾਂ ਸਦਨਾਂ ਵਿਚ ਚੁੱਕਣ ਦੀ ਗੁਹਾਰ ਲਗਾ ਰਹੇ ਹਨ ਤਾਂ ਜੋ ਕੇਂਦਰ ਸਰਕਾਰ ਕੋਈ ਨੀਤੀ ਬਣਾਏ। ਜਾਣਕਾਰੀ ਮੁਤਾਬਕ ਪ੍ਰਾਈਵੇਟ ਸਕੂਲਾਂ ਵਿਚ ਨਵਾਂ ਸੈਸ਼ਨ ਸ਼ੁਰੂ ਹੁੰਦੇ ਹੀ ਹਰ ਸਾਲ ਕਿਤਾਬਾਂ ਦੀਆਂ ਅਸਮਾਨ ਨੂੰ ਛੂਹਦੀਆਂ ਕੀਮਤਾਂ ਮਾਪਿਆਂ ਦੇ ਹੋਸ਼ ਉਡਾ ਦਿੰਦੀਆਂ ਹਨ। ਕਿਤਾਬਾਂ ਦੇ ਸੈੱਟ ਦਾ ਰੇਟ ਜਾਣ ਕੇ ਮਾਪੇ ਇਕ ਵਾਰ ਤਾਂ ਘਬਰਾ ਜਾਂਦੇ ਹਨ, ਪਰ ਸ਼ਾਇਦ ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੀ ਗੱਲ ਕੋਈ ਨਹੀਂ ਸੁਣਨ ਵਾਲਾ, ਇਸ ਲਈ ਉਨ੍ਹਾਂ ਨੂੰ ਮਜਬੂਰੀ ਵਿਚ ਜੇਬ ਢਿੱਲੀ ਕਰਨੀ ਪੈਂਦੀ ਹੈ। ਸਿੱਖਿਆ ਜੋ ਕਦੇ ਸਸਕਾਰ ਅਤੇ ਗਿਆਨ ਦਾ ਮਾਧਿਅਮ ਸੀ, ਹੁਣ ਪੂਰੀ ਤਰ੍ਹਾਂ ਮੁਨਾਫ਼ੇ ਦੇ ਵਪਾਰ ਵਿਚ ਤਬਦੀਲ ਹੋ ਚੁੱਕੀ ਹੈ। ਕਿਤਾਬਾਂ ਦੇ ਸੈੱਟ ਖਰੀਦਣ ਪਹੁੰਚੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਤਾ-ਪਿਤਾ ਬਿੱਲ ਦੇਖ ਕੇ ਹੈਰਾਨ ਹਨ। ਸਥਿਤੀ ਇਹ ਹੈ ਕਿ ਛੋਟੀਆਂ ਜਮਾਤਾਂ ਦੀਆਂ ਕਿਤਾਬਾਂ ਦੀ ਕੀਮਤ ਵੀ ਹਜ਼ਾਰਾਂ ਵਿਚ ਵਸੂਲੀ ਜਾ ਰਹੀ ਹੈ। ਸਕੂਲ ਪ੍ਰਬੰਧਕਾਂ ਅਤੇ ਪਬਲਿਸ਼ਰਾਂ ਵਿਚਕਾਰ ਚੱਲ ਰਹੇ ਇਸ ’ਕਮਿਸ਼ਨ ਦੇ ਖੇਡ’ ਨੇ ਮੱਧ ਵਰਗੀ ਪਰਿਵਾਰਾਂ ਦਾ ਬਜਟ ਪੂਰੀ ਤਰ੍ਹਾਂ ਵਿਗਾੜ ਦਿੱਤਾ ਹੈ। ਕਿਤਾਬਾਂ ਦੀ ਇਸ ਲੁੱਟ ਨੇ ਨਾ ਸਿਰਫ਼ ਆਰਥਿਕ ਬੋਝ ਵਧਾਇਆ ਹੈ, ਸਗੋਂ ਸਮਾਜ ਦੇ ਇਕ ਵੱਡੇ ਵਰਗ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਕੀ ਭਵਿੱਖ ਵਿਚ ਇਕ ਸਧਾਰਨ ਪਰਿਵਾਰ ਦਾ ਬੱਚਾ ਚੰਗੀ ਸਿੱਖਿਆ ਪ੍ਰਾਪਤ ਕਰ ਸਕੇਗਾ। ਇਸ ਮੁਨਾਫ਼ਾਖੋਰੀ ਦੇ ਖ਼?ਲਾਫ਼ ਹੁਣ ਮਾਪਿਆਂ ਦਾ ਗੁੱਸਾ ਸੋਸ਼ਲ ਮੀਡੀਆ ਤੋਂ ਲੈ ਕੇ ਸੜਕਾਂ ਤੱਕ ਫੁੱਟਣ ਲੱਗਾ ਹੈ। ਹਾਲ ਹੀ ਵਿਚ ਸੋਸ਼ਲ ਮੀਡੀਆ ’ਤੇ ਇਕ ਮਹਿਲਾ ਨੇ ਵੀਡੀਓ ਪੋਸਟ ਕਰਕੇ ਆਪਣਾ ਦਰਦ ਬਿਆਨ ਕੀਤਾ ਹੈ, ਜੋ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਮਹਿਲਾ ਨੇ ਵੀਡੀਓ ਵਿਚ ਆਪਣੀ ਬੇਟੀ ਦੀ ਚੌਥੀ ਜਮਾਤ ਦੀਆਂ ਕਿਤਾਬਾਂ ਅਤੇ ਕਾਪੀਆਂ ਦਿਖਾਉਂਦੇ ਹੋਏ ਦੱਸਿਆ ਕਿ ਸਿਰਫ਼ 4-5 ਕਿਤਾਬਾਂ (ਹਿੰਦੀ, ਮੈਥ, ਐਟਲਸ, ਇੰਗਲਿਸ਼ ਅਤੇ ਕੰਪਿਊਟਰ) ਅਤੇ 8 ਕਾਪੀਆਂ ਦੇ ਸੈੱਟ ਲਈ ਉਨ੍ਹਾਂ ਨੂੰ 3,298 ਰੁਪਏ ਚੁਕਾਉਣੇ ਪਏ। ਮਹਿਲਾ ਨੇ ਹੈਰਾਨੀ ਜਤਾਉਂਦੇ ਹੋਏ ਕਿਹਾ ਕਿ ਜਦੋਂ ਉਹ ਬੀ.ਐੱਸ.ਸੀ. ਕਰ ਰਹੀ ਸੀ, ਉਦੋਂ ਯੂਨੀਵਰਸਿਟੀ ਦੀ ਪੂਰੇ ਸਾਲ ਦੀ ਫੀਸ ਕੇਵਲ 2,700 ਰੁਪਏ ਸੀ। ਅੱਜ ਚੌਥੀ ਜਮਾਤ ਦੀਆਂ ਕਿਤਾਬਾਂ ਦਾ ਖਰਚਾ ਇਕ ਸਮੇਂ ਦੀ ਕਾਲਜ ਫੀਸ ਨਾਲੋਂ ਵੀ ਜ਼ਿਆਦਾ ਹੋ ਗਿਆ ਹੈ। ਮਹਿਲਾ ਦੀ ਇਸ ਵੀਡੀਓ ਨੇ ਇੰਟਰਨੈੱਟ ’ਤੇ ਬਹਿਸ



ਛੇੜ ਦਿੱਤੀ ਹੈ, ਜਿੱਥੇ ਲੋਕ ਇਸ ਨੂੰ ’ਸਿੱਖਿਆ ਦੇ ਨਾਂ ’ਤੇ ਸਭ ਤੋਂ ਵੱਡਾ ਸਕੈਮ’ ਕਰਾਰ ਦੇ ਰਹੇ ਹਨ। ਕਿਤਾਬਾਂ ਦੇ ਇਸ ਮਹਿੰਗੇ ਹੋਣ ਦੇ ਪਿੱਛੇ ਦਾ ਅਸਲੀ ਖੇਡ ਪ੍ਰਾਈਵੇਟ ਪਬਲਿਸ਼ਰਾਂ ਅਤੇ ਸਕੂਲਾਂ ਦੀ ਮਿਲੀਭੁਗਤ ਹੈ। ਹਾਲਾਂਕਿ ਸੀ.ਬੀ.ਐਸ.ਈ. ਨੇ ਸਪੱਸ਼ਟ ਨਿਰਦੇਸ਼ ਦਿੱਤੇ ਹੋਏ ਹਨ ਕਿ ਸਕੂਲਾਂ ਵਿੱਚ ਸਿਰਫ਼ ਐਨ.ਸੀ.ਈ.ਆਰ.ਟੀ. ਦੀਆਂ ਕਿਤਾਬਾਂ ਹੀ ਲਗਾਉਣੀਆਂ ਚਾਹੀਦੀਆਂ ਹਨ, ਜਿਨ੍ਹਾਂ ਦੀ ਕੀਮਤ ਕਾਫ਼ੀ ਘੱਟ ਹੁੰਦੀ ਹੈ। ਇਸ ਦੇ ਬਾਵਜੂਦ ਪ੍ਰਾਈਵੇਟ ਸਕੂਲ ਪ੍ਰਬੰਧਕ ਮੋਟੇ ਕਮਿਸ਼ਨ ਦੇ ਲਾਲਚ ਵਿੱਚ ਪ੍ਰਾਈਵੇਟ ਪਬਲਿਸ਼ਰਾਂ ਦੀਆਂ ਕਿਤਾਬਾਂ ਜ਼ਬਰਦਸਤੀ ਲਗਵਾ ਰਹੇ ਹਨ। ਇਹ ਮੁਨਾਫ਼ਾਖੋਰੀ ਦਾ ਖੇਡ ਇੰਨਾ ਵਿਉਂਤਬੱਧ ਹੈ ਕਿ ਹਰ ਸਾਲ ਕਿਤਾਬਾਂ ਦੇ ਐਡੀਸ਼ਨ ਬਦਲ ਦਿੱਤੇ ਜਾਂਦੇ ਹਨ, ਤਾਂ ਜੋ ਪੁਰਾਣੇ ਬੱਚਿਆਂ ਦੀਆਂ ਕਿਤਾਬਾਂ ਨਵੇਂ ਬੱਚਿਆਂ ਦੇ ਕੰਮ ਨਾ ਆ ਸਕਣ। ਪਬਲਿਸ਼ਰ ਸਕੂਲਾਂ ਨੂੰ 40 ਤੋਂ 50 ਫੀਸਦੀ ਤੱਕ ਕਮਿਸ਼ਨ ਦਾ ਆਫਰ ਦਿੰਦੇ ਹਨ, ਜਿਸ ਦਾ ਸਿੱਧਾ ਬੋਝ ਅੰਤ ਵਿੱਚ ਮਾਪਿਆਂ ਦੀ ਜੇਬ ’ਤੇ ਪੈਂਦਾ ਹੈ। ਹਾਲਾਤ ਤਾਂ ਇਹ ਹਨ ਕਿ ਵੱਖ-ਵੱਖ ਸਕੂਲਾਂ ਦਾ ਬੁੱਕ ਸੈੱਟ ਵੱਖ-ਵੱਖ ਰੇਟਾਂ ਵਿੱਚ ਮਿਲ ਰਿਹਾ ਹੈ। ਲੁਧਿਆਣਾ ਦੀ ਗੱਲ ਕਰੀਏ ਤਾਂ ਇੱਥੇ ਪ੍ਰਮੁੱਖ ਸਕੂਲਾਂ ਦੇ ਬੁੱਕ ਸੈੱਟ ਤਾਂ ਫਿਰ ਵੀ ਮਾਪਿਆਂ ਦੀ ਪਹੁੰਚ ਵਿੱਚ ਹਨ, ਜਦੋਂ ਕਿ ਜਿਨ੍ਹਾਂ ਸਕੂਲਾਂ ਨੇ ਆਪਣੇ ਬੁੱਕ ਵੈਂਡਰ ਬਦਲੇ ਹਨ, ਉਨ੍ਹਾਂ ਦੇ ਮਾਪਿਆਂ ਨੂੰ ਦੂਜੀ ਤੋਂ ਅੱਠਵੀਂ ਜਮਾਤ ਤੱਕ ਦਾ ਬੁੱਕ ਸੈੱਟ 5 ਤੋਂ 8 ਹਜ਼ਾਰ ਤੱਕ ਮਿਲ ਰਿਹਾ ਹੈ। ਮਾਪਿਆਂ ਦਾ ਕਹਿਣਾ ਹੈ ਕਿ ਸਰਕਾਰਾਂ ਦਾ ਇਸ ਪਾਸੇ ਕੋਈ ਧਿਆਨ ਨਹੀਂ ਹੈ ਅਤੇ ਸਕੂਲ ਬੇਖੌਫ਼ ਹੋ ਕੇ ਮਾਪਿਆਂ ਨੂੰ ਲੁੱਟ ਰਹੇ ਹਨ। ਪੋਸਟ ਦੇ ਹੇਠਾਂ ਕੁਮੈਂਟਸ ਦੀ ਹੜ੍ਹ ਆ ਗਈ ਹੈ, ਜਿੱਥੇ ਡਾ. ਸੰਜੀਵਨੀ ਸ਼ਰਮਾ ਨੇ ਲਿਖਿਆ ਕਿ ਉਨ੍ਹਾਂ ਨੇ ਚੌਥੀ ਜਮਾਤ ਲਈ 7,000 ਰੁਪਏ ਦਿੱਤੇ, ਉੱਥੇ ਹੀ ਬਿੰਦੀਆ ਸ਼ਰਮਾ ਨੇ ਅੱਠਵੀਂ ਜਮਾਤ ਲਈ 5,400 ਰੁਪਏ ਚੁਕਾਉਣ ਦੀ ਗੱਲ ਕਹੀ। ਇੱਕ ਸੋਸ਼ਲ ਮੀਡੀਆ ਯੂਜ਼ਰ ਨੇ ਰਾਘਵ ਚੱਢਾ ਨੂੰ ਆਵਾਜ਼ ਉਠਾਉਣ ਦੀ ਅਪੀਲ ਕੀਤੀ, ਜਦੋਂ ਕਿ ਇੱਕ ਹੋਰ ਯੂਜ਼ਰ ਨੇ ਸਵਾਲ ਕੀਤਾ ਕਿ 5ਵੀਂ ਜਮਾਤ ਦੀਆਂ 12 ਕਿਤਾਬਾਂ ਲਈ 7,999 ਰੁਪਏ ਲੈਣਾ ਕਿੰਨਾ ਜਾਇਜ਼ ਹੈ। ਸੌਰਭ ਨਾਮ ਦੇ ਯੂਜ਼ਰ ਨੇ ਦੱਸਿਆ ਕਿ ਉਨ੍ਹਾਂ ਦੇ ਬੇਟੇ ਦੀ ਪਹਿਲੀ ਜਮਾਤ ਦਾ ਸੈੱਟ 11,000 ਰੁਪਏ ਦਾ ਆਇਆ ਹੈ। ਇਕ ਹੋਰ ਯੂਜ਼ਰ ਨੇ ਕਿਹਾ ਕਿ ਉੱਥੇ ਦੂਜੀ ਜਮਾਤ ਦੀਆਂ ਕਿਤਾਬਾਂ ਲਈ 6,500 ਰੁਪਏ ਲਏ ਜਾ ਰਹੇ ਹਨ। ਰੁਬੀਨਾ ਨੰਦਾ ਨੇ ਦੋਸ਼ ਲਾਇਆ ਕਿ ਸਰਕਾਰੀ ਸਕੂਲਾਂ ਨੂੰ ਜਾਣਬੁੱਝ ਕੇ ਖ਼ਰਾਬ ਕੀਤਾ ਗਿਆ ਹੈ ਤਾਂ ਜੋ ਪ੍ਰਾਈਵੇਟ ਅਦਾਰੇ ਵਧ-ਫੁੱਲ ਸਕਣ। ਪ੍ਰਾਈਵੇਟ ਸਕੂਲਾਂ ਵੱਲੋਂ ਹਰ ਸਾਲ ਜਾਣਬੁੱਝ ਕੇ ਕਿਤਾਬਾਂ ਬਦਲ ਦੇਣ ਦੀ ਨੀਤੀ ਨੇ ਮਾਪਿਆਂ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ। ਵਿਸ਼ੇਸ਼ ਤੌਰ ’ਤੇ ਉਨ੍ਹਾਂ ਪਰਿਵਾਰਾਂ ਲਈ ਇਹ ਸਥਿਤੀ ਬੇਹੱਦ ਕਸ਼ਟਦਾਇਕ ਹੋ ਗਈ ਹੈ ਜਿਨ੍ਹਾਂ ਦੇ ਘਰ ਵਿਚ ਦੋ ਜਾਂ ਉਸ ਤੋਂ ਵੱਧ ਬੱਚੇ ਪੜ੍ਹ ਰਹੇ ਹਨ। ਪਹਿਲਾਂ ਦੇ ਸਮੇਂ ਵਿਚ ਵੱਡੇ ਭੈਣ-ਭਰਾ ਦੀਆਂ ਕਿਤਾਬਾਂ ਛੋਟੇ ਬੱਚਿਆਂ ਦੇ ਕੰਮ ਆ ਜਾਂਦੀਆਂ ਸਨ, ਜਿਸ ਨਾਲ ਮੱਧ ਵਰਗੀ ਪਰਿਵਾਰਾਂ ਨੂੰ ਵੱਡੀ ਰਾਹਤ ਮਿਲਦੀ ਸੀ। ਪਰ ਹੁਣ ਸਕੂਲ ਪ੍ਰਬੰਧਕਾਂ ਅਤੇ ਪਬਲਿਸ਼ਰਾਂ ਦੀ ਮਿਲੀਭੁਗਤ ਕਾਰਨ ਹਰ ਸਾਲ ਕਿਤਾਬਾਂ ਦੇ ’ਐਡੀਸ਼ਨ’ ਜਾਂ ਕਵਰ ਬਦਲ ਦਿੱਤੇ ਜਾਂਦੇ ਹਨ। ਇਸ ਕਾਰਨ ਪੁਰਾਣੀਆਂ ਕਿਤਾਬਾਂ ਰੱਦੀ ਦੇ ਭਾਅ ਵਿਕ ਜਾਂਦੀਆਂ ਹਨ ਅਤੇ ਮਾਪਿਆਂ ਨੂੰ ਹਰ ਸਾਲ ਹਜ਼ਾਰਾਂ ਰੁਪਏ ਖਰਚ ਕਰਕੇ ਨਵਾਂ ਸੈੱਟ ਖਰੀਦਣ ਲਈ ਮਜਬੂਰ ਹੋਣਾ ਪੈਂਦਾ ਹੈ। ਮਾਪਿਆਂ ਦਾ ਕਹਿਣਾ ਹੈ ਕਿ ਸਿਲੇਬਸ ਵਿੱਚ ਕੋਈ ਵੱਡਾ ਬਦਲਾਅ ਨਾ ਹੋਣ ਦੇ ਬਾਵਜੂਦ ਸਿਰਫ਼ ਚੈਪਟਰਾਂ ਦੀ ਤਰਤੀਬ ਜਾਂ ਕੁਝ ਪੰਨੇ ਬਦਲ ਕੇ ਨਵੀਆਂ ਕਿਤਾਬਾਂ ਬਾਜ਼ਾਰ ਵਿੱਚ ਉਤਾਰ ਦਿੱਤੀਆਂ ਜਾਂਦੀਆਂ ਹਨ। ਕਿਤਾਬਾਂ ਦੇ ਨਾਲ-ਨਾਲ ਕਾਪੀਆਂ, ਸਟੇਸ਼ਨਰੀ ਅਤੇ ਹੋਰ ਖਰਚਿਆਂ ਨੂੰ ਮਿਲਾ ਕੇ ਇੱਕ ਮੱਧ ਵਰਗੀ ਪਰਿਵਾਰ ਦੀ ਪੂਰੀ ਮਹੀਨੇ ਦੀ ਕਮਾਈ ਸਿਰਫ਼ ਬੱਚਿਆਂ ਦੇ ਸਕੂਲ ਦੇ ਸਾਮਾਨ ਵਿਚ ਹੀ ਨਿਕਲ ਜਾਂਦੀ ਹੈ। ਲੋਕ ਮੰਗ ਕਰ ਰਹੇ ਹਨ ਕਿ ਘੱਟੋ-ਘੱਟ ਤਿੰਨ ਤੋਂ ਪੰਜ ਸਾਲ ਤੱਕ ਇਕ ਹੀ ਸਿਲੇਬਸ ਲਾਗੂ ਰੱਖਣ ਦਾ ਨਿਯਮ ਬਣਾਇਆ ਜਾਵੇ।